# ਹਜ਼ਰਤ ਬਹਾਉੱਲ੍ਹਾ ਦੋਂ
# ਲੇਖਾਂ ਵਿਚੋ

*Punjabi Translation of* :

# A Compilation of Passages from The Writings of Baha'u'llah

*Compiled by* :

The Universal House of Justice
Haifa (Isreal)

*Translated by* :

KARTAR SINGH

BAHA'I STATE PUBLISHING COMMITTEE
OF PUNJAB
H. No. 1026, Sector 8-C, Chandigarh

First Edition
March 1983

National Spiritual Assembly
of the Baha'is of India
Baha'i House, 6-Canning Road,
NEW DELHI-110 001

*Printed at* Rexona Printers S.C.O. 83-84, Sector 16-D, Chandigarh
Phones : 21359, 26548

# (ਭਗਵਾਨ ਬਹਾਉੱਲ੍ਹਾ ਦੀਆਂ ਰਚਨਾਵਾਂ ਚੋਂ ਚੁਣੇ ਹੋਏ ਅੰਸ਼)

*****

1. ਪ੍ਰਭੂ ਦਾ ਗਿਆਨ ਸਾਰੀਆਂ ਚੀਜ਼ਾਂ ਦਾ ਆਦਿ ਹੈ, ਤੇ ਸਾਰੀਆਂ ਚੀਜ਼ਾਂ ਦਾ ਅੰਤ ਵੀ ਹੈ। ਪੂਰੀ ਤਰ੍ਹਾਂ ਮੰਨਣਾ ਜੋ ਕੁਝ ਵੀ ਰੱਬੀ ਰਜ਼ਾ ਦੇ ਸਿਖਰ ਤੋਂ ਆਇਆ ਹੈ, ਉਹ ਰੱਬੀ ਰਜ਼ਾ ਜੋ ਆਕਾਸ਼ ਤੇ ਧਰਤੀ ਦੀਆਂ ਸਭ ਵਸਤੂਆਂ ਵਿਚ ਪ੍ਰਵੇਸ਼ ਕਰ ਰਹੀ ਹੈ।

2. ਅਗੱਮ ਗਿਆਨ ਜੋ ਕਿ ਪ੍ਰਾਚੀਨ ਸਮੇਂ ਤੋਂ ਜੈਕਾਰੇ ਦੀ ਗੂੰਜ ਨਾਲ ਮੰਨਿਆ ਗਿਆ ਹੈ, ਕਿ ਇਹ ਅਵਤਾਰਾਂ ਦਾ ਮਨੋਰਥ ਤੇ ਇਕਰਾਰ ਹੈ ਤੇ ਉਸਦੇ ਦੂਤਾਂ ਦੀ ਅਤਿ ਪਿਆਰੀ ਮਨੋਕਾਮਨਾ ਹੈ। ਹੁਣ ਇਹ ਓਸ ਪ੍ਰਭੂ ਦੀ ਵਿਆਪਕ ਇੱਛਾ ਅਨੁਸਾਰ, ਇਨਸਾਨ ਅੱਗੇ ਪ੍ਰਗਟ ਕੀਤਾ ਗਿਆ ਹੈ। ਇਸ ਇਲਹਾਮ ਦੇ ਆਉਣ ਦਾ ਢੰਡੋਰਾ ਸਭ ਧਾਰਮਕ ਬਾਣੀਆਂ ਵਿਚ ਫੇਰਿਆ ਗਿਆ ਹੈ। ਪਰ ਦੇਖੋ ਕਿ ਬਾਵਜੂਦ ਇਸ ਐਲਾਨ ਦੇ ਮਨੁੱਖ ਜਾਤੀ ਕਿਵੇਂ ਰਸਤੇ ਤੋਂ ਭਟਕ ਗਈ ਹੈ। ਤੇ ਆਪਣੇ ਆਪ ਨੂੰ ਇਸਦੇ ਤੇਜ ਪ੍ਰਤਾਪ ਤੋਂ ਵਾਂਝੇ ਰੱਖ ਰਹੀ ਹੈ।

ਐ ਉਸ ਸੱਚੇ ਪ੍ਰਭੂ ਦੇ ਪ੍ਰੇਮੀਓ, ਕੋਸ਼ਿਸ਼ ਕਰੋ ਕਿ ਤੁਸੀਂ ਉਸ ਪ੍ਰਮਾਤਮਾ ਨੂੰ ਪਛਾਣ ਸਕੋ ਤੇ ਜਾਣ ਸਕੋ ਤੇ ਉਸਦੇ ਹੁਕਮ ਦੀ ਅੱਛੀ ਤਰ੍ਹਾਂ ਪਾਲਨਾ ਕਰ ਸਕੋ। ਏਹ ਅਗੱਮ-ਗਿਆਨ ਓਹ ਹੈ ਕਿ ਜੇ ਮਨੁੱਖ ਏਹਦੇ ਲਈ ਇਕ ਬੂੰਦ ਲਹੂ ਡੋਹਲੇ ਤਾਂ ਅਣਗਿਣਤ ਸਾਗਰ ਉਸਦਾ ਸਿਲਾ ਹੋਵੇਗਾ।

ਖਬਰਦਾਰ! ਹੇ ਮਿਤਰੋ, ਤਾਂ ਜੋ, ਤੁਸੀਂ ਅਜਿਹੇ ਮਹਾਨ ਲਾਭ ਨੂੰ ਗਵਾ ਨਾ ਬੈਠੋ ਜਾਂ ਇਸਦੇ ਅਪਰੰਪਾਰ ਅਸਥਾਨ ਵੱਲੋਂ ਲਾਪਰਵਾਹੀ ਕਰੋ। ਖਿਆਲ ਕਰੋ ਕਿ ਕਿਤਨੀਆਂ ਬੇਸ਼ਮਾਰ ਜਾਨਾਂ ਕੁਰਬਾਨ ਕੀਤੀਆਂ ਗਈਆਂ ਹਨ ਤੇ ਕੁਰਬਾਨ ਕੀਤੀਆਂ ਜਾ ਰਹੀਆਂ ਹਨ। ਇਸ ਦੁਨੀਆਂ ਵਿਚ ਇਕ ਛਾਇਆ ਦੇ ਧੋਖੇ ਹੇਠ ਜੋ ਜਨਤਾ ਦੀ ਬਿਰਥਾ

ਕਲਪਨਾ ਨੇ ਪੈਦਾ ਕੀਤੀ ਹੈ। ਪ੍ਰਮਾਤਮਾ ਦਾ ਸ਼ੁਕਰ ਕਰੋ ਕਿਉਂ ਜੋ ਤੁਹਾਡੇ ਮਨ ਦੀ ਇਛਾ ਪੂਰੀ ਹੋ ਗਈ ਹੈ। ਤੇ ਤੁਸੀਂ ਓਸ ਭਗਵਾਨ ਨਾਲ ਜੁੜ ਗਏ ਹੋ ਜੋ ਸਾਰੀਆਂ ਕੌਮਾਂ ਦੀ ਆਸ ਹੈ। ਉਸ ਸੱਚੇ ਸਿਰਜਨਹਾਰ ਦੀ ਮਦਦ ਨਾਲ—ਉਚਾ ਹੈ ਜਿਸਦਾ ਤੇਜ ਪ੍ਰਤਾਪ ! ਰੱਖਿਆ ਕਰੋ ਉਸ ਅਸਥਾਨ ਦੀ, ਜਿਸ ਨੂੰ ਤੁਸੀਂ ਅਪੜੇ ਹੋਏ ਹੋ ਅਤੇ ਚੰਬੜੇ ਰਹੋ, ਉਸ ਗੱਲ ਨਾਲ ਜੋ ਉਸਦੇ ਪੱਖ ਨੂੰ ਵਾਧਾ ਦੇਵੇ। ਸਚ ਮੁਚ ਹੀ ਉਹ ਤੁਹਾਨੂੰ ਆਗਿਆ ਦੇਂਦਾ ਹੈ ਕਿ ਕਿਹੜੀ ਗੱਲ ਠੀਕ ਹੈ ਤੇ ਮਨੁੱਖੀ ਪੱਧਰ ਨੂੰ ਉੱਚਾ ਕਰਦੀ ਹੈ। ਉਸ ਸਰਵ-ਦਿਆਲੂ ਦੇ ਨਾਮ ਦੀ ਮਹਿੰਮਾ ਹੋਵੇ ਜਿਸਨੇ ਇਹ ਅਨੋਖੀ ਪੱਟੀ ਦਿਖਾਈ।

3. ਏਹੀ ਦਿਨ ਹੈ ਜਦੋਂ ਪ੍ਰਮਾਤਮਾ ਦੇ ਅਤਿ ਚੰਗੇ ਉਪਕਾਰ ਖਲਕਤ ਤੇ ਵਰ੍ਹੇ ਹਨ, ਏਹ ਹੀ ਦਿਨ ਹੈ ਜਦੋਂ ਉਸਦੀ ਡਾਢੀ ਮਿਹਰ ਸਾਰੀਆਂ ਉਤ-ਪੰਨ ਚੀਜਾਂ ਵਿਚ ਭਰ ਦਿਤੀ ਗਈ ਹੈ। ਸਾਰੀ ਦੁਨੀਆਂ ਦੀਆਂ ਕੌਮਾਂ ਨੂੰ ਲਾਜ਼ਮੀ ਹੈ ਕਿ ਉਹ ਆਪਣੇ ਮਤਭੇਦ ਮਿਟਾ ਦੇਣ ਅਤੇ ਪੂਰਨ ਏਕਤਾ ਤੇ ਸ਼ਾਂਤੀ ਨਾਲ ਉਸਦੀ ਸੰਭਾਲ ਤੇ ਪਿਆਰ-ਭਰੀ ਕਿਰਪਾ ਦਾ ਛੱਤਰ ਛਾਇਆ ਹੇਠ ਰਹਿਣ। ਉਨ੍ਹਾਂ ਵਾਸਤੇ ਇਹ ਉਚਿਤ ਹੋਵੇਗਾ ਕਿ ਉਹ ਉਸ ਚੀਜ਼ ਨੂੰ ਜੋ, ਅੱਜ ਉਨ੍ਹਾਂ ਦਾ ਅਸਥਾਨ ਉੱਚਾ ਕਰੇ, ਅਪਣਾਈ ਰੱਖਣ। ਤਾਂ ਜੋ ਉਨ੍ਹਾਂ ਦੇ ਮਨੋਰਥ ਪੂਰੇ ਹੋਣ। ਉਹ ਸੁਭਾਗੀ ਹਨ ਜਿਨ੍ਹਾਂ ਦਾ ਨਾਂ ਉਸ ਸ਼ਾਨਦਾਰ ਕਲਮ ਨੇ ਚੇਤੇ ਰੱਖਿਆ ਤੇ ਧੰਨ ਹਨ ਉਹ, ਜਿਨ੍ਹਾਂ ਦੇ ਨਾਂ ਸਾਡੇ ਅਗਾਧ ਹੁਕਮ ਰਾਹੀਂ ਅਸੀਂ ਅਲੋਪ ਰਖੇ। ਤੁਸੀਂ ਉਸ ਵਾਹਦ ਰੱਬ ਨੂੰ ਬੇਨਤੀ ਕਰੋ ਤਾਂ ਜੋ ਉਹ ਸਾਰੀ ਲੋਕਾਈ ਨੂੰ ਆਪਣੀ ਬਖਸ਼ਿਸ਼ ਰਾਹੀਂ ਉਸ ਚੀਜ਼ ਨੂੰ ਪੂਰਾ ਕਰਨ ਵਿਚ ਮਦਦ ਕਰ ਜੋ ਚੀਜ਼ ਕਿ ਸਾਡੀ ਨਜ਼ਰ ਵਿਚ ਮੰਨਣਯੋਗ ਹੈ। ਸ਼ੀਘਰ ਹੀ ਅੱਜਕਲ ਦੀ ਸੰਪ੍ਰਦਾਇ ਸਮੇਟੀ ਜਾਵੇਗੀ ਤੇ ਇਸ ਦੀ ਥਾਂ ਤੇ ਨਵੀਂ ਸੰਪ੍ਰਦਾਇ ਫ਼ੈਲ ਜਾਇਗੀ। ਨਿਸਚੇ ਹੀ ਮਾਲਕ ਸੱਚ ਬੋਲਦਾ ਹੈ ਤੇ ਅਣਦੇਖੀਆਂ ਚੀਜ਼ਾਂ ਦਾ ਜਾਣੂ ਹੈ।

4. ਅੱਜ ਹੀ ਉਹ ਦਿਨ ਹੈ ਜਦ ਪ੍ਰਮਾਤਮਾਂ ਦੀ ਰਹਿਮਤ ਦਾ ਸਮੁੰਦਰ



ਲੋਕਾਂ ਨੂੰ ਉਜਾਗਰ ਹੋ ਗਿਆ ਹੈ, ਉਹੀ ਦਿਨ ਹੈ ਜਦ ਉਸਦੀ ਪਿਆਰ ਭਰੀ ਮਿਹਰ ਦਾ ਭੋਰ ਦਾ ਤਾਰਾ ਆਪਣੀਆਂ ਕਿਰਨਾਂ ਉਨ੍ਹਾਂ ਤੇ ਪਾ ਰਿਹਾ ਹੈ, ਉਹੀ ਦਿਨ ਹੈ ਜਦ ਉਸਦੀ ਅਪਾਰ ਕਿਰਪਾ ਦੇ ਬਦਲੇ ਸਾਰੀ ਲੁਕਾਈ ਤੇ ਛਾਂ ਪਾ ਰਹੇ ਹਨ। ਹੁਣ ਵੇਲਾ ਹੈ ਕਿ ਲਤਾੜੇ ਹੋਏ ਬੰਦਿਆਂ ਨੂੰ ਹੱਲਾ ਸ਼ੇਰੀ ਦੇ ਕੇ ਪਿਆਰ ਤੇ ਭਰੱਪਣ ਦੀ ਤਾਕਤ ਬਖਸ਼ ਹਵਾ ਰਾਂਹੀ ਤੇ ਮਿਤ੍ਰਤਾ ਤੇ ਦਯਾ ਦੇ ਪਾਣੀਆਂ ਨਾਲ ਤਕੜਾ ਕੀਤਾ ਜਾਵੇ।

ਜਿਹੜੇ ਪ੍ਰਮਾਤਮਾ ਦੇ ਪਿਆਰੇ ਹਨ ਉਹ ਭਾਵੇਂ ਕਿਸੇ ਜਗ੍ਹਾ ਇਕੱਤਰ ਹੋਣ ਤੇ ਭਾਵੇਂ ਕਿਸੇ ਨੂੰ ਭੀ ਮਿਲਣ, ਆਪਣੇ ਵਤੀਰੇ ਨਾਲ ਤੇ ਉਸ ਢੰਗ ਨਾਲ ਜਿਸ ਨਾਲ ਉਹ ਪ੍ਰਮਾਤਮਾ ਦੀ ਉਪਮਾ ਤੇ ਵਡਿ-ਆਈ ਮਨਾਉਂਦੇ ਹਨ, ਅਜਿਹੀ ਨਿਮ੍ਰਤਾ ਤੇ ਅਧੀਨਗੀ ਦਿਖਾਣ ਕਿ ਉਨ੍ਹਾਂ ਦੇ ਪੈਰਾਂ ਹੇਠਲੀ ਮਿੱਟੀ ਦਾ ਇਕ ਇਕ ਜ਼ੱਰਾ ਉਨ੍ਹਾਂ ਦੀ ਡੂੰਘੀ ਸ਼ਰਧਾ ਦੀ ਹਾਮੀ ਭਰੇ। ਇਨ੍ਹਾਂ ਪਵਿੱਤਰ ਆਤਮਾਵਾਂ ਦੀ ਗੱਲਬਾਤ ਐਸੀਂ ਗਿਆਨ ਸ਼ਕਤੀ ਨਾਲ ਭਰਭੂਰ ਹੋਵੇ ਕਿ ਉਹ ਮਿੱਟੀ ਦੇ ਜ਼ਰੇ ਉਸਦੇ ਅਸਰ ਹੇਠ ਖੁਸ਼ੀ ਨਾਲ ਕੰਬ ਉੱਠਣ। ਉਨ੍ਹਾ ਦਾ ਵਤੀਰਾ ਅਜੇਹਾ ਹੋਣਾ ਚਾਹੀਦਾ ਹੈ ਕਿ ਜਿਸ ਧਰਤੀ ਤੇ ਉਹ ਪੈਰ ਧਰਨ ਉਹ ਧਰਤੀ ਕਦੇ ਭੀ ਉਨ੍ਹਾਂ ਨੂੰ ਇੰਜ ਸੰਬੋਧਨ ਨਾ ਕਰੇ :—

"ਮੈਂ ਤੁਹਾਡੇ ਕੋਲੋਂ ਚੰਗੇਰੀ ਹਾਂ, ਗਵਾਹੀ ਵੱਜੋਂ ਦੇਖੋ ਕਿ ਮੈਂ ਕਿਸ ਸਬਰ ਨਾਲ ਓਹ ਭਾਰ ਚੱਕਿਆ ਹੋਇਆ ਹੈ ਜੋ ਕਿ ਕਿਰਸਾਨ ਨੇ ਮੇਰੇ ਤੇ ਪਾਇਆ ਹੋਇਆ ਹੈ। ਮੈਂ ਹੀ ਉਹ ਮਾਧਮ ਹਾਂ ਜੋ ਲਗਾਤਾਰ ਸਭਨਾਂ ਨੂੰ ਉਸ ਪ੍ਰਮਾਤਮਾ ਦੀਆਂ ਦਾਤਾ ਬਖਸ਼ਦੀ ਹਾਂ। ਜੋ ਉਸ ਮਿਹਰ ਦੇ ਸੋਮੇ ਨੇ ਮੈਨੂੰ ਸੌਂਪੀਆਂ ਹਨ। ਬਾਵਜੂਦ ਇਸ ਮਾਣ ਦੇ ਜੋ ਮੈਨੂੰ ਦਿੱਤਾ ਗਿਆ ਹੈ ਤੇ ਮੇਰੇ ਬੇਅੰਤ ਧਨ ਪਦਾਰਥ ਦੇ ਜਿਸ ਦੀ ਕੋਈ ਗਿਣਤੀ ਨਹੀਂ ਕਿਉਂ ਜੋ ਇਹ ਧਨ ਪਦਾਰਥ ਸਾਰੇ ਜੀਵਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ, ਮੇਰੀ ਨਿਰਮਾਣਤਾ ਵੱਲ ਤੱਕੋ ਤੇ ਵੇਖੋ ਕਿ ਕਿਸ ਅਧੀਨਗੀ ਨਾਲ ਮੈਂ ਲੋਕਾਂ ਦੀ ਲਿਤਾੜ ਸਹਿੰਦੀ ਹਾਂ।"

ਇੱਕ ਦੂਜੇ ਨਾਲ ਸਹਿਨਸ਼ੀਲਤਾ, ਦਿਆਲਤਾ ਤੇ ਪ੍ਰੇਮ ਵਰਤੋ। ਜੇ ਤੁਹਾਡੇ ਚੋਂ ਕੋਈ ਸਚਾਈ ਨੂੰ ਸਮਝਣ ਦੀ ਸਮੱਰਥਾ ਨਾ ਰੱਖਦਾ ਹੋਵੇ ਜਾਂ ਸਮਝਣ ਦੀ ਕੋਸ਼ਿਸ਼ ਨਾ ਕਰਦਾ ਹੋਵੇ ਤਾਂ ਉਸ ਨਾਲ ਗੱਲ-ਬਾਤ ਕਰਦੇ ਸਮੇਂ ਅਤਿ ਦਯਾ ਅਤੇ ਸਦਭਾਵ ਦਿਖਾਓ। ਸਚਾਈ ਨੂੰ ਵੇਖਣ ਤੇ ਪਛਾਨਣ ਵਿਚ ਉਸਦੀ ਸਹਾਇਤਾ ਕਰੋ ਪਰ ਆਪਣੇ ਆਪ ਨੂੰ ਉਸ ਤੋਂ ਚੰਗੇਰਾ ਜਾਂ ਬਹੁਗੁਣੀ ਨਾ ਜ਼ਾਹਿਰ ਕਰੋ।

ਅੱਜ ਦੇ ਦਿਨ ਇਨਸਾਨ ਦਾ ਪੂਰਾ ਫਰਜ਼ ਹੈ ਕਿ ਉਸ ਦੀ ਰਹਿਮਤ ਦੇ ਹੜ੍ਹ ਚੋਂ ਜੋ ਉਹ ਇਨਸਾਨ ਵਾਸਤੇ ਵਗਾ ਰਿਹਾ ਹੈ, ਹਿੱਸਾ ਪ੍ਰਾਪਤ ਕਰੇ। ਕੋਈ ਵੀ ਮਨੁੱਖ ਭਾਂਡੇ ਦੇ ਛੋਟਾ ਯਾ ਵੱਡਾ ਹੋਣ ਵੱਲ ਧਿਆਨ ਨਾ ਧਰੇ। ਕਈਆਂ ਦਾ ਹਿੱਸਾ ਇਕ ਚੂਲੀ ਹੋ ਸਕਦਾ ਹੈ। ਕਈਆਂ ਦਾ ਇਕ ਪਿਆਲਾ ਤੇ ਕਈਆਂ ਦਾ ਇਕ ਗੈਲਨ। ਅੱਜ ਹਰ ਅੱਖ ਟੋਲੇ ਕਿ ਕਿਹੜੀ ਚੀਜ ਪ੍ਰਮਾਤਮਾ ਦੇ ਮਨੋਰਥ ਨੂੰ ਪਹੁੰਚਣ ਲਈ ਭਲੀ ਭਾਂਤ ਸਹਾਈ ਹੋ ਸਕਦੀ ਹੈ। ਉਹ ਜੋ ਮਾਦਿ ਸੱਚ ਹੈ ਮੇਰਾ ਗਵਾਹ ਹੈ। ਏਸ ਵਕਤ ਕੋਈ ਭੀ ਚੀਜ਼ ਏਸ ਮਨੋਰਥ ਨੂੰ ਏਸ ਤੋਂ ਵੱਧ ਹਾਨੀਕਾਰਕ ਨਹੀ ਹੋ ਸਕਦੀ ਜਿੰਨੀ ਕਿ ਫੁਟ, ਝਗੜੇ ਬਾਜ਼ੀ, ਵਿਰੋਧਤਾ, ਵਖੇਵਾਂ ਤੇ ਬੇਦਰਦੀ (ਰੱਬ ਦੇ ਪਿਆਰਿਆਂ ਦੀ)। ਨੱਸ਼ਾ ਛੱਡੋ ਇਨ੍ਹਾਂ ਚੀਜ਼ਾਂ ਨੂੰ ਰਬ ਦੀ ਤਾਕਤ ਤੇ ਮਦਦ ਨਾਲ, ਤੇ ਵਾਹ ਲਾਵੋ ਇਨਸਾਨਾਂ ਦੇ ਦਿਲਾਂ ਨੂੰ ਜੋੜਨ ਦੀ ਪ੍ਰਮਾਤਮਾ ਦੇ ਨਾਮ ਤੇ, ਓਹੀ ਮੇਲਨ ਵਾਲਾ ਹੈ ਸਭ ਕੁਝ ਜਾਣਦਾ ਹੈ ਤੇ ਪੂਰਨ ਦਾਨਾ ਹੈ ਤੁਸੀਂ ਉਤ ਵਾਹਦ ਰੱਬ ਨੂੰ ਬੇਨਤੀ ਕਰੋ ਕਿ ਉਹ ਤੁਹਾਨੇ ਉਨ੍ਹਾਂ ਕੰਮਾਂ ਦੇ ਰਸ ਦਾ ਸੁਆਦ ਚਖਾਵੇ ਜੋ ਉਸਦੇ ਮਾਰਗ ਤੇ ਚਲਾਂਦਿਆਂ ਕੀਤੇ ਜਾਂਦੇ ਹਨ ਤੇ ਉਸ ਨਿਮਰਤਾ ਤੇ ਅਧੀਨਗੀ ਦੀ ਮਿਠਾਸ ਛਕਾਵ ਜੋ ਉਸਦੇ ਵਾਸਤੇ ਕੀਤੀ ਜਾਂਦੀ ਹੈ। ਆਪਣੇ ਆਪ ਨੂੰ ਭੁਲਾ ਕੇ ਆਪਣੇ ਗੁਆਂਢੀ ਵਲ ਨਿਗ ਹ ਕਰੋ। ਅਪਣਾ ਜੋਰ ਵਿਦਿਆ ਦੇ ਵਧੌਣ ਵਾਸਤੇ ਲਾਵੋ। ਰੱਬ ਤੋਂ ਨਾ ਤਾਂ ਕੁਝ ਲੁਕਿਆ ਹੈ ਤੇ ਨਾਂ ਹੀ ਲਕੋਇਆ ਜਾ ਸਕਦਾ ਹੈ। ਜੇ ਤੁਸੀਂ



ਉਸਦੇ ਰਸਤ ਤੇ ਚਲੋ ਤਾਂ ਉਸ ਦੀਆਂ ਅਣਗਿਣਤ ਤੇ ਅਵਿਨਾਸ਼ੀ ਮਿਹਰਾਂ ਦੀ ਵਾਛੜ ਤੁਹਾਡੇ ਤੇ ਪਵੇਗੀ। ਇਹ ਚਮਕਦਾਰ ਪੱਟੀ ਹੈ ਜਿਸ ਦੀਆਂ ਤੁਕਾਂ ਦੀ ਧਾਰ, ਉਸ ਦੀ ਕਲਮ ਤੋਂ ਨਿਕਲੀ ਹੈ ਜੋ ਸਭ ਜਹਾਨਾਂ ਦਾ ਮਾਲਕ ਹੈ। ਆਪਣੇ ਮਨਾਂ 'ਚ ਸੋਚੋ ਤੇ ਉਨ੍ਹਾਂ ਨਾਲ ਰਲੋ ਜੋ ਇਸਦੇ ਰੱਬੀ ਫਰਮਾਨ ਦੀ ਪਾਲਣਾ ਕਰਦੇ ਹਨ।

5. ਉਹ ਵੇਲਾ ਜੋ ਪ੍ਰਮਾਤਮਾ ਵਲੋਂ ਲੋਕਾਂ ਤੇ ਜੀਵਾਂ ਵਾਸਤੇ ਪਹਿਲਾਂ ਤੋਂ ਹੀ ਮੁਕੱਰਰ ਕੀਤਾ ਹੋਇਆ ਹੈ, ਆ ਗਿਆ ਹੈ। ਪ੍ਰਮਾਤਮਾਂ ਦੇ ਬਚਨ ਜੋ ਪਵਿੱਤਰ ਪੁਸਤਕਾਂ ਵਿਚ ਦਰਜ ਹਨ, ਪੂਰੇ ਹੋ ਗਏ ਹਨ। ਯਹੂਦੀ ਦੇਸ਼ ਤੋਂ ਰੱਬ ਦਾ ਹੁਕਮ ਚਲਿਆ ਤੇ ਯੋਰੋਸ਼ਿਲਮ ਤੇ ਉਸਦੀਆਂ ਪਹਾੜੀਆਂ ਤੇ ਧਰਤੀ ਉਸ ਅਕਾਸ਼ਬਾਣੀ ਦੇ ਤੇਜ ਨਾਲ ਭਰਪੂਰ ਹੋ ਗਈ। ਸੁਭਾਗਾ ਹੈ ਉਹ ਬੰਦਾ ਜਿਹੜਾ ਆਪਣੇ ਮਨ ਵਿਚ ਵਿਚਾਰਦਾ ਹੈ ਜੋ ਕਿ ਪਵਿੱਤਰ ਗ੍ਰੰਥਾਂ 'ਚ ਪ੍ਰਗਟ ਕੀਤਾ ਗਿਆ ਹੈ—ਉਹ ਮੁਸੀਬਤਾਂ 'ਚ ਸਹਾਇਕ ਹੈ ਤੇ ਆਤਮ ਨਿਰਭਰ ਹੈ। ਹੇ ਪ੍ਰਮਾਤਮਾ ਦੇ ਪਿਆਰੇ ਇਸ ਤੇ ਡੂੰਘੀ ਵਿਚਾਰ ਕਰ ਤੇ ਚੌਕੰਨਾ ਹੋ ਕੇ ਉਸ ਦੀ ਬਾਣੀ ਸੁਣ ਤਾਂ ਜੋ ਤੂੰ ਉਸਦੀ ਬਖਸ਼ਿਸ਼ ਤੇ ਮਿਹਰ ਦੇ ਸਦਕੇ ਅਡੋਲਤਾ ਦਾ ਨਿਰਮਲ ਜਲ ਰਜ ਕੇ ਪੀ ਸਕੇਂ ਅਤੇ ਉਸਦੇ ਪੱਖ 'ਚ ਚਟਾਨ ਦੀ ਤਰ੍ਹਾਂ ਦ੍ਰਿੜ੍ਹ ਤੇ ਅਚੱਲ ਰਹੇਂ। ਇਸਾਈਆਂ ਦੀ ਕਿਤਾਬ 'ਚ ਲਿਖਿਆ ਹੈ : "ਤੂੰ ਸ਼ਿਲਾ 'ਚ ਦਾਖਲ ਹੋ ਜਾ ਤੇ ਮਿੱਟੀ 'ਚ ਲੁਕ ਜਾ ਉਸਦੇ ਭੈ ਕਰਕੇ ਤੇ ਉਸਦੀ ਸ਼ਾਨ ਦੀ ਵਡਿਆਈ ਕਰਕੇ।" ਜੋ ਕੋਈ ਵੀ ਇਸ ਪਦ ਤੇ ਡੂੰਘੀ ਵਿਚਾਰ ਕਰੇਗਾ ਉਸਦੇ ਮੰਤਵ ਦੀ ਮਹਾਨਤਾ ਜਾਣੇ ਬਗੈਰ ਨਹੀਂ ਰਹਿ ਸਕਦਾ ਤੇ ਨਾਂ ਹੀ ਅੱਜ ਦੇ ਦਿਨ ਦੀ ਉੱਚੀ ਨਸ਼ਾਨੀ ਤੇ ਸ਼ੰਕਾ ਕਰ ਸਕਦਾ ਹੈ ਕਿਉਂ ਜੋ ਏਹ ਦਿਨ ਪ੍ਰਮਾਤਮਾ ਦਾ ਦਿਨ ਹੈ। ਇਸ ਪਦ ਦੇ ਮਗਰੋਂ ਇਹ ਸ਼ਬਦ ਆਉਂਦੇ ਹਨ "ਤੇ ਉਸ ਦਿਨ ਪ੍ਰਮਾਤਮਾ ਹੀ ਸਭ ਤੋਂ ਉੱਚਾ ਹੋਵੇਗਾ" ਇਹੀ ਦਿਨ ਹੈ ਜਿਸ ਨੂੰ ਮਹਾਨ ਪੁਰਸ਼ਾਂ ਦੀ ਕਲਮ ਨੇਂ ਵਡਿਆਇਆ ਹੋਇਆ ਹੈ ਸੱਭ ਪਵਿੱਤਰ ਪੁਸਤਕਾਂ ਵਿਚ। ਇਨ੍ਹਾਂ ਪੁਸਤਕਾਂ 'ਚ ਇਕ ਭੀ ਪਦ ਅਜਿਹਾ ਨਹੀਂ ਹੈ ਜੋ ਉਸ ਸਿਰਜਣਹਾਰ ਦੀ ਮਹਿਮਾਂ

ਨਾਂ ਕਰਦਾ ਹੋਵੇ ਤੇ ਕੋਈ ਭੀ ਪੁਸਤਕ ਅਜੇਹੀ ਨਹੀਂ ਜੋ ਇਸ ਸੁੱਚੇ ਵਿਸ਼ੇ ਦੀ ਉੱਚਤਾ ਦੀ ਹਾਮੀ ਨਾ ਭਰੇ। ਜੇ ਅਸੀਂ ਉਨ੍ਹਾਂ ਗੱਲਾਂ ਦਾ ਵਰਨਣ ਕਰੀਏ ਜੋ ਇਨ੍ਹਾਂ ਅਸਮਾਨੀ ਕਿਤਾਬਾਂ 'ਚ ਤੇ ਪਵਿੱਤਰ ਗ੍ਰੰਥਾਂ 'ਚ ਅਕਾਸ਼ਬਾਣੀ ਬਾਰੇ ਦਸਿਆ ਗਿਆ ਹੈ ਤਾਂ ਇਹ ਪੱਟੀ ਅਸੰਭਵ ਅਕਾਰ ਅਖਤਿਆਰ ਕਰ ਲਵੇਗੀ। ਅੱਜ ਦੇ ਦਿਨ ਹਰ ਇਨਸਾਨ ਨੂੰ ਲਾਜ਼ਮੀ ਤੌਰ ਤੇ ਪ੍ਰਮਾਤਮਾਂ ਦੀਆਂ ਬੇਅੰਤ ਦਾਤਾਂ ਤੇ ਪੂਰਨ ਨਿਸਚਾ ਰੱਖਣਾ ਚਾਹੀਦਾ ਹੈ ਤੇ ਤਿਆਰ ਹੋ ਜਾਣਾ ਚਾਹੀਦਾ ਹੈ ਉਸ ਦੇ ਪੱਖ ਦੀਆਂ ਸਚਿਆਈਆਂ ਦਾ ਪੂਰੀ ਸਿਆਣਪ ਨਾਲ ਪ੍ਰਚਾਰ ਕਰਨ ਲਈ ਤਦ ਹੀ ਸਾਰੀ ਧਰਤੀ ਉਸ ਦੇ ਆਕਾਸ਼—ਗਿਆਨ ਦੇ ਸਵੇਰੇ ਦੇ ਚਾਨਣ ਨਾਲ ਘਿਰ ਜਾਵੇਗੀ।

6. ਗੁਜ਼ਰੇ ਸਮੇਂ ਵਲ ਤੱਕੋ। ਕਿਤਨੇ ਉੱਚੇ ਤੇ ਨੀਵੇਂ ਬੰਦਿਆਂ ਨੇ ਹਰ ਸਮੇਂ ਗੂੜ੍ਹੀ ਤਾਂਘ ਨਾਲ ਪ੍ਰਮਾਤਮਾ ਦਾ ਜ਼ਹੂਰ ਉਸਦੇ ਚੁਣੇ ਹੋਏ ਪਵਿੱਤਰ ਬੰਦਿਆਂ ਦੇ ਰੂਪ 'ਚ ਉਡੀਕਿਆ ਹੈ। ਕਿਤਨੀ ਵਾਰੀ ਉਨ੍ਹਾਂ ਨੇ ਉਸਦੇ ਆਉਣ ਦੀ ਤੱਕ ਰੱਖੀ, ਕਿਤਨੀ ਵੇਰ ਉਨ੍ਹਾਂ ਨੇ ਪ੍ਰਾਰਥਨਾ ਕੀਤੀ ਕਿ ਰੱਬੀ ਮਿਹਰ ਦੀ ਹਵਾ ਵੱਗੇ। ਤੇ ਵਾਹਦਾ ਕੀਤੀ ਹੋਈ ਸੁੰਦਰਤਾ ਪੜਦੇ ਦੇ ਓਹਲੇ 'ਚੋਂ ਨਿਕਲੇ ਤੇ ਕੁਲ ਆਲਮ ਨੂੰ ਪ੍ਰਤੱਖ ਨਜ਼ਰ ਆਵੇ। ਤੇ ਜਦੋਂ ਵੀ ਮਿਹਰ ਦਾ ਦਰ ਖੁਲਿਆ ਤੇ ਰੱਬੀ ਦਾਤ ਦੇ ਬੱਦਲਾਂ ਨੇ ਦਾਤਾਂ ਦਾ ਮੀਂਹ ਮਨੁੱਖ ਜਾਤੀ ਤੇ ਬਰ-ਸਾਇਆ ਤੇ ਉਸ ਅਣਵੇਖੇ ਦਾ ਚਾਨਣ ਅਸਮਾਨੀ ਹੱਦ ਤੋਂ ਬਾਹਰ ਪਿਆ ਤਾਂ ਦੁਨੀਆਂ ਵਾਲਿਆਂ ਨੇ ਉਸ ਤੋਂ ਇਨਕਾਰ ਕੀਤਾ ਤੇ ਆਪਣੇ ਮੂੰਹ ਫੇਰ ਲਏ ਉਸ ਵੱਲੋਂ ਜੋ ਰੱਬ ਦਾ ਚਿਹਰਾ ਸੀ।

7. ਪਿਛਲੀਆਂ ਪੀੜ੍ਹੀਆਂ ਦੀ ਬਾਬਤ ਸੋਚੋ। ਦੇਖੋ ਜਿੰਨੀ ਵੇਰ ਭੀ ਆਕਾਸ਼ੀ ਦਾਤ ਦਾ ਤਾਰਾ ਚਮਕਿਆ ਤੇ ਉਸਦੀ ਆਕਾਸ਼ ਬਾਣੀ ਦਾ ਚਾਨਣ ਦੁਨੀਆਂ ਤੇ ਪਿਆ ਤਾਂ ਉਸ ਸਮੇ ਦੇ ਲੋਕ ਉਸਦੇ ਵਿਰੁਧ ਹੋ ਗਏ ਤੇ ਉਸ ਦੀ ਸਚਾਈ ਤੋਂ ਬੇਮੁੱਖ ਹੋ ਗਏ। ਜੋ ਲੋਕਾਂ ਦੇ ਨੇਤਾ ਸਮਝੇ



ਜਾਂਦੇ ਸਨ ਉਨ੍ਹਾਂ ਨੇ ਸਦਾ ਆਪਣੇ ਚੇਲਿਆਂ ਨੂੰ ਉਸਦੇ ਵਲ ਹੋਣ ਤੋਂ ਰੋਕਿਆ ਜੋ ਕਿ ਪ੍ਰਮਾਤਮਾ ਦੀਆਂ ਦਾਤਾਂ ਦਾ ਸਾਗਰ ਸੀ।

ਦੇਖੋ ਕਿਵੇਂ ਲੋਕਾਂ ਨੇ ਇਬਰਾਹੀਮ ਨੂੰ ਜੋ ਰੱਬ ਦਾ ਮਿੱਤਰ ਸੀ ਉਸ ਸਮੇਂ ਦੇ ਗਿਆਨੀਆਂ ਦੇ ਫਤਵੇ ਅਨੁਸਾਰ ਅੱਗ 'ਚ ਸੁੱਟ ਦਿੱਤਾ। ਕਿਵੇਂ ਮੂਸਾ ਤੇ ਜੋ ਰੱਬ ਨਾਲ ਗਲਾਂ ਕਰਦਾ ਸੀ, ਝੂਠਾ ਤੇ ਨਿੰਦਕ ਹੋਣ ਦਾ ਦੋਸ਼ ਲਾਇਆ। ਵਿਚਾਰ ਕਰੋ ਕਿ ਕਿਵੇਂ ਯਸੂਹ ਨਾਲ ਜੋ ਰੱਬ ਦੀ ਰੂਹ ਸੀ ਬਾਵਜੂਦ ਬੇਹੱਦ ਮਸਕੀਨੀ ਤੇ ਪੂਰਨ ਨਰਮ ਦਿਲੀ ਦੇ ਰੱਬ ਦੇ ਦੁਸ਼ਮਨਾਂ ਨੇ ਕੀ ਸਲੂਕ ਕੀਤਾ। ਉਸਦੇ (ਯਸੂਹ ਦੇ) ਬਰਖਲਾਫ ਇਤਨਾ ਵਿਰੋਧ ਸੀ, ਕਿ ਉਸਨੂੰ, ਜੋ ਹਸਤੀ ਦਾ ਤੱਤ ਤੇ ਦਿੱਖ ਤੇ ਅਦਿੱਖ ਚੀਜ਼ਾਂ ਦਾ ਮਾਲਕ ਸੀ, ਸਿਰ ਲਕੋਣ ਵਾਸਤੇ ਥਾਂ ਵੀ ਨਹੀਂ ਸੀ, ਉਹ ਥਾਂ ਥਾਂ ਭੌਂਦਾ ਫਿਰਦਾ ਰਿਹਾ ਕਿਉਂ ਜੋ ਉਸ ਤੋਂ ਪੱਕੀ ਰਿਹਾਇਸ਼ ਖੁਸ ਗਈ। ਸੋਚੋ ਜੋ ਕੁਝ ਮੁਹੰਮਦ ਸਾਹਿਬ ਨਾਲ ਹੋਇਆ, ਜੋ ਅਵਤਾਰਾਂ ਦੀ ਛਾਪ (ਸੀਲ) (Seal of the Prophets) ਸੀ। ''ਰੱਬ ਕਰੇ ਸਭਨਾ ਦੀਆਂ ਜਾਨਾਂ ਉਸ ਤੇ ਕੁਰਬਾਨ ਹੋਣ''। ਕਿਤਨੇ ਸਖਤ ਤਸੀਹੇ ਯਹੂਦੀਆਂ ਦੇ ਨੇਤਾਵਾਂ ਤੇ ਬੁਤ ਪ੍ਰਸਤਾਂ ਨੇ ਉਸ ਨੂੰ ਦਿੱਤੇ ਜੋ ਸਭਨਾਂ ਦਾ ਸਿਰਤਾਜ ਮਾਲਕ ਹੈ, ਕੇਵਲ ਏਸ ਕਰਕੇ ਕਿ ਉਸਨੇ ਅੱਲ੍ਹਾ ਦੀ ਤੋਹੀਦ ਤੇ ਆਪਣੇ ਸੰਦੇਸ਼ ਦੀ ਸਚਾਈ ਦਾ ਨਾਹਰਾ ਲਗਾਇਆ। ਮੇਰੇ ਦਾਅਵੇ ਦੀ ਸਚਾਈ ਦੀ ਸਹੁੰ ਮੇਰੀ ਕਲਮ ਭੁਬ ਮਾਰਦੀ ਹੈ ਤੇ ਸਾਰੀ ਕਾਇਨਾਤ ਉੱਚੀ ਉੱਚੀ ਰੋਂਦੀ ਹੈ। ਉਨ੍ਹਾਂ ਦੁੱਖਾਂ ਦੇ ਕਾਰਨ ਜੋ ਉਸਨੇ ਸਹੇ ਉਨ੍ਹਾਂ ਦੇ ਹੱਥੋਂ ਜਿਨ੍ਹਾਂ ਨੇ ਰੱਬ ਦੇ ਨੇਮ ਨੂੰ ਤੋੜਿਆ, ਉਸਦੀ ਅੰਜੀਲ ਦੀ ਉਲੰਘਣਾ ਕੀਤੀ, ਉਸਦੇ ਸਬੂਤਾਂ ਨੂੰ ਰੱਦ ਕੀਤਾ ਤੇ ਉਸਦੀਆਂ ਨਿਸ਼ਾਨੀਆਂ ਤੋਂ ਇਨਕਾਰੀ ਹੋਏ। ਇੰਜ ਅਸੀਂ ਤੈਨੂੰ ਸੁਣਾਉਂਦੇ ਹਾਂ ਗੁਜ਼ਰੀਆਂ ਘਟਨਾਵਾਂ ਦੀ ਵਾਰਤਾ ਖਵਰੇ ਤੂੰ ਸਮਝ ਜਾਵੇਂ।

ਤੂੰ ਜਾਣ ਲਿਆ ਹੈ ਕਿ ਕਿਦਾਂ ਪ੍ਰਮਾਤਮਾ ਦੇ ਅਵਤਾਰ, ਉਸ ਦੇ ਦੂਤ ਤੇ ਪਿਆਰੇ ਭਗਤ ਦੁਖੀ ਕੀਤੇ ਗਏ। ਜ਼ਰਾ ਧਿਆਨ ਧਰ ਕਿ ਕਿਸ ਮਕਸਦ ਤੇ ਮੰਤਵ ਕਾਰਨ ਉਨ੍ਹਾਂ ਤੇ ਜੁਲਮ ਹੋਏ ਕਿਸੇ

ਕਾਲ ਵਿੱਚ ਵੀ ਕਿਸੇ ਦੀ ਧਾਰਮਕ ਪ੍ਰਨਾਲੀ ਹੇਠ ਪ੍ਰਮਾਤਮਾ ਦੇ ਅਵਤਾਰ ਆਪਣੇ ਵੈਰੀਆਂ ਦੇ ਕੁਫਰ ਜਾਲਮਾ ਦੇ ਜ਼ੁਲਮ ਤੇ ਆਪਣੇ ਜੁਗ ਦੇ ਗਿਆਨੀਆਂ ਦੀ ਫਟਕਾਰ ਤੋਂ ਨਹੀਂ ਬਚੇ ਤੇ ਇਹ ਗਿਆਨੀ ਇਮਾਨਦਾਰੀ ਤੇ ਦੀਨਦਾਰੀ ਦੇ ਢੌਂਗ ਵਿਚ ਜ਼ਾਹਿਰ ਹੋਏ। ਸਭੇ ਦਿਨੀਂ ਪ੍ਰਭੂ ਦੇ ਭਗਤ ਐਸੇ ਦੁਖ ਵਿਚ ਦੀ ਗੁਜ਼ਰੇ ਜਿਨ੍ਹਾਂ ਦਾ ਲੇਖਾ ਨਹੀਂ ਬਸ ਰੱਬ ਹੀ ਜਾਣਦਾ ਹੈ ਜਿਸਦੇ ਨਾਮ ਦੀ ਚੜ੍ਹਦੀ ਕਲਾ ਹੋਵੇ ।

ਇਸ ਮਜਲੂਮ (ਬਹਾਉੱਲ੍ਹਾ) ਦਾ ਖਿਆਲ ਕਰੋ । ਭਾਵੇਂ ਪ੍ਰਤੱਖ ਸਬੂਤ ਉਸ ਦੇ ਪੱਖ ਦੀ ਸਚਾਈ ਦੀ ਤਸਦੀਕ ਕਰਦੇ ਹਨ । ਭਾਵੇਂ ਉਹ ਭਵਿੱਖਬਾਣੀ ਜੋ ਸਾਫ ਸਾਫ ਸ਼ਬਦਾਂ ਵਿਚ ਉਸ ਨੇ ਉਚਰੀ ਪੂਰੀ ਹੋਈ, ਭਾਵੇਂ ਉਹ ਵਿਦਵਾਨਾਂ 'ਚ ਗਿਣਿਆ ਨਹੀਂ ਜਾਂਦਾ, ਕਿਉਂ ਜੋ ਨਾ ਤਾਂ ਉਹ ਸਕੂਲ ਵਿੱਚ ਪੜ੍ਹਿਆ ਹੈ ਤੇ ਨਾਂ ਹੀ ਗਿਆਨੀਆਂ ਦੇ ਬਹਿਸ ਮਬਾਹਿਸ਼ੇ ਦਾ ਤਜਰਬਾ ਰੱਖਦਾ ਹੈ ਪਰ ਫੇਰ ਵੀ ਉਸ ਨੇ ਜਨਤਾ ਤੇ ਆਪਣੇ ਭਾਂਤ ਭਾਂਤ ਦੇ ਅਸਮਾਨੋਂ ਫੁਰੇ ਗਿਆਨ ਦਾ ਮੀਂਹ ਬਰਸਾਇਆ । ਵੇਖੋ ਇਸ ਪੀੜ੍ਹੀ ਨੇ ਕਿਵੇਂ ਉਸਦੇ ਪਰਮਾਨ ਨੂੰ ਰਦ ਕੀਤਾ ਤੇ ਉਸਦੇ ਖਿਲਾਫ ਬਗਾਵਤ ਕੀਤੀ । ਕਿਵੇਂ ਬੁਰੀ ਤਰ੍ਹਾਂ ਜ਼ਿੰਦਗੀ ਦੇ ਵੱਡੇ ਹਿੱਸੇ 'ਚ ਦੁਸ਼ਮਨਾਂ ਦੇ ਪੰਜੇ 'ਚ ਫਸਿਆ ਰਿਹਾ । ਹੁਣ ਇਸ ਦੁਖਦਾਈ ਕੈਦ ਵਿੱਚ ਨਾ ਅਨਸਾਫੀ ਨਾਲ ਜਿਸ ਵਿਚ ਜਾਬਰਾਂ ਨੇ ਉਸ ਨੂੰ ਸੁੱਟ ਰੱਖਿਆ ਹੈ ਉਸ ਦੇ ਦੁੱਖ ਸਿਖਰ ਤੇ ਪਹੁੰਚ ਗਏ ਹਨ ।

ਰੱਬ ਕਰੇ ਕਿ ਤਿੱਖੀ ਰੋਜ਼ਰ ਤੇ ਰੋਸ਼ਨ ਦਿਲੀ ਨਾਲ ਤੂੰ ਉਨ੍ਹਾਂ ਚੀਜ਼ਾਂ ਨੂੰ ਦੇਖ ਸਕੇਂ ਜੋ ਬੀਤ ਰਹੀਆਂ ਹਨ ਤੇ ਆਪਣੇ ਮਨ ਵਿੱਚ ਉਨ੍ਹਾਂ ਨੂੰ ਵਿਚਾਰ ਕੇ ਪਹਿਚਾਨ ਸਕੇਂ ਜਿਸਨੂੰ ਬਹੁਤੇ ਆਦਮੀ ਇਸ ਸਮੇਂ ਸਮਝਣ ਤੋਂ ਅਸਫਲ ਰਹੇ ਹਨ । ਰੱਬ ਨੇ ਚਾਹਿਆ ਤਾਂ ਉਹ ਤੈਨੂੰ ਉਸਦੇ ਦਿਨ ਦੀ ਪਿਆਰੀ ਖੁਸ਼ਬੂ ਸੁੰਘਣ ਦੀ ਸਮੱਰਥਾ ਬਖਸ਼ੇਗਾ ਤੇ ਤੈਨੂੰ ਉਸਦੀ ਬੇਹੱਦ ਮਿਹਰ ਦਾ ਭਾਗੀ ਬਣਾਵੇਗਾ ਤਾਂ ਜੋ ਤੂੰ ਰੱਜ ਕੇ ਪੀ



ਸਕੇਂ, ਉਸਦੀ ਕਿਰਪਾ ਦੁਆਰਾ ਉਸ ਸਭ ਤੋਂ ਵੱਡੇ ਸਮੁੰਦਰ ਦਾ ਪਾਣੀ ਜੋ ਅੱਜ ਠਾਠਾਂ ਮਾਰ ਰਿਹਾ ਹੈ । ਪ੍ਰਾਚੀਨ ਬਾਦਸ਼ਾਹ ਦੇ ਨਾਮ ਤੇ ਅਤੇ ਤੂ ਉਸਦੇ ਪੱਖ ਤੇ ਪਹਾੜ ਵਾਂਗੂ ਪੱਕਾ ਤੇ ਅਹਿਲ ਰਹੇਂ ।

ਬੋਲੋ ਤੇਰੀ ਚੜ੍ਹਦੀ ਕਲਾ ਰਹੇ ਜਿਸਨੇ ਸਾਰੇ ਪਵਿੱਤਰ ਬੰਦਿਆਂ ਤੋਂ ਆਪਣੀ ਬਹੁਭਾਂਤੀ ਆਕਾਸ਼ਬਾਣੀ ਰਾਹੀਂ ਤੇਰੇ ਜੋਰ ਅੱਗੇ ਆਪਣੀ ਲਾਚਾਰੀ ਦਾ ਇਕਬਾਲ ਕਰਾਇਆ ਤੇ ਹਰ ਅਵਤਾਰ ਨੇ ਆਪਣੀ ਨਾ ਚੀਜੀ ਤੇਰੇ ਸਦੀਵੀ ਨੂਰ ਅਗੇ ਮੰਨੀ । ਮੈਂ ਤੇਰੇ ਨਾਮ ਦ ਸਦਕੇ ਜਿਸ ਨੇ ਸਵੱਰਗ ਦੇ ਦਰਵਾਜੇ ਖੋਲ੍ਹ ਦਿੱਤੇ ਹਨ ਤੇ ਧੁਰ ਦਰਗਾਹ ਦੀ ਭੀੜ ਨੂੰ ਵਿਸ਼ਮਾਦ ਨਾਲ ਮਸਤ ਕਰ ਦਿੱਤਾ ਹੈ, ਮਿੱਨਤ ਕਰਦਾ ਹਾਂ ਕਿ ਮੈਨੂੰ ਅੱਜ ਦੇ ਦਿਨ ਤੇਰੀ ਸੇਵਾ ਕਰਨ ਦੀ ਸਮਰੱਥਾ ਬਖਸ਼ ਤੇ ਮੈਨੂੰ ਬਲ ਬਖਸ਼ ਕਿ ਮੈਂ ਪਾਬੰਦ ਰਹਾਂ ਉਸ ਤੇ ਚਲਣ ਦਾ ਜੋ ਤੂੰ ਆਪਣੀ ਕਿਤਾਬ ਵਿਚ ਨੀਅਤ ਕੀਤਾ ਹੈ । ਹੇ ਮੇਰੇ ਮਾਲਕ ਜੋ ਕੁਝ ਮੇਰੇ ਵਿਚ ਹੈ ਤੂੰ ਜਾਣਦਾ ਹੈਂ ਪਰ ਮੈਂ ਨਹੀਂ ਜਾਣਦਾ ਜੋ ਕੁਝ ਤੂੰ ਹੈ । ਤੂੰ ਹੀ ਸਭ ਜਾਣਦਾ ਹੈਂ ਤੇ ਸਭ ਪਤਾ ਰਖਦਾ ਹੈਂ ।

8. ਚੌਕੰਨੇ ਹੋ ਜਾਵੋ । ਹੇ ਪ੍ਰਮਾਤਮਾ ਦੀ ਏਕਤਾ ਦੇ ਸ਼ਰਧਾਲੂਓ ਅਤੇ ਤੁਸੀਂ ਭਰਮ ਜਾਵੋ ਤੇ ਉਸਦੇ ਮਨੋਰਥ ਤੋ ਜੋ ਅੱਡ ਅੱਡ ਰੂਪਾਂ ਵਿੱਚ ਪ੍ਰਗਟ ਹੋਇਆ ਹੈ, ਫਰਕ ਸਮਝੋ ਜਾਂ ਉਨ੍ਹਾਂ ਨਿਸ਼ਾਨੀਆਂ ਵਿੱਚ ਜੋ ਉਨ੍ਹਾਂ ਦੇ ਇਲਹਾਮ ਦੇ ਨਾਲ ਆਈਆਂ । ਰੱਬੀ ਏਕਤਾ ਦਾ ਇਹੀ ਸਹੀ ਅਰਥ ਹੈ ਜੇ ਤੂੰ ਉਨ੍ਹਾਂ ਚੋਂ ਹੈਂ ਜੋ ਸਮਝਦੇ ਹਨ ਤੇ ਵਿਸ਼ਵਾਸ ਰੱਖਦੇ ਹਨ ਇਸ ਸਚਾਈ ਵਿਚ ਤਾਂ ਨਿਰਸੰਦੇਹ ਇਹੀ ਰੱਬੀ ਏਕਤਾ ਹੈ । ਹੋਰ ਇਹ ਕਿ ਤੂੰ ਭਰੋਸਾ ਰੱਖ ਕਿ ਸਭ ਪ੍ਰਮਾਤਮਾ ਦੇ ਜਹੂਰਾਂ ਦੇ ਕੰਮ ਸਗੋਂ ਉਨ੍ਹਾਂ ਦੇ ਸਬੰਧ 'ਚ ਹਰ ਗਲ ਤੇ ਜੋ ਕੁਝ ਉਹ ਭਵਿੱਖ ਵਿਚ ਜ਼ਾਹਰ ਕਰਨਗੇ ਰੱਬ ਦੇ ਹੁਕਮ ਨਾਲ ਹੋਵੇਗਾ ਤੇ ਉਸਦੀ ਰਜ਼ਾ ਤੇ ਮਕਸਦ ਦੀ ਝਲਕ ਹੋਵੇਗਾ । ਜੋ ਕੋਈ ਉਨ੍ਹਾਂ ਦੀਆਂ ਸ਼ਖਸ਼ੀਅਤਾਂ ਜਾਂ ਉਨਾਂ ਦੇ ਬਚਨਾਂ ਨੂੰ ਸੁਣੇਗਾ, ਅਮਲਾਂ ਤੇ ਵਤੀਰੇ ਵਿਚ ਚਿੰਨ੍ਹ ਮਾਤਰ ਫਰਕ ਕੱਢੇਗਾ ਤਾਂ ਉਹ ਨਾਸਤਕ ਹੈ, ਤੇ ਉਸ (ਰੱਬ) ਦੀਆਂ

ਨਿਸ਼ਾਨੀਆਂ ਤੋਂ ਇਨਕਾਰੀ ਤੇ ਉਸਦੇ ਪੈਗੰਬਰਾਂ ਦੇ ਪੱਖ ਤੋਂ ਬੇਮੁੱਖ ਹੈ ।

9. ਪ੍ਰਮਾਤਮਾ ਦੀ ਏਕਤਾ ਦੀ ਸਭ ਵਡਿਆਈ ਤੇ ਸਭ ਸਤਿਕਾਰ ਹੈ ਜੋ ਸਿਰਤਾਜ ਮਾਲਕ ਹੈ ਤੇ ਬ੍ਰਹਿਮੰਡ ਦਾ ਬੇਨਜ਼ੀਰ ਤੇ ਪੂਰਨ ਸ਼ਾਨ ਵਾਲਾ ਹਾਕਮ ਹੈ । ਉਸ ਨੇ ਅਨਹੋਂਦ 'ਚੋਂ ਚੀਜ਼ਾਂ ਦੀ ਹਕੀਕਤ ਪੈਦਾ ਕੀਤੀ ਮਾਦੇ ਬਗੈਰ ਅਤੀ ਕੋਮਲ ਅਤੇ ਸੂਖਮ ਤੱਤ ਹੋਂਦ ਵਿਚ ਲਿਆਂਦੇ । ਉਸ ਨੇ ਆਪਣੇ ਜੀਵਾਂ ਨੂੰ ਅਪਮਾਨ ਤੋਂ ਤੇ ਫ਼ਨਾਹੀ ਦੇ ਖਤਰੇ ਤੋਂ ਬਚਾ-ਇਆ ਅਤੇ ਉਨ੍ਹਾਂ ਨੂੰ ਆਪਣੀ ਸਲਤਨਤ ਦੀ ਪਾਕ ਸ਼ਾਨ ਵਿਚ ਮੁਆਗਤ ਕਰਕੇ ਲਿਆਂਦਾ । ਉਸਦੇ ਫਜ਼ਲ ਦੀ ਖੈਰ, ਤੇ ਉਸਦੀ ਸਭਨੀਂ ਥਾਈਂ ਫੈਲੀ ਹੋਈ ਰਹਿਮਤ ਤੋਂ ਬਿਨਾ ਇਹ ਨਹੀਂ ਸੀ ਹੋ ਸਕਦਾ । ਵਰਨਾ ਇਹ ਕਿਵੇਂ ਹੋ ਸਕਦਾ ਸੀ ਕਿ ਨੇਸਤੀ ਆਪਣੇ ਆਪ ਅਨਹੋਂਦ ਦੀ ਹਾਲਤ 'ਚੋਂ ਨਿਕਲਨ ਤੇ ਹੋਂਦ ਦੇ ਖੰਡ ਵਿਚ ਆਉਣ ਦੀ ਯੋਗਤਾ ਤੇ ਸਮਰੱਥਾ ਰੱਖੇ ।

ਦੁਨੀਆਂ ਤੇ ਜੀਵਾਂ ਨੂੰ ਪੈਦਾ ਕਰਕੇ ਉਸ ਪ੍ਰਮਾਤਮਾ ਨੇ ਆਪਣੀ ਆਜ਼ਾਦ ਤੇ ਸਰਵਉੱਤਮ ਇੱਛਾ ਰਾਹੀਂ ਇਹ ਉਚਿਤ ਜਾਣਿਆ ਕਿ ਇਨਸਾਨ ਨੂੰ ਅਦੁੱਤੀ ਸ਼ਾਨ ਤੇ ਸਮਰੱਥਾ ਬਖਸ਼ੇ, ਉਸ ਨੂੰ ਜਾਨਣ ਦੀ ਤੇ ਪਿਆਰ ਕਰਨ ਦੀ । ਇਸ ਸਮਰੱਥਾ ਨੂੰ ਜਮਾਂਦਰੂ ਜਜ਼ਬਾ ਤੇ ਮੁਢਲਾ ਮੰਤਵ ਸਾਰੀ ਖਲਕੱਤ ਦਾ ਸਮਝਣਾ ਚਾਹੀਦਾ ਹੈ । ........ ਉਸ ਨੇ ਆਪਣੇ ਕਿਸੇ ਇਕ ਨਾਮ ਦੀ ਰੋਸ਼ਨੀ, ਹਰ ਪੈਦਾ ਕੀਤੀ ਚੀਜ਼ ਦੀ ਅੰਦਰੂਨੀ ਹਕੀਕਤ ਤੇ ਪਾਈ ਹੈ ਤੇ ਆਪਣੇ ਗੁਣਾ ਦੇ ਕਿਸੇ ਇਕ ਤੇਜ ਦਾ ਭਾਗੀ ਬਣਾਇਆ ਹੈ । ਇਨਸਾਨ ਦੀ ਪ੍ਰਤੱਖ ਹੋਂਦ ਤੇ ਉਸਨੇ ਆਪਣੇ ਸਾਰੇ ਨਾਮਾਂ ਤੇ ਗੁਣਾਂ ਦਾ ਚਾਨਣ ਪਾਇਆ ਤੇ ਇਸ (ਇਨਸਾਨ) ਨੂੰ ਆਪਣੇ ਸਰੂਪ ਦਾ ਅਕੱਸ ਬਣਾਇਆ । ਸਾਰੀਆਂ ਪੈਦਾ ਕੀਤੀਆਂ ਚੀਜ਼ਾਂ 'ਚੋਂ ਕੱਲੇ ਇਨਸਾਨ ਨੂੰ ਇਸ ਮਹਾਨ ਰਹਿਮਤ ਵਾਸਤੇ ਚੁਣਿਆ ਗਿਆ ।

10. ਆਪਣੇ ਮਨ ਦੀਆਂ ਅੱਖਾਂ ਖੋਲ੍ਹ ਤੇ ਖਿਆਲ ਕਰ ਕਿ ਆਦਮ ਤੋਂ ਲੈ



ਕੇ ਮਹਾਤਮਾ ਬਾਬ ਤੀਕ ਦੀ ਲਗਾਤਾਰ ਲੜੀ 'ਚ ਕਿਤਨੇ ਅਵਤਾਰ ਆਏ ਤੇ ਇਹ ਅਵਤਾਰਾਂ ਦਾ ਸਿਲਸਿਲਾ ਮਹਾਤਮਾ ਬਾਬ ਨਾਲ ਜਾ ਰਲਦਾ ਹੈ । ਮੈਂ ਰੱਬ ਨੂੰ ਹਾਜ਼ਰ ਨਾਜ਼ਰ ਜਾਣ ਕੇ ਗਵਾਹੀ ਦੇਂਦਾ ਹਾਂ ਕਿ ਹਰ ਅਵਤਾਰ ਰੱਬੀ ਰਜ਼ਾ ਦੇ ਮੰਤਵ ਦੇ ਕਾਰਨ ਭੇਜਿਆ ਗਿਆ ਤੇ ਹਰ ਅਵਤਾਰ ਇਕ ਖਾਸ ਸੁਨੇਹਾ ਲਿਆਇਆ ਤੇ ਹਰ ਅਵਤਾਰ ਨੂੰ ਰੱਬ ਵਲੋਂ ਆਈ ਧਰਮ ਪੁਸਤਕ ਸੌਂਪੀ ਗਈ ਤੇ ਅਖਤਿਆਰ ਦਿਤਾ ਗਿਆ ਕਿ ਉਹ ਇਕ ਮਹਾਨ ਇੱਛਾ ਦੇ ਭੇਦ ਖੋਹਲੇ । ਇਲਹਾਮ ਦੀ ਮਾਤਰਾ ਜਿਸ ਨਾਲ ਹਰ ਅਵਤਾਰ ਜੋੜਿਆ ਜਾਂਦਾ ਹੈ ਪਹਿਲਾਂ ਤੋਂ ਹੀ ਉਸਦੇ ਹੁਕਮ ਰਾਹੀਂ ਮੁਕੱਰਰ ਹੈ । ਸੱਚਮੁੱਚ ਇਹ ਸਾਡੀ ਮਿਹਰ ਦੀ ਨਿਸ਼ਾਨੀ ਹੈ ਉਨ੍ਹਾਂ ਵਾਸਤੇ ਜੋ ਸਚਾਈ ਨੂੰ ਸਮਝ ਸਕਦੇ ਹਨ ਜੇ ਤੂੰ ਭੀ ਉਨ੍ਹਾਂ ਵਿਚੋਂ ਇਕ ਹੈ ।

11. ਜੋ ਕੁਝ ਤੂੰ ਇਬਰਾਹੀਮ (ਜੋ ਉਸ ਦਯਾਵਾਨ ਦਾ ਮਿਤਰ ਸੀ) ਦੀ ਬਾਬਤ ਸੁਣਿਆ ਹੈ ਸੱਚ ਹੈ । ਇਸ 'ਚ ਕੋਈ ਸ਼ੱਕ ਨਹੀਂ । ਪ੍ਰਮਾਤਮਾ ਦੇ ਬੋਲ ਨੇ ਉਸ ਨੂੰ ਹੁਕਮ ਦਿੱਤਾ ਕਿ ਉਹ (ਇਬਰਾਹੀਮ) ਇਸਮਾਈਲ ਦੀ ਬਲੀ ਦੇਵੇ ਜੋ ਉਸਦੀ ਦੀਨ 'ਚ ਪਕਿਆਈ ਤੇ ਸਭ ਕਾਸੇ ਤੋਂ ਨਿਰਲੇਪਤਾ, ਲੋਕਾਂ ਸਾਹਮਣੇ ਸਵਾਏ ਪ੍ਰਮਾਤਮਾ ਤੋਂ ਸਾਬਤ ਕੀਤੀ ਜਾ ਸਕੇ । ਪ੍ਰਮਾਤਮਾ ਦਾ ਮਨੋਰਥ ਇਹ ਸੀ ਕਿ ਸਾਰੀ ਦੁਨੀਆਂ ਦੇ ਲੋਕਾਂ ਦੇ ਗੁਨਾਹ ਤੇ ਅਨਿਆਇ ਦੇ ਬਦਲੇ ਉਸਦੀ ਬਲੀ ਪਰਵਾਨ ਚੜ੍ਹੇ । ਇਹ ਮਾਨ ਮਰਯਮ ਦੇ ਪੁੱਤਰ ਯਸੂਹ ਮਸੀਹ ਨੇ (ਜਿਸ ਦਾ ਨਾਂ ਤੇ ਤੇਜ਼ ਉੱਚਾ ਹੋਵੇ) ਆਪਣੇ ਵਾਸਤੇ ਰੱਬ ਤੋਂ ਮੰਗਿਆ । ਇਸੇ ਵਜ੍ਹਾ ਕਰਕੇ ਮੁਹੰਮਦ ਨੇ ਜੋ ਰੱਬ ਦਾ ਰਸੂਲ ਸੀ, ਹੁਸੈਨ ਨੂੰ ਕੁਰਬਾਨੀ ਵਾਸਤੇ ਪੇਸ਼ ਕੀਤਾ ।

ਕੋਈ ਵੀ ਮਨੁੱਖ ਕਦੀ ਭੀ ਇਹ ਦਾਅਵਾ ਨਹੀਂ ਕਰ ਸਕਦਾ ਕਿ ਉਸ ਨੇ ਰੱਬ ਦੇ ਛੁਪੇ ਤੇ ਬੇਅੰਤ ਫ਼ਜ਼ਲ ਨੂੰ ਸਮਝ ਲਿਆ ਹੈ । ਕੋਈ ਨਹੀਂ ਜਾਣ ਸਕਦਾ ਕਿ ਉਸਦੀ ਸਰਵ ਵਿਆਪਕ ਰਹਿਮਤ ਕਿਤਨੀ ਗੰਭੀਰ ਹੈ । ਬੰਦਿਆਂ ਦੇ ਜ਼ੁਰਮ ਤੇ ਕੋਤਾਹੀਆਂ ਅਜੇਹੀਆਂ ਹਨ ਅਤੇ ਜੋ ਮੁਸੀਬਤਾਂ ਉਨ੍ਹਾਂ ਨੇ ਅਵਤਾਰਾਂ ਨੂੰ ਦਿੱਤੀਆਂ, ਏਨੀਆਂ ਭਿਆਨਕ

ਹਨ ਕਿ ਸਾਰੀ ਮਾਨਵਤਾ ਦੁਖ ਤੇ ਤਬਾਹੀ ਦੀ ਭਾਗੀ ਹੈ। ਪਰ ਰੱਬ ਦੀ ਅਨਡਿਠੀ ਤੇ ਪਿਆਰੀ ਕੁਦਰਤ ਨੇ ਜ਼ਾਹਿਰ ਤੇ ਨ ਜ਼ਾਹਿਰ ਹੋਣ ਵਾਲੇ ਢੰਗਿਆਂ ਨਾਲ ਉਸਨੂੰ (ਦੁਨੀਆਂ ਨੂੰ) ਇਸ ਬੁਰਾਈ ਦੀ ਸਜ਼ਾ ਤੋਂ ਬਚਾਇਆ ਤੇ ਬਚਾਉਂਦੀ ਰਹੇਗੀ। ਇਸ ਗਲ ਨੂੰ ਤੂੰ ਆਪਣੇ ਮਨ 'ਚ ਸੋਚ ਤਾਂ ਜੋ ਤੈਨੂੰ ਸਚ ਨਜ਼ਰ ਆਵੇ ਤੇ ਤੂੰ ਉਸਦੇ ਰਸਤੇ ਤੇ ਪੱਕਾਂ ਹੋਵੇਂ।

12. ਰੱਬ ਦੇ ਅਵਤਾਰਾਂ ਨੂੰ ਵੈਦ (ਹਕੀਮ) ਸਮਝਣਾ ਚਾਹੀਦਾ ਹੈ। ਜਿਨ੍ਹਾਂ ਦਾ ਕੰਮ ਲੋਕਾਂ ਦੀ ਤੇ ਦੁਨੀਆਂ ਦੀ ਭਲਾਈ ਕਰਨੀ ਹੈ। ਤਾਂ ਜੋ ਏਕਤਾ ਦੇ ਜਜ਼ਬੇ ਰਾਹੀਂ ਉਹ ਅੱਡ ਅੱਡ ਹੋਏ ਲੋਕਾਂ ਦੇ ਰੋਗਾਂ ਦਾ ਇਲਾਜ ਕਰ ਸਕਣ। ਕਿਸੇ ਨੂੰ ਭੀ ਉਨ੍ਹਾਂ ਦੇ ਸ਼ਬਦਾਂ ਤੇ ਨੁਕਤਾਚੀਨੀ ਕਰਨ ਜਾਂ ਉਨ੍ਹਾਂ ਦੇ ਵਤੀਰ ਦੀ ਨਖੇਧੀ ਕਰਨ ਦਾ ਹੱਕ ਨਹੀਂ ਕਿਉਂ ਜੋ ਉਹ ਹੀ ਹਨ ਜੋ ਰੋਗੀ ਨੂੰ ਸਮਝਣ ਤੇ ਉਸਦੇ ਰੋਗ ਦੀ ਪਛਾਣ ਕਰਨ ਦਾ ਦਾਅਵਾ ਕਰ ਸਕਦੇ ਹਨ। ਕੋਈ ਇਨਸਾਨ ਭਾਵੇਂ ਉਸ ਦੀ ਸੂਝ ਕਿੰਨੀ ਹੀ ਤਿੱਖੀ ਹੋਵੇ ਉਸ ਉਚਾਈ ਤੇ, ਜਿਸ ਤੇ ਉਸ ਅਗੰਮੀ ਵੈਦ (ਹਕੀਮ) ਦੀ ਅਕਲ ਤੇ ਸਮਝ ਪਹੁੰਚੀ ਹੋਈ ਹੈ, ਪਹੁੰਚਣ ਦੀ ਆਸ ਨਹੀਂ ਕਰ ਸਕਦਾ ਹੈ। ਤਾਂ ਤੇ ਕੋਈ ਅਚੰਭੇ ਦੀ ਗਲ ਨਹੀਂ ਜੇ ਅਜ ਦੇ ਦਿਨ ਭੀ ਵੈਦ ਨੇ ਉਹੀ ਨੁਸਖਾ ਇਲਾਜ ਵਾਸਤੇ ਲਿਖਿਆ ਜੋ ਉਸ ਨੇ ਪਹਿਲਾਂ ਲਿਖਿਆ ਸੀ। ਹੋਰ ਤਰ੍ਹਾਂ ਕਿਵੇਂ ਹੋ ਸਕਦਾ ਸੀ ਜਦੋਂ ਰੋਗੀ ਨੂੰ ਚੰਬੜੇ ਰੋਗ ਉਸਦੀ ਬੀਮਾਰੀ ਦੇ ਹਰ ਮੋੜ ਤੇ ਖਾਸ ਰੂਪਾ ਲੋੜਦੇ ਹੋਣ ? ਇਸੇ ਤਰ੍ਹਾਂ ਜਦੋਂ ਭੀ ਅਵਤਾਰਾਂ ਨੇ ਇਸ ਦੁਨੀਆਂ ਤੇ ਅਗੰਮ ਗਿਆਨ ਦੀ ਸੂਰਜ ਵਰਗੀ ਤੇਜ ਰੋਸ਼ਨੀ ਪਾਈ ਤੇ ਉਨ੍ਹਾਂ ਨੇ ਲੋਕਾਂ ਨੂੰ ਪ੍ਰਮਾਤਮਾ ਦਾ ਪ੍ਰਕਾਸ਼ ਪ੍ਰਵਾਨ ਕਰਨ ਦਾ ਸੱਦਾ ਦਿੱਤਾ ਪਰ ਅਜੇਹੇ ਢੰਗ ਨਾਲ ਜੋ ਉਸ ਕਾਲ ਦੀ ਉਚਿਤ ਜ਼ਰੂਰਤ ਦੇ ਅਨੁਸਾਰ ਸੀ, ਜਿਸ ਕਾਲ 'ਚ ਉਹ ਹੋਏ। ਇਸ ਕਰਕੇ ਉਨ੍ਹਾਂ ਨੇ ਅਗਿਆਨ ਦੇ ਅੰਧੇਰੇ ਨੂੰ ਖੇਰੂ ਖੇਰੂ ਕਰ ਦਿੱਤਾ ਤੇ ਦੁਨੀਆਂ ਤੇ ਆਪਣੇ ਗਿਆਨ ਦਾ ਤੇਜ਼ ਪਾਇਆ। ਇਸ ਵਾਸਤੇ ਹਰ ਸੂਝ ਬੂਝ ਵਾਲੇ ਇਨਸਾਨ



ਦੀ ਅੱਖ ਇਨ੍ਹਾਂ ਅਵਤਾਰਾਂ ਦੀ ਅੰਦਰੂਨੀ ਹਕੀਕਤ ਵੱਲ ਚਾਹੀਦੀ ਹੈ। ਕਿਉਂ ਜੋ ਉਨ੍ਹਾਂ ਦਾ ਇਕੋ ਇਕ ਮੰਤਵ ਇਹ ਰਿਹਾ ਹੈ ਜੋ ਭੁੱਲਿਆਂ ਨੂੰ ਰਾਹ ਪਾਉਣਾ ਤੇ ਦੁਖੀਆਂ ਨੂੰ ਸ਼ਾਂਤੀ ਦੇਣੀ। ਇਹ ਖੁਸ਼ਹਾਲੀ ਤੇ ਜਿੱਤ ਦੇ ਦਿਨ ਨਹੀਂ ਹਨ। ਸਾਰੀ ਮਨੁੱਖ ਜਾਤੀ ਕਈ ਕਿਸਮ ਦੀਆਂ ਤਕਲੀਫਾਂ 'ਚ ਫਸੀ ਹੈ ਇਸ ਕਰਕੇ ਵਾਹ ਲਾਵੋ ਕਿ ਇਸ ਦੀ ਜ਼ਿੰਦਗੀ ਨੂੰ ਸਵਾਦੀ ਦਵਾਈ ਪਿਲਾ ਕੇ, ਜੋ ਉਸ ਸਰਵ-ਸ਼ਕਤੀਮਾਨ ਅਚੁੱਕ ਵੈਦ ਨੇ ਤਿਆਰ ਕੀਤੀ ਹੈ, ਬਚਾ ਲਿਆ ਜਾਵੇ।

13. ਤੈਨੂੰ ਪਤਾ ਹੈ ਕਿ ਜਦੋਂ ਇਨਸਾਨ ਦੇ ਪੁੱਤ੍ਰ (ਯਸੂਹ) ਨੇ ਰੱਬ ਨੂੰ ਜਾਨ ਦੇ ਦਿਤੀ ਤਾਂ ਸਾਰੀ ਸ੍ਰਿਸ਼ਟੀ ਭੁੱਬਾਂ ਮਾਰ ਕੇ ਰੋਈ ਆਪਣੀ ਕੁਰਬਾਨੀ ਦੇ ਕੇ ਉਸ ਨੇ ਸਾਰੀ ਸ੍ਰਿਸ਼ਟੀ ਵਿੱਚ ਇਕ ਨਵੀਂ ਸਮਰੱਥਾ ਭਰ ਦਿੱਤੀ। ਇਸ ਦਾ ਸਬੂਤ ਜੋ ਦੁਨੀਆਂ ਦੇ ਸਭ ਇਨਸਾਨਾਂ 'ਚ ਨਜ਼ਰ ਆਇਆ, ਹੁਣ ਤੇਰੇ ਅੱਗੇ ਭੀ ਜ਼ਾਹਿਰ ਹੈ। ਰਿਸੀਆਂ ਦਾ ਉਚਰਿਆ ਹੋਇਆ ਡੂੰਗਾ ਗਿਆਨ, ਕਿਸੇ ਭੀ ਮਨ ਚੋਂ ਨਿਕਲੀ ਹੋਈ ਗੂੜ ਵਿੱਦਿਆ, ਕੋਮਲ ਹੁਨਰ ਜੋ ਸਭ ਤੋਂ ਗੁਣੀ ਹੱਥਾਂ ਦਾ ਪੈਦਾ ਕੀਤਾ ਹੈ, ਪ੍ਰਭਾਵ ਜੋ ਸਭ ਤੋਂ ਤਾਕਤਵਰ ਰਾਜਿਆਂ ਨੇ ਪਾਇਆ, ਇਹ ਸਭ ਸਬੂਤ ਹਨ ਉਸ ਤੇਜ ਕਰਨ ਵਾਲੀ ਸ਼ਕਤੀ ਦੇ ਜੋ ਉਸ ਦੀ ਅਪਰੰਪਾਰ, ਸਰਵ-ਵਿਆਪਕ ਤੇ ਨੂਰਾਨੀ ਰੂਹ ਨੇ ਸੌਂਪੀ।

ਅਸੀਂ ਸਾਖੀ ਹਾਂ ਕਿ ਜਦੋਂ ਉਹ (ਯਸੂਹ) ਦੁਨੀਆ 'ਚ ਆਇਆ ਤਾਂ ਉਸਨੇ ਆਪਣੇ ਪ੍ਰਤਾਪ ਦੀ ਰੋਸ਼ਨੀ ਸਾਰੀ ਦੁਨਿਆਂ ਤੇ ਪਾਈ। ਉਸਦੇ ਕੋਲੋਂ ਕੋਹੜੀ ਆਪਣੀ ਬੁਰਾਈ ਤੇ ਅਗਿਆਨ ਦੇ ਕੋਹੜ ਤੋਂ ਰਾਜੀ ਹੋਇਆ। ਉਸ ਦੇ ਹੱਥੀਂ ਨਾਪਾਕ ਤੇ ਭੁੱਲੇ ਭਟਕੇ ਠੀਕ ਹੋਏ। ਉਹਦੀ ਸ਼ਕਤੀ ਦੁਆਰਾ ਜੋ ਸਰਵ-ਸ਼ਕਤੀਮਾਨ ਪ੍ਰਮਾਤਮਾਂ ਦੀ ਪੈਦਾ ਕੀਤੀ ਸੀ, ਅਨ੍ਹਿਆ ਦੀਆ ਅੱਖਾਂ ਖੁਲ੍ਹ ਗਈਆਂ ਤੇ ਗੁਨਾਹਗਾਰਾਂ ਦੀ ਆਤਮਾ ਸੁਅੱਛ ਹੋ ਗਈ।

ਕੋੜ੍ਹ ਦਾ ਮਤਲਬ ਹੈ ਉਹ ਪੜਦਾ ਜੋ ਬੰਦੇ ਤੇ ਰੱਬ ਦੀ ਸ਼ਨਾਖਤ

ਦੇ ਵਿਚਾਲੇ ਪਿਆ ਹੈ। ਜੋ ਕੋਈ ਭੀ ਰੱਬ ਤੋਂ ਬਾਹਰ ਹੈ ਉਹ ਕੋੜ੍ਹੀ ਹੈ, ਤੇ ਉਹ ਉਸ ਦੇ ਦਰਬਾਰ 'ਚ ਜੋ ਸ਼ਕਤੀਵਾਨ ਹੈ ਤੇ ਵਡਿਆਈ ਵਾਲਾ ਹੈ, ਯਾਦ ਨਹੀਂ ਕੀਤਾ ਜਾਵੇਗਾ। ਅਸੀਂ ਗਵਾਹੀ ਦੇਂਦੇ ਹਾਂ ਕਿ ਉਸ ਦੇ ਨਾਮ ਦੇ ਸਦਕੇ ਹਰ ਕੋੜ੍ਹੀ ਸੁਅੱਛ ਹੋ ਗਿਆ ਤੇ ਉਸਦਾ ਹਰ ਰੋਗ ਰਾਜ਼ੀ ਹੋ ਗਿਆ ਤੇ ਇਨਸਾਨ ਦੀ ਹਰ ਕਮਜ਼ੋਰੀ ਦੂਰ ਹੋ ਗਈ। ਉਹ ਹੀ ਹੈ ਜੋ ਦੁਨਿਆਂ ਨੂੰ ਪਵਿੱਤਰ ਕਰਦਾ ਹੈ। ਉਹ ਆਦਮੀ ਧੰਨ ਹੈ ਜੋ ਖਿੜੇ ਮੱਥੇ ਉਸ ਵਲ ਪਰਤਦਾ ਹੈ।

14. ਇਸ ਹਕੀਕਤ ਨੂੰ ਜਾਣ ਕੇ ਹਰ ਧਾਰਮਕ ਪ੍ਰਣਾਲੀ 'ਚ ਰੱਬੀ ਇਲਹਾਮ ਦਾ ਚਾਨਣ ਬੰਦਿਆਂ ਨੂੰ ਉਨ੍ਹਾਂ ਦੀ ਰੂਹਾਨੀ. ਸਮਰੱਥਾ ਦੇ ਅਨਸਾਰ ਬਖਸ਼ਿਆ ਗਿਆ ਹੈ। ਸੂਰਜ ਦੀ ਮਿਸਾਲ ਲਵੋ। ਜਦੋਂ ਇਹ ਨਿਕਲਦਾ ਹੈ ਤਾਂ ਇਸ ਦੀਆਂ ਕਿਰਨਾਂ ਬਹੁਤ ਘਟ ਤੇਜ ਹੁੰਦੀਆਂ ਹਨ। ਕਿਵੇਂ ਹੌਲੀ ਹੌਲੀ ਇਸ ਦੀ ਗਰਮੀ ਤੇ ਤੇਜ਼ੀ ਵਧ ਜਾਂਦੀਆਂ ਹਨ ਜਦੋਂ ਇਹ ਸਿਖਰ ਤੇ ਪਹੁੰਚਦਾ ਹੈ ਤੇ ਇਸ ਵਿਚਾਲੇ ਸਾਰੀ ਸ੍ਰਿਸ਼ਟੀ ਨੂੰ ਇਸ ਯੋਗ ਬਣਾ ਦੇਂਦਾ ਹੈ ਕਿ ਇਸ ਦੀ ਵਧਦੀ ਹੋਈ ਰੋਸ਼ਨੀ ਦੇ ਅਨੁਕੂਲ ਹੋ ਜਾਣ। ਕਿਵੇਂ ਹੌਲੀ ਹੌਲੀ ਇਹ ਥੱਲੇ ਉਤਰਦਾ ਹੈ ਤੇ ਅਸਤ ਹੋਣ ਦੇ ਦਰਜ਼ੇ ਨੂੰ ਪਹੁੰਚਦਾ ਹੈ। ਜੇ ਇਹ ਅਚਾਨਕ ਹੀ ਆਪਣੀ ਛੁਪੀ ਹੋਈ ਸ਼ਕਤੀ ਪ੍ਰਗਟ ਕਰ ਦੇਵੇ ਤਾਂ ਨਿਰਸੰਦੇਹ ਸਾਰੀ ਸ੍ਰਿਸ਼ਟੀ ਨੂੰ ਹਾਨੀ ਹੋਵੇਗੀ। ਇਸੇ ਤਰ੍ਹਾਂ ਜੇ ਸਤਿ ਦਾ ਸੂਰਜ ਇਕਦਮ ਆਪਣੇ ਜ਼ਹੂਰ ਦੇ ਪਹਿਲੇ ਪੜਾਵਾਂ ਤੇ ਹੀ ਉਹ ਸਾਰੀਆਂ ਸ਼ਕਤੀਆਂ ਦਿਖਾ ਦੇਵੇ ਜੋ ਉਸ ਸਰਵ-ਸ਼ਕਤੀਮਾਨ ਦੀ ਦੂਰ ਦ੍ਰਿਸ਼ਟੀ ਨੇ ਇਸ ਨੂੰ ਬਖ਼ਸ਼ੀਆਂ ਹਨ ਤਾਂ ਇਨਸਾਨ ਦੀ ਤੁੱਛ ਬੁੱਧੀ ਅਜਾਈ ਜਾਵੇਗੀ ਤੇ ਨਾਸ਼ ਹੋ ਜਾਵੇਗੀ, ਕਿਉਂ ਜੋ ਲੋਕਾਂ ਦੇ ਮਨ ਨਾ ਤਾਂ ਇਲਹਾਮ ਦੀ ਤੇਜ਼ੀ ਸਹਾਰ ਸਕਦੇ ਹਨ ਤੇ ਨਾਂ ਹੀ ਇਸ ਦੀ ਰੋਸ਼ਨੀ ਦੀ ਚਮਕ ਦਾ ਅਕਸ ਉਨ੍ਹਾਂ ਦੇ ਹਿਰਦਿਆਂ ਵਿੱਚ ਆ ਸਕਦਾ ਹੈ। ਨਿਰਾਸ਼ ਤੇ ਅਵੱਸ ਹੋਕੇ ਉਹ ਮਿਟ ਜਾਣਗੇ।

15. ਹੇ ਰੱਬ ਦੇ ਬੰਦਿਓ। ਆਪਣੇ ਮਨ ਉਸ ਸੱਚੇ ਤੇ ਬੇਨਜ਼ੀਰ ਮਿੱਤਰ



ਦੇ ਮੱਤੇ ਵੱਲ ਲਿਆਓ। ਪ੍ਰਮਾਤਮਾ ਦਾ ਸ਼ਬਦ ਇਕ ਨਵੇ ਬੂਟੇ ਦੇ ਨਿਆਈ ਹੈ। ਜਿਸ ਦੀਆਂ ਜੜ੍ਹਾਂ ਬੰਦਿਆਂ ਦੇ ਮਨਾਂ 'ਚ ਲਗੀਆਂ ਹਨ। ਤੁਹਾਡੇ ਵਾਸਤੇ ਇਹ ਉਚਿਤ ਹੈ ਕਿ ਇਸ ਨੂੰ ਸ਼ੁੱਧ ਤੇ ਪਵਿੱਤਰ ਸਬਦਾਂ 'ਚੋਂ ਮਿਲੀ ਅਕਲ ਦਾ ਸਦਾ ਵਹਿੰਦਾ ਪਾਣੀ ਦੇ ਕੇ ਪਾਲੋ ਤਾਂ ਜੋ ਇਸ ਦੀਆਂ ਜੜ੍ਹਾਂ ਪੱਕੀਆਂ ਹੋ ਜਾਣ ਤੇ ਇਸ ਦੀਆਂ ਟਾਹਣੀਆਂ ਫੈਲ ਕੇ ਅਸਮਾਨ ਤੋਂ ਭੀ ਪਰੇ ਜਾ ਪੁਜਨ॥

ਹੇ ਧਰਤੀ ਨਿਵਾਸੀਓ! ਇਸ ਮਹਾਨ ਇਲਹਾਮ ਦਾ ਨਿਖੜਵਾਂ ਚਿੰਨ੍ਹ ਜੋ ਇਸਦੇ ਆਚਾਰ ਨੂੰ ਸਭ ਤੋਂ ਉੱਚਾ ਬਣਾਂਦਾ ਹੈ ਇਹ ਹੈ ਕਿ ਅਸੀਂ ਇਕ ਪਾਸੇ ਤਾਂ ਪ੍ਰਮਾਤਮਾਂ ਦੀ ਪਵਿੱਤਰ ਕਿਤਾਬ ਚੋਂ ਉਹ ਸਭ ਕੁੱਝ ਕੱਢ ਦਿੱਤਾ ਹੈ ਜੋ ਝਗੜੇ, ਬਦਨੀਤੀ ਤੇ ਸ਼ਰਾਰਤ ਦਾ ਕਾਰਨ ਸੀ ਇਨਸਾਨ ਦੀ ਔਲਾਦ ਦਾ ਤੇ ਦੂਜੇ ਪਾਸੇ ਸਦ ਭਾਵਨਾ, ਸੂਝ ਬੂਝ ਪੂਰਨ ਤੇ ਪਾਏਦਾਰ ਏਕਤਾ ਦੀਆਂ ਜ਼ਰੂਰੀ ਪਹਿਲੀਆ ਸ਼ਰਤਾਂ ਲਿਖ ਦਿਤੀਆਂ ਹਨ। ਜੋ ਮੇਰੇ ਕਾਨੂੰਨ ਤੇ ਚਲਦੇ ਹਨ ਚੰਗਾ ਕਰਦੇ ਹਨ।

ਅਸੀਂ ਬਾਰ ਬਾਰ ਆਪਣੇ ਪਿਆਰਿਆਂ ਨੂੰ ਤਾੜਨਾ ਕਰਦੇ ਹਾਂ ਕਿ ਜਿਸ ਚੀਜ਼ ਚੋਂ (ਭਾਵੇਂ ਉਹ ਕੁਝ ਭੀ ਹੋਵੇ) ਸ਼ਰਾਰਤ ਦੀ ਬੋ ਆਵੇ ਉਸ ਤੋਂ ਬਚੋ. ਬਲਕਿ ਦੂਰ ਨੱਸੋ। ਦੁਨੀਆਂ ਵਿਚ ਹਲਚਲ ਮੱਚੀ ਹੋਈ ਹੈ ਤੇ ਲੋਕਾਂ ਦੇ ਮਨਾਂ ਦੀ ਦਸ਼ਾ ਗੜਬੜੀ ਵਾਲੀ ਹੈ। ਅਸੀਂ ਪ੍ਰਮਾਤਮਾ ਅਗੇ ਨਿਮਰ ਬੇਨਤੀ ਕਰਦੇ ਹਾਂ ਕਿ ਉਹ ਉਨਾਂ ਦੇ ਮਨਾਂ ਨੂੰ ਆਪਣੀ ਕਿਰਪਾ ਦੁਆਰਾ ਆਪਣੇ ਨਿਆਂ ਦੀ ਵਡਿਆਈ ਸਦਕੇ ਉੱਜਲ ਕਰ ਦੇਵੇ ਤੇ ਉਨ੍ਹਾਂ ਨੂੰ ਸਮਰੱਥਾ ਬਖਸ਼ੇ ਕਿ ਉਹ ਭਾਲ ਲੈਣ ਜੋ ਉਨ੍ਹਾਂ ਵਾਸਤੇ ਹਰ ਸਮੇ ਤੇ ਹਰ ਹਾਲਤ ਵਿਚ ਲਾਭਦਾਇਕ ਹੋਵੇ। ਉਹ ਹੀ ਸੱਚ ਮੁੱਚ ਸਭ ਕਾਸੇ ਦਾ ਮਾਲਕ ਹੈ ਤੇ ਸਭ ਤੋਂ ਉੱਚਾ ਹੈ।

16. ਮੈ ਆਪਣੀ ਕੈਦ ਦੇ ਭਾਰ ਦਾ ਅਫਸੋਸ ਨਹੀਂ ਕਰਦਾ ਨਾਂ ਮੈਂ ਆਪਣੇ ਅਪਮਾਨ ਦਾ ਤੇ ਨਾਂ ਹੀ ਆਪਣੀ ਬਿਪਤਾ ਦਾ ਜੋ ਮੇਰੇ ਦੁਸ਼ਮਣਾਂ ਦੇ ਹੱਥੋਂ ਮੈਂ ਸਹਿ ਰਿਹਾ ਹਾਂ, ਦੁਖ ਰੋਂਦਾ ਹਾਂ। ਮੈਨੂੰ ਆਪਣੀ ਜਾਨ ਦੀ

ਸੌਗੰਧ, ਇਹ ਚੀਜ਼ਾਂ ਤਾਂ ਮੇਰੀ ਸ਼ਾਨ ਹਨ ਉਹ ਸ਼ਾਨ ਜਿਸ ਨਾਲ ਪ੍ਰਮਾਤਮਾ ਆਪ ਸਜਿਆ ਹੈ। ਕਾਸ਼ ਕਿ ਤੂੰ ਜਾਣਦਾ।

ਸ਼ਰਮ ਜੋ ਮੈਨੂੰ ਸਹਾਰਨੀ ਪਈ ਉਸ ਨੇ ਉਹ ਸ਼ਾਨ ਜਿਸ ਨਾਲ ਸਾਰੀ ਸ੍ਰਿਸ਼ਟੀ ਘਿਰੀ ਹੋਈ ਹੈ ਉਘਾੜ ਦਿੱਤੀ ਅਤੇ ਤਸੀਹਿਆਂ ਦੇ ਕਾਰਨ ਜੋ ਮੈਂ ਸਹੇ, ਇਨਸਾਫ ਦਾ ਸੂਰਜ ਪ੍ਰਗਟ ਹੋਇਆ ਤੇ ਆਪਣੀ ਰੋਸ਼ਨੀ ਬੰਦਿਆਂ ਤੇ ਪਾਈ।

ਮੇਰੇ ਦੁੱਖ ਉਨ੍ਹਾਂ ਲੋਕਾਂ ਕਾਰਨ ਹਨ, ਜੋ ਭੈੜੇ ਵਿਸ਼ਿਆਂ 'ਚ ਫਸੇ ਹੋਏ ਹਨ ਪਰ ਦਾਅਵਾ ਇਸ ਗੱਲ ਦਾ ਕਰਦੇ ਹਨ, ਕਿ ਉਹ ਉਸ ਧਰਮ ਨਾਲ ਸਬੰਧਤ ਹਨ ਜੋ ਕਿਰਪਾ ਨਿਧਾਨ ਤੇ ਸਭ ਗੁਣ ਪ੍ਰਮਾਤਮਾ ਦਾ ਹੈ।

ਬਹਾਈਆਂ ਵਾਸਤੇ ਇਹ ਯੋਗ ਹੈ ਕਿ ਦੁਨੀਆਂ, ਤੇ ਜੋ ਕੁਝ ਇਸ ਵਿਚ ਹੈ, ਵਲੋਂ ਨਿਰਮੋਹ ਹੋ ਜਾਣ ਤੇ ਸੰਸਾਰਕ ਚੀਜ਼ਾਂ ਤੋਂ ਏਤਨੇ ਵੇਲੇ ਅੱਡ ਹੋ ਜਾਣ ਕਿ ਸਵਰਗ ਦੇ ਵਾਸੀ ਉਨ੍ਹਾਂ ਦੇ ਜਾਮੇ 'ਚੋਂ ਆਉਂਦੀ ਸੁਗੰਧੀ ਸੁੰਘ ਕੇ ਪਵਿਤ੍ਰਤਾ ਦਾ ਸੁਆਦ ਲੈ ਸਕਣ। ਤੇ ਦੁਨੀਆਂ ਦੇ ਸਾਰੇ ਲੋਕ ਉਨ੍ਹਾਂ ਦੇ ਉਜਲੇ ਮੁੱਖਾਂ ਤੋਂ ਦਿਆਲੂ ਪ੍ਰਮਾਤਮਾ ਦਾ ਨੂਰ ਪਹਿਚਾਣ ਸਕਣ ਤੇ ਉਨ੍ਹਾਂ ਦੇ ਰਾਹੀਂ ਬਾਹਰਲੇ ਮੁਲਕਾਂ 'ਚ ਪ੍ਰਮਾਤਮਾ ਦੇ ਚਿੰਨ੍ਹ ਤੇ ਨਿਸ਼ਾਨਿਆਂ ਫੈਲ ਜਾਣ ਉਸ ਪ੍ਰਮਾਤਮਾ ਦੇ ਜੋ ਸਰਵ-ਸ਼ਕਤੀਮਾਨ ਹੈ ਤੇ ਕੁਲ ਦਾਨਾ ਹੈ। ਜਿਨ੍ਹਾਂ ਨੇ ਪ੍ਰਮਾਤਮਾ ਦੇ ਸੋਹਣੇ ਮਨੋਰਥ ਨੂੰ ਸ਼ਰੀਰਕ ਵਿਸ਼ਿਆਂ ਮਗਰ ਲਗ ਕੇ ਵੱਟਾ ਲਾਇਆ ਉਹ ਸਪਸ਼ਟ ਤੌਰ ਤੇ ਗਲਤੀ ਕਰ ਰਹੇ ਹਨ।

17. ਹੇ ਯਹੂਦੀਓ! ਜੇ ਤੁਸੀਂ ਮੁੜ ਯਸੂਹ ਨੂੰ ਸੂਲੀ ਚਾੜ੍ਹਨ ਤੇ ਤੁਲੇ ਹੋਏ ਹੋ ਜੋ ਰੱਬ ਦੀ ਰੂਹ ਸੀ ਤਾਂ ਮੈਨੂੰ ਮਾਰ ਦਿਓ, ਕਿਉਂਕਿ ਜੋ ਉਹ ਇਕ ਵੇਰੀ ਫਿਰ ਮੇਰੇ ਜਾਮੇ ਵਿਚ ਆਇਆ ਹੈ ਤੇ ਤੁਹਾਡੇ ਸਾਹਮਣੇ ਪ੍ਰਗਟ ਹੈ। ਮੇਰੇ ਨਾਲ ਜੋ ਮਰਜ਼ੀ ਕਰੋ ਕਿਉਂ ਜੋ ਮੈਂ ਨੇਮ ਕੀਤਾ ਹੈ ਕਿ ਰੱਬ ਦੇ ਮਾਰਗ ਤੇ ਜਾਨ ਦੇ ਦੇਵਾਂਗਾ, ਮੈਂ ਕਿਸੇ ਦਾ ਭੈ ਨਹੀਂ



ਮੰਨਾਂਗਾ ਭਾਵੇਂ ਜ਼ਮੀਨ ਅਸਮਾਨ ਦੀਆਂ ਤਾਕਤਾਂ ਮੇਰੇ ਖਲਾਫ ਇੱਕ ਜੁਟ ਹੋ ਜਾਣ। ਹਦੀਸ ਦੇ ਮੁਰੀਦੋ! ਜੇ ਤੁਸੀਂ ਮੁਹੱਮਦ ਨੂੰ ਜੋ ਰੱਬ ਦਾ ਰਸੂਲ ਸੀ, ਕਤਲ ਕਰਨ ਦੇ ਚਾਹਵਾਨ ਹੋ ਤਾਂ ਮੈਨੂੰ ਫੜਕੇ ਮਾਰ ਦੇਵੋ ਕਿਉਂ ਜੋ ਮੈਂ ਉਹੀ ਹਾਂ ਤੇ ਮੇਰੀ ਜਾਤ ਉਸਦੀ ਜਾਤ ਹੈ। ਮੇਰੇ ਨਾਲ ਜੋ ਚਾਹੋ ਕਰੋ ਕਿਉਂ ਜੋ ਮੇਰੇ ਮਨ ਦੀ ਗੂੜ੍ਹੀ ਅਭਿਲਾਸ਼ਾ ਇਹੀ ਹੈ ਕਿ ਮੈਂ ਆਪਣੇ ਅੱਤ ਪਿਆਰੇ ਦੀ ਹਾਜ਼ਰੀ ਉਹਦੇ ਨੂਰਾਨੀ ਦਰਬਾਰ ਵਿਚ ਪਾਵਾਂ। ਜੇ ਤੁਸੀਂ ਜਾਣਦੇ ਤਾਂ ਅਗੰਮੀ ਹੁਕਮ ਇਹੀ ਹੈ। ਮੁੰਹਮਦ ਦੇ ਮੁਰੀਦੋ ਜੇ ਤੁਸੀਂ ਆਪਣੇ ਤੀਰਾਂ ਨਾਲ ਉਸਦੀ ਛਾਤੀ ਵਿਨ੍ਹਣਾ ਚਾਹੁੰਦੇ ਹੋ ਜਿਸਨੇ ਆਪਣੀ ਕਿਤਾਬ "ਬਯਾਨ" ਤੁਹਾਨੂੰ ਅਗੰਮੋਂ ਲਿਆਕੇ ਦਿੱਤੀ, ਤਾਂ ਮੈਨੂੰ ਪਕੜ ਲਵੋ ਤੇ ਦੁਖੀ ਕਰੋ ਕਿਉਂ ਜੋ ਮੈਂ ਉਸਦਾ ਪਿਆਰਾ ਹਾਂ, ਤੇ ਉਸ ਦੀ ਜਾਤ ਦਾ ਪ੍ਰਗਟਾਵਾ ਹਾਂ ਭਾਂਵੇ ਮੇਰਾ ਨਾਂ ਹੋਰ ਹੈ। ਮੈਂ ਉਸਦੀ ਸ਼ਾਨ ਦੇ ਬਦਲਾਂ ਦੀ ਛਾਂਵੇ ਆਇਆ ਹਾਂ ਤੇ ਰੱਬ ਨੇ ਮੈਨੂੰ ਅਜਿੱਤ ਸਰਬ ਸਮ੍ਰਥਾ ਬਖਸ਼ੀ ਹੈ। ਉਹ (ਪ੍ਰਮਾਤਮਾ) ਹੀ ਸਤਿ ਹੈ। ਤੇ ਅਣਡਿਠੀਆਂ ਚੀਜ਼ਾਂ ਦਾ ਜਾਣੂ ਹੈ। ਜੋ ਸਲੂਕ ਤੁਸੀਂ ਉਸ ਮਹਾਤਮਾ ਬਾਬ ਨਾਲ ਕੀਤਾ ਉਸ ਤੋਂ ਮੈਂ ਪਹਿਲਾਂ ਹੀ ਬੁੱਝ ਲਿਆ ਸੀ ਜੋ ਮੇਰੇ ਨਾਲ ਹੋਇਆ। ਇਸ ਦੀਆਂ ਸਭ ਚੀਜ਼ਾਂ ਸੱਚ ਮੁੱਚ ਗਵਾਹ ਹਨ। ਜੇ ਤੁਸੀਂ ਉਨ੍ਹਾਂ 'ਚੋਂ ਹੋ ਜੋ ਕੰਨ ਦੇਕੇ ਸੁਣਦੇ ਹਨ। "ਬਯਾਨ" ਦੇ ਲੋਕੋ ਜੇ ਤੁਸੀਂ ਉਸ ਦੇ ਖੂਨ ਡੋਲ੍ਹਨ ਦੀ ਪੱਕੀ ਧਾਰੀ ਹੋਈ ਹੈ ਜਿਸ ਦੇ ਆਉਣ ਦਾ ਮਹਾਤਮਾ ਬਾਬ ਨੇ ਏਲਾਨ ਕੀਤਾ ਤੇ ਜਿਸ ਦਾ ਆਗਮਨ ਮੁਹੰਮੱਦ ਨੇ ਅਗਊਂ ਦੱਸਿਆ ਜਿਸਦਾ ਜ਼ਰੂਰ ਯਸੂਹ ਮਸੀਹ ਨੇ ਨਿਵੇਦਨ ਕੀਤਾ, ਤਾਂ ਮੈਨੂੰ ਤਕੋ ਜੋ ਤੁਹਾਡੇ ਸਾਹਮਨੇ ਤਿਆਰ ਤੇ ਨਿਆਸਰਾ ਖੜਾ ਹੈ। ਮੇਰੇ ਨਾਲ ਜੋ ਮਰਜ਼ੀ ਹੈ ਬਰਤਾਓ ਕਰੋ।

18. ਹੇ ਲੋਕ! ਮੈਂ ਸੱਚੇ ਰੱਬ ਦੀ ਸਹੁੰ ਖਾ ਕੇ ਕਹਿੰਦਾ ਹਾਂ ਇਹੀ ਉਹ ਮਹਾਂ ਸਾਗਰ ਹੈ ਜਿਸ ਤੋਂ ਸਾਰੇ ਸਾਗਰ ਨਿਕਲੇ ਹਨ ਤੇ ਜਿਸ ਨਾਲ ਸਾਰੇ ਸਾਗਰ ਅੰਤ ਨੂੰ ਜਾ ਰਲਣਗੇ। ਉਸੇ ਤੋਂ ਸਾਰੇ ਸੂਰਜ ਪੈਦਾ ਹੋਏ ਹਨ ਤੇ ਅਖੀਰ ਉਸੀ ਨਾਲ ਮਿਲ ਜਾਣਗੇ। ਉਸ ਦੀ ਸ਼ਕਤੀ

ਰਾਹੀਂ ਰੱਬੀ ਇਲਹਾਮ ਦੇ ਬ੍ਰਿਛਾਂ ਨੂੰ ਫਲ ਲੱਗਿਆ, ਤੇ ਹਰ ਫਲ ਇਸ ਧਰਤੀ ਤੇ ਇਕ ਅਵਤਾਰ ਦੀ ਸ਼ਕਲ 'ਚ ਭੇਜਿਆ ਗਿਆ; ਤੇ ਹਰ ਅਵਤਾਰ ਇਕ ਸੁਨੇਹਾ ਲੈ ਕੇ ਆਇਆ ਰੱਬ ਦੇ ਬੰਦਿਆਂ ਵਾਸਤੇ ਹਰ ਇਕ ਦੁਨੀਆਂ ਵਿਚ ਜਿਨ੍ਹਾਂ ਦੀ ਸੰਖਿਆ ਰੱਬ ਹੀ ਆਪਣੇ ਸਰਬ-ਘੇਰੂ ਗਿਆਨ ਰਾਹੀਂ ਜਾਣ ਸਕਦਾ ਹੈ। ਇਹ ਉਸਨੇ ਆਪਣੇ ਇਕ ਸ਼ਬਦ ਦੁਆਰਾ ਕਰ ਦਿੱਤਾ ਜੋ ਸ਼ਬਦ ਕਿ ਉਸ ਦੀ ਕਲਮ ਨੇ ਜ਼ਾਹਰ ਕੀਤਾ, ਤੇ ਕਲਮ ਉਸਦੀ ਉਂਗਲ ਨੇ ਵਾਹੀ ਤੇ ਉਂਗਲ ਨੂੰ ਸਹਾਰਾ ਸੀ ਉਸ ਸਤਿ ਦਾ ।

19. ਮੇਰੇ ਪਿਆਰੇ ! ਰੱਬ ਦੀ ਸਚਾਈ ਦੀ ਸਹੁੰ ਮੈ ਕਦੇ ਭੀ ਦੁਨੀਆ ਦੀ ਲੀਡਰੀ ਦੀ ਚਾਹਨਾਂ ਨਹੀਂ ਕੀਤੀ। ਮੇਰਾ ਇੱਕੋ ਇੱਕ ਮਨੋਰਥ ਇਹ ਰਿਹਾ ਹੈ ਕਿ ਬੰਦਿਆਂ ਨੂੰ ਉਹ ਕੁਝ ਸੌਂਪ ਦੇਵਾਂ ਜ ਕਿ ਪ੍ਰਮਾਤਮਾ ਨੇ ਮੈਨੂੰ ਪਹੁੰਚਾਣ ਦਾ ਹੁਕਮ ਦਿੱਤਾ ਸੀ – ਉਹ ਪ੍ਰਮਾਤਮਾ ਜੋ ਦਿਆਲੂ ਤੇ ਬੇਨਜ਼ੀਰ ਹੈ। ਤਾਂ ਜੋ ਇਹ ਸੁਨੇਹਾ ਬੰਦਿਆਂ ਨੂੰ ਦੁਨਿਆਵੀ ਚੀਜ਼ਾਂ ਤੋਂ ਨਿਰਮੋਹ ਕਰ ਦੇਵੇ ਅਤੇ ਉਨ੍ਹਾਂ ਨੂੰ ਉਸ ਉਚਾਈ ਤੇ ਲੈ ਜਾਵੇ ਜੋ ਨਾਂ ਅਧਰਮੀ ਤੇ ਨਾਂ ਭੈੜੇ ਬੰਦੇ ਖਿਆਲ 'ਚ ਲਿਆ ਸਕਦੇ ਹਨ ।

20. ਹਰ ਵਿਚਾਰ ਕਰਨ ਵਾਲਾ ਜਿਸ ਦੇ ਮਨ ਵਿਚ ਕਟੀ ਮੈਲ ਨਹੀਂ, ਸੌਖੇ ਹੀ ਮੰਨ ਲਵੇਗਾ ਕਿ ਉਸ ਦੇ ਇਲਹਾਮ ਦੇ ਸ਼ੁਰੂ ਤੋਂ ਲੈ ਕੇ, ਇਹ ਦੁਖੀ ਵਿਅਕਤੀ ਸਭ ਮਨੁੱਖ ਜਾਤੀ ਨੂੰ ਸੱਦਾ ਦੇਂਦਾ ਰਿਹਾ ਕਿ ਆਓ ਆਪਣੇ ਮੂੰਹ ਉਸ ਦੀ ਸ਼ਾਨ ਦੇ ਸਵੇਰੇ ਵੱਲ ਕਰੋ ਅਤੇ ਨਾਲੇ ਲੋਕਾਂ ਨੂੰ ਵਰਜਦਾ ਰਿਹਾ ਕਿ, ਭਰਿਸ਼ਟਾਚਾਰ ਤੋਂ, ਨਫਰਤ ਤੋਂ ਜ਼ੁਲਮ ਤੋਂ ਤੇ ਭੈੜੇ ਪਨ ਤੋਂ ਆਪਣਾ ਮੂੰਹ ਫੇਰੋ, ਪਰ ਦੇਖੋ ਜ਼ਾਲਮ ਦੇ ਹੱਥੀਂ ਕੀ ਹੋਇਆ। ਕੋਈ ਕਲਮ ਉਸਦਾ ਜ਼ੁਲਮ ਬਿਆਨ ਨਹੀਂ ਕਰ ਸਕਦੀ । ਭਾਵੇਂ ਉਸਦਾ ਜੋ ਸਦੀਵੀ ਸਤਿ ਹੈ, ਇਹੀ ਮੰਤਵ ਰਿਹਾ ਹੈ ਕਿ ਮਨੁੱਖ ਜਾਤੀ ਨੂੰ ਅਨੰਤ ਜੀਵਨ ਬਖਸ਼ਿਆ ਜਾਵੇ ਤੇ ਉਸਦੀ ਰੱਖਿਆ ਤੇ ਸ਼ਾਨਤੀ ਯਕੀਨੀ ਬਣਾਈ ਜਾਵੇ ਪਰ ਦੇਖੋ ਕਿਵੇਂ ਮਨੁੱਖ ਉਸਦੇ



ਪਿਆਰਿਆਂ ਦਾ ਲਹੂ ਡੋਲ੍ਹਣ ਵਾਸਤੇ ਉਠੇ ਤੇ ਉਨ੍ਹਾਂ (ਪਿਆਰਿਆਂ) ਨੂੰ ਮੌਤ ਦੀ ਸਜ਼ਾ ਸੁਣਾਈ।

ਇਸ ਜ਼ੁਲਮ ਦੇ ਭੜਕਾਉਣ ਵਾਲੇ ਉਹ ਹਨ, ਜੋ ਹਨ ਤਾਂ ਮੂਰਖ ਪਰ ਸਿਆਣਿਆਂ ਵਿਚ ਗਿਣੇ ਜਾਂਦੇ ਹਨ। ਉਹ ਅਜੇਹੇ ਅੰਨ੍ਹੇ ਹਨ ਤੇ ਉਨ੍ਹਾਂ ਦੀ ਬੇਬਹਾਨਾਂ ਸਖਤੀ ਅਜਿਹੀ ਹੈ ਕਿ ਉਨ੍ਹਾਂ ਨੇ ਉਸ ਨੂੰ ਜਿਸ ਦੀ ਦਹਿਲੀਜ਼ ਦੇ ਦਾਸਾਂ ਵਾਸਤੇ ਇਹ ਦੁਨੀਆ ਪੈਦਾ ਕੀਤੀ ਗਈ ਹੈ, ਇਕ ਕਿਲ੍ਹੇ ਬੰਦ ਤੇ ਦੁਖਦਾਇਕ ਜੇਲ੍ਹ ਵਿਚ ਸੁੱਟ ਦਿਤਾ। ਪਰ ਸਰਵਸ਼ਕਤੀਮਾਨ ਪ੍ਰਮਾਤਮਾਂ ਨੇ ਬਾਵਜੂਦ ਉਨ੍ਹਾਂ ਦੇ, ਤੇ ਜਿਨ੍ਹਾਂ ਨੇ ਉਸਦੇ ਮਹਾਨ ਏਲਾਨ ਦੀ ਸਚਾਈ ਤੋਂ ਇਨਕਾਰ ਕੀਤਾ, ਇਸ ਦੇ ਕੈਦਖਾਨੇ ਨੂੰ ਇਕ ਸ਼ਾਨਦਾਰ ਸਵਰਗ ਜੋ ਸੱਤ ਅਸਮਾਨਾਂ ਤੋਂ ਭੀ ਉੱਚਾ ਹੈ, ਬਣਾ ਦਿੱਤਾ।

21. ਦੁਨੀਆਂ ਘਾਲਾਂ ਘਾਲਦੀ ਹੈ ਤੇ ਇਸ ਦੀ ਘਬਰਾਹਟ ਦਿਨੋਂ ਦਿਨ ਵਧਦੀ ਜਾਂਦੀ ਹੈ। ਇਸ ਨੇ ਆਪਣਾਂ ਮੂੰਹ ਭੈੜੀਆਂ ਗੱਲਾਂ ਤੇ ਧਰਮ ਵਿਰੁੱਧ ਕੀਤਾ ਹੋਇਆ ਹੈ। ਇਸ ਦੀ ਅਜਿਹੀ ਦੁਰਦਸ਼ਾ ਹੋਵੇਗੀ ਕਿ ਉਸਦਾ ਹੁਣੇ ਵਰਨਣ ਕਰਨਾ ਉਚਿਤ ਤੇ ਢੁਕਵਾਂ ਨਹੀਂ। ਇਸ ਦਾ ਮਾੜਾ ਅਸਰ ਲੰਬੇ ਕਾਲ ਤਕ ਚਲੇਗਾ ਤੇ ਜਦੋਂ ਮੁਕੱਰਰ ਕੀਤਾ ਵਕਤ ਆ ਗਿਆ ਤਾਂ, ਅਚਾਨਕ ਜੋ ਦ੍ਰਿਸ਼ ਸਾਹਮਣੇ ਆਵੇਗਾ, ਲੋਕਾਂ ਦੇ ਅੰਗ ਅੰਗ ਕੰਬਾ ਦੇਵੇਗਾ। ਤਦ ਹੀ ਰੱਬੀ ਝੰਡਾ ਲਹਿਰਾਵੇਗਾ ਤੇ ਬਹਿਸ਼ਤੀ ਬੁਲਬੁਲ ਆਪਣਾ ਰਾਗ ਅਲਾਪੇਗੀ।

22. ਬੋਲੋ : ਜੇ ਤੁਸੀਂ ਇਸ ਜੀਵਨ ਤੇ ਉਸਦੇ ਫੋਕੇ ਅਭਿਮਾਨਾਂ ਦੇ ਚਾਹਵਾਨ ਹੋ ਤਾਂ ਤੁਹਾਨੂੰ ਚਾਹੀਦਾ ਸੀ ਤੁਸੀਂ ਇਹਨਾਂ ਚੀਜ਼ਾ ਨੂੰ ਮੰਗਦੇ ਜਦੋਂ ਤੁਸੀਂ ਮਾਤਾ ਦੀ ਕੁੱਖ 'ਚ ਸੀ। ਕਿਉਂ ਜੋ ਉਸ ਸਮੇਂ ਤੁਸੀਂ ਇਹਨਾਂ ਨੂੰ ਬਰਾਬਰ ਅਪੜ ਰਹੇ ਸੀ, ਜੇ ਤੁਸੀਂ ਅਨੁਭਵ ਕਰ ਸਕਦੇ। ਬਰਖਲਾਫ ਇਸ ਦੇ ਤੁਸੀਂ ਜਦੋਂ ਤੋਂ ਜੰਮੇਂ ਤੇ ਬਾਲਗ ਹੋਏ ਦੁਨੀਆਂ ਤੋਂ ਪਿੱਛੇ ਹਟਦੇ ਗਏ। ਤੇ ਖਾਕ ਦੇ ਨੇੜੇ ਹੁੰਦੇ ਗਏ। ਤੁਸੀਂ ਕਿਉਂ ਇਤਨਾ ਲਾਲਚ ਕਰਕੇ ਦੁਨੀਆਂ ਦੇ ਖਜ਼ਾਨੇ ਜੋੜ ਰਹੇ ਹੋ ਜਦੋਂ

ਕਿ ਤੁਸੀਂ ਬਹੁਤਾ ਚਿਰ ਨਹੀਂ ਜੀਵਨਾਂ ਨਾਲੇ ਤੁਹਾਡੇ ਹੱਥੋਂ ਮੌਕਾ ਖੁਸ ਰਿਹਾ ਹੈ। ਹੇ ਲਾਪਰਵਾਹ ਲੋਕੋ। ਫਿਰ ਤੁਸੀਂ, ਕਿਉਂ ਨਹੀਂ ਆਪਣੀ ਨੀਂਦ ਹਲੂਣਾ ਦੇ ਕੇ ਪਰ੍ਹਾਂ ਕਰਦੇ ? ਅਪਣੇ ਕੰਨ ਇਸ ਦਾਸ ਦੇ ਸੁਝਾ ਵੱਲ ਕਰੋ ਜੋ ਇਹ ਸੁਝਾ ਰੱਬ ਦੇ ਵਾਸਤੇ ਦੇ ਰਿਹਾ ਹੈ। ਇਹ ਦਾਸ ਸੱਚੀ ਕੋਈ ਮੁਆਵਜ਼ਾ ਨਹੀਂ ਮੰਗਦਾ ਤੇ ਜੋ ਰੱਬ ਦਾ ਉਸਦੇ ਵਾਸਤੇ ਹੁਕਮ ਹੈ ਉਸ ਨੂੰ ਭਾਣਾ ਕਰਕੇ ਮੰਨਦਾ ਹੈ ਤੇ ਰੱਬ ਦੀ ਰਜ਼ਾ ਅਗੇ ਸੀਸ ਨਿਵਾਉਂਦਾ ਹੈ।

ਹੇ ਲੋਕੋ ! ਤੁਹਾਡੀ ਜ਼ਿੰਦਗੀ ਦੇ ਦਿਨ ਮੁਕ ਗਏ ਹਨ ਤੇ ਤੁਹਾਡਾ ਅੰਤ ਸ਼ੀਘਰ ਹੀ ਆ ਰਿਹਾ ਹੈ। ਇਸ ਕਰਕੇ ਜਿਨ੍ਹਾਂ ਚੀਜ਼ਾਂ ਦੀ ਵਿਓਂਤ ਤੁਸੀਂ ਬਣਾਈ ਹੈ ਤੇ ਉਸਨੂੰ ਚੰਬੜੇ ਹੋਏ ਹੋ, ਛੱਡ ਦੇਵੋ ਤੇ ਰੱਬੀ ਸਿੱਖਿਆ ਪੱਲੇ ਬੰਨੋ ਤਾਂ ਜੋ ਸ਼ਾਇਦ ਤੁਸੀਂ ਉਹ ਕੁੱਝ ਪ੍ਰਾਪਤ ਕਰ ਸਕੋ ਜੋ ਉਸ (ਰੱਬ) ਨੇ ਤੁਹਾਡੇ ਵਾਸਤੇ ਨੀਅਤ ਕੀਤਾ ਹੈ ਤੇ ਉਨ੍ਹਾਂ 'ਚ ਗਿਣੇ ਜਾਵੋ ਜੋ ਠੀਕ ਰਸਤੇ ਤੇ ਚਲਦੇ ਹਨ। ਦੁਨਿਆਵੀ ਚੀਜਾਂ ਤੇ ਖਸ਼ ਨਾ ਹੋਵੋ ਤੇ ਨਾ ਇਸ ਦੇ ਨਿਸਫਲ ਸਿੰਗਾਰਾਂ ਤੇ, ਨਾਂ ਹੀ, ਇਨ੍ਹਾਂ ਤੇ ਆਪਣੀ ਆਸ਼ਾ ਬੰਨ੍ਹੋ। ਤੁਹਾਡਾ ਭਰੋਸਾ ਪ੍ਰਮਾਤਮਾਂ ਦੀ ਯਾਦ ਹੋਣਾ ਚਾਹੀਦਾ ਹੈ ਜੋ ਕਿ ਸਭ ਤੋਂ ਉੱਚਾ ਤੇ ਵੱਡਾ ਹੈ। ਉਹ ਛੇਤੀ ਹੀ ਤੁਹਾਡੀਆਂ ਸਾਰੀਆਂ ਚੀਜਾਂ ਨੂੰ ਖਤਮ ਕਰ ਦੇਵੇਗਾ। ਉਸ ਤੋਂ ਡਰੋ ਤੇ ਨਾ ਭੁੱਲੋ ਜੋ ਇਕਰਾਰ ਉਸਦਾ ਤੁਹਾਡੇ ਨਾਲ ਹੈ ਤੇ ਉਨ੍ਹਾਂ ਲੋਕਾਂ ਨਾਲ ਨਾ ਰਲੋ ਜੋ ਉਸ ਤੋਂ ਅੱਡ ਹੋ ਗਏ ਹਨ ਜਿਵੇਂ ਵਿਚਾਲੇ ਪੜਦਾ ਪਿਆ ਹੋਵੇ।

ਖਬਰਦਾਰ ! ਮੱਤ ਤੁਸੀਂ ਹੰਕਾਰ ਕਰ ਕੇ ਫੁੱਲ ਜਾਵੋ। ਮੱਤ ਉਸਦੇ ਅੱਗੇ ਘਿਰਨਾ ਕਰਕੇ ਠੁਕਰਾ ਦਿਓ, ਉਸ ਦੇ ਪਿਆਰਿਆਂ ਨੂੰ, ਜੋ ਉਸਦੇ ਵਫਾਦਾਰ ਹਨ, ਜਿਨ੍ਹਾਂ ਉਸ ਦੇ ਨਾਮ ਤੇ ਭਰੋਸਾ ਕੀਤਾ ਤੇ ਉਸਦੀਆਂ ਨਿਸ਼ਾਨੀਆਂ ਤੇ ਵੀ, ਜਿਨ੍ਹਾਂ ਦੇ ਦਿਲਾਂ ਨੇ ਉਸਦੀ ਏਕਤਾ ਦੀ ਹਾਮੀ ਭਰੀ, ਜਿਨ੍ਹਾਂ ਦੀਆਂ ਜੀਭਾਂ ਉਸ ਦੇ ਹੁਕਮ ਬਗੈਰ ਨਹੀਂ ਬੋਲਦੀਆਂ। ਇਨ੍ਹਾਂ ਸਭਨਾਂ ਦਾ ਨਿਮ੍ਰਤਾ ਸਹਿਤ ਆਦਰ ਕਰੋ।



ਇੰਜ ਅਸੀਂ ਜ਼ੋਰ ਨਾਲ ਤੁਹਾਨੂੰ ਹੱਕ ਜਾਣਕੇ ਸਮਝਾਉਂਦੇ ਹਾਂ ਤੇ ਤੁਹਾਨੂੰ ਸਚਾਈ ਨਾਲ ਚੌਕੰਨਾ ਕਰਦੇ ਹਾਂ ਸ਼ਾਇਦ ਤੁਸੀਂ ਜਾਗ ਉਠੋ।

ਕਿਸੇ ਭੀ ਵਿਅਕਤੀ ਤੇ ਅਜਿਹਾ ਭਾਰ ਨਾ ਪਾਓ ਜੋ ਤੁਸੀਂ ਆਪਣੇ ਤੇ ਨਾ ਚਾਹੋ, ਤੇ ਕਿਸੇ ਵਾਸਤੇ ਭੀ ਉਹ ਨਾਂ ਚਾਹੋ ਜੋ ਤੁਸੀਂ ਆਪਣੇ ਵਾਸਤੇ ਨਾ ਚਾਹੋ। ਇਹ ਮੇਰੀ ਸਭ ਤੋਂ ਚੰਗੀ ਸਲਾਹ ਹੈ ਜੋ ਤੁਹਾਨੂੰ ਦੇਂਦਾ ਹਾਂ। ਕੀ ਅੱਛਾ ਹੋਵੇ ਕਿ ਤੁਸੀਂ ਇਸ ਨੂੰ ਮੰਨੋ।

ਜੋ ਤੁਹਾਡੇ ਵਿਚੋਂ ਗਿਆਨੀ ਤੇ ਵਿਦਵਾਨ ਹਨ ਉਨ੍ਹਾਂ ਦਾ ਆਦਰ ਕਰੋ ਜੇ ਉਨ੍ਹਾਂ ਦਾ ਵਤੀਰਾ ਆਪਣੇ ਧਾਰਮਕ ਦਾਅਵੇ ਅਨੁਸਾਰ ਹੈ, ਤੇ ਉਹ ਉਨ੍ਹਾਂ ਹੱਦਾਂ ਦੀ ਉਲੰਘਣਾਂ ਨਹੀਂ ਕਰਦੇ ਜੋ ਰੱਬ ਨੇ ਮੁਕੱਰਰ ਕੀਤੀਆਂ ਹਨ, ਤੇ ਉਨ੍ਹਾਂ ਦੇ ਫ਼ੈਸਲੇ ਰੱਬ ਦੇ ਹੁਕਮ ਮੁਤਾਬਕ ਹੁੰਦੇ ਹਨ ਜੋ ਹੁਕਮ ਕਿ ਉਸ ਦੀ ਕਿਤਾਬ ਵਿਚ ਦਰਜ਼ ਹੈ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਦੀਵੇ ਹਨ ਜੋ ਰਾਹ ਦਿਖਾਉਂਦੇ ਹਨ ਉਨ੍ਹਾਂ ਨੂੰ ਜੋ ਅਸਮਾਨ ਤੇ ਧਰਤੀ ਤੇ ਹਨ। ਜੋ ਗਿਆਨੀਆਂ ਤੇ ਵਿਦਵਾਨਾਂ ਦੀ (ਜੋ ਲੋਕਾਂ ਵਿਚ ਰਹਿੰਦੇ ਹਨ) ਪ੍ਰਵਾਹ ਨਹੀਂ ਕਰਦੇ ਤੇ ਉਨ੍ਹਾਂ ਵਲ ਧਿਆਨ ਨਹੀਂ ਕਰਦੇ ਉਨ੍ਹਾਂ ਨੇ ਸੱਚ ਮੁੱਚ ਰੱਬ ਦੀ ਮਿਹਰ ਤਿਆਗ ਦਿੱਤੀ ਹੈ। ਜੋ ਉਨ੍ਹਾਂ ਨੂੰ ਬਖਸ਼ੀ ਸੀ। ਦੱਸੋ ਕਿ ਤੁਸੀਂ ਉਦੋਂ ਤਾਈਂ ਉਡੀਕ ਕਰੋਗੇ, ਜਦੋਂ ਤੀਕ ਰੱਬ ਆਪਣੀ ਮਿਹਰ ਨਹੀਂ ਬਦਲਦਾ। ਉਸ ਤੋਂ ਕੋਈ ਗੱਲ ਛੁਪੀ ਨਹੀਂ ਹੈ। ਉਹ ਆਕਾਸ਼ ਤੇ ਧਰਤੀ ਦੇ ਭੇਦ ਜਾਣਦਾ ਹੈ। ਉਸ ਦੇ ਗਿਆਨ ਅੰਦਰ ਸਭ ਕੁੱਝ ਹੈ। ਇਸ ਗੱਲ ਦੀ ਖੁਸ਼ੀ ਨਾ ਮਨਾਵੋ ਜੋ ਤੁਸੀਂ ਕੀਤੀ ਹੈ ਜਾਂ ਕਰੋਗੇ ਤੇ ਨਾਂ ਹੀ ਖੁਸ਼ ਹੋਵੋ ਉਸ ਦੁੱਖ ਤੇ ਜੋ ਤੁਸੀਂ ਸਾਨੂੰ ਦਿੱਤਾ ਹੈ। ਤੁਸੀਂ ਇਨ੍ਹਾਂ ਤ੍ਰੀਕਿਆ ਨਾਲ ਆਪਣੇ ਅਸਥਾਨ ਉੱਚੇ ਨਹੀਂ ਕਰ ਸਕਦੇ ਜੇ ਤੁਸੀਂ ਆਪਣੀਆਂ ਕਰਤੂਤਾਂ ਦੀ ਗੌਹ ਨਾਲ ਪ੍ਰੀਖਿਆ ਕਰੋ। ਤੇ ਨਾਂ ਹੀ ਤੁਸੀਂ ਸਾਡੇ ਉੱਚੇ ਦਰਜ਼ੇ ਨੂੰ ਘਟਾ ਸਕਦੇ ਹੋ,

ਬਲਕਿ ਪ੍ਰਮਾਤਮਾ ਉਸ ਬਦਲੇ 'ਚ ਵਾਧਾ ਕਰੇਗਾ ਜੋ ਫਲ ਵੱਜੋਂ ਸਾਨੂੰ ਬਖਸ਼ੇਗਾ ਇਸ ਲਈ ਕਿ ਅਸੀਂ ਦ੍ਰਿੜ ਧੀਰਜ ਨਾਲ ਉਹ ਤਸੀਹੇ ਸਹੇ ਜੋ ਸਾਨੂੰ ਦਿੱਤੇ ਗਏ। ਉਹ ਸੱਚੀ ਉਨ੍ਹਾਂ ਦੇ ਇਨਾਮ 'ਚ ਜੋ ਧੀਰਜ ਨਾਲ ਦੁਖ ਸਹਾਰਦੇ ਹਨ ਵਾਧਾ ਕਰੇਗਾ।

ਕੀ ਤੁਸੀਂ ਜਾਣਦੇ ਹੋ ਕਿ ਪਰਤਾਵੇ ਤੇ ਦੁੱਖ ਮੁਢ ਕਦੀਮ ਤੋਂ ਹੀ ਰੱਬ ਦੇ ਚੁਣੇ ਹੋਇਆਂ ਤੇ ਪਿਆਰਿਆਂ ਤੇ ਉਸਦੇ ਅਜੇਹੇ ਦਾਸਾਂ ਦੇ ਹਿੱਸੇ ਆਏ ਹਨ ਜੋ ਸਵਾਏ ਰੱਬ ਦੇ ਸਭ ਨਾਲੋਂ ਅੱਡ ਹੋ ਗਏ ਹਨ। ਤੇ ਉਨ੍ਹਾਂ ਨੂੰ ਨਾ ਮਾਲ, ਨਾ ਧਨ, ਪ੍ਰਮਾਤਮਾ ਦੀ ਯਾਦ ਤੋਂ ਭੁਲਾਵਾ ਦੇ ਸਕਦੇ ਹਨ ਤੇ ਉਹ ਮੂੰਹ ਨਹੀਂ ਖੋਹਲਦੇ, ਜਦੋਂ ਤਕ ਪ੍ਰਮਾਤਮਾ ਹੁਕਮ ਨਹੀਂ ਦੇਂਦਾ ਤੇ ਉਸਦੇ ਹੁਕਮ ਤੇ ਚਲਦੇ ਹਨ। ਰੱਬ ਦਾ ਤਰੀਕਾ ਅਜਿਹਾ ਹੀ ਹੈ, ਤੇ ਪ੍ਰਾਚੀਨ ਸਮੇਂ ਤੋਂ ਏਸੇ ਤਰ੍ਹਾਂ ਚਲਦਾ ਆਇਆ ਹੈ ਤੇ ਏਸੇ ਤਰ੍ਹਾਂ ਭਵਿੱਖ ਵਿੱਚ ਵੀ ਚਲਦਾ ਰਹੇਗਾ। ਧਨ ਹਨ! ਜਿਹੜੇ ਦ੍ਰਿੜਤਾ ਨਾਲ ਸਹਿ ਰਹੇ ਹਨ, ਜੋ ਹਰ ਦੁੱਖ ਤੇ ਬਿਪਤਾ 'ਚ ਧੀਰਜ ਰਖਦੇ ਹਨ ਤੇ ਜੋ ਉਨ੍ਹਾਂ ਤੇ ਪਈ ਹੈ ਉਸ ਦਾ ਦੁੱਖ ਨਹੀਂ ਰੋਂਦੇ, ਤੇ ਤਿਆਗ ਦੇ ਰਾਹ ਤੇ ਚਲਦੇ ਹਨ।

ਉਹ ਦਿਨ ਨੇੜੇ ਆ ਰਿਹਾ ਹੈ ਜਦੋਂ ਰਬ ਨੇ ਐਸੀ ਕੌਮ ਪੈਦਾ ਕਰ ਦੇਣੀ ਹੈ ਜੋ ਸਾਡੇ ਸਮੇਂ ਦੀ ਯਾਦ ਦਵਾ ਕੇ ਸਾਡੇ ਦੁਖਾਂ ਦੀ ਕਹਾਣੀ ਸੁਣਾਉਣਗੇ ਤੇ ਸਾਡੇ ਹੱਕਾਂ ਦੀ ਬਹਾਲੀ ਉਨ੍ਹਾਂ ਤੋਂ ਮੰਗਣਗੇ ਜਿਨ੍ਹਾਂ ਨੇ ਬਗੈਰ ਕਿਸੇ ਸਬੂਤ ਦੇ ਸਾਡੇ ਨਾਲ ਪ੍ਰਤੱਖ ਬੇਇਨਸਾਫੀ ਕੀਤੀ। ਰੱਬ ਯਕੀਨੀ ਤੌਰ ਤੇ ਉਨ੍ਹਾਂ ਦੀਆਂ ਜਿੰਦ ਜਾਨਾਂ ਤੋਂ ਪ੍ਰਬਲ ਹੈ ਜਿਸ ਨੇ ਸਾਡੇ ਨਾਲ ਅਨਿਆਇ ਕੀਤਾ ਹੈ ਤੇ ਉਨ੍ਹਾਂ ਦੀਆ ਕਰਤੂਤਾਂ ਤੋਂ ਭਲੀ ਭਾਂਤ ਜਾਣੂ ਹੈ। ਉਹ ਪੱਕੇ ਤੌਰ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਗੁਨਾਹਾਂ ਕਾਰਨ ਪਕੜੇਗਾ। ਸੱਚੀ ਹੀ ਰੱਬ ਤੋਂ ਡਾਢਾ ਵੈਰ ਲੈਣ ਵਾਲਾ ਹੈ।

ਸੋ ਇੰਜ ਅਸੀਂ ਤੁਹਾਨੂੰ ਉਸ ਸੱਚੇ (ਇਕ ਪ੍ਰਮਾਤਮਾ) ਦੀ ਕਹਾਣੀ ਸੁਣਾਈ



ਹੈ ਤੇ ਤੁਹਾਨੂੰ ਖੋਲ੍ਹ ਕੇ ਉਹ ਚੀਜ਼ਾਂ ਦੱਸੀਆਂ, ਜੋ ਪਹਿਲਾਂ ਤੋਂ ਹੀ ਭਾਗਾਂ 'ਚ ਲਿਖੀਆਂ ਹਨ ਸ਼ਾਇਦ ਤੁਸੀਂ ਖਿਮਾਂ ਮੰਗੋ ਰੱਬ ਤੋਂ, ਤੇ ਵਾਪਸ ਉਸ ਦੇ ਨੇੜੇ ਆ ਜਾਵੋ, ਦਿਲੋਂ ਪਛਤਾਵਾ ਕਰੋ, ਆਪਣੀਆਂ ਕਰਤੂਤਾਂ ਨੂੰ ਮੰਨੋ ਤੇ ਜਾਗ ਉਠੋ ਤੇ ਲਾਪਰਵਾਹੀ ਛੱਡ ਦੇਵੋ ਤੇ ਜੋ ਗੱਲਾਂ ਤੁਸੀਂ ਨਹੀਂ ਕੀਤੀਆਂ ਪਰ ਕਰਨੀਆਂ ਚਾਹੀਦੀਆਂ ਸਨ ਉਨ੍ਹਾਂ ਦਾ ਦੰਡ ਭਰੋ। ਤੇ ਉਹਨਾਂ 'ਚ ਸ਼ਾਮਲ ਹੋਵੋ ਜੋ ਭਲਾਈ ਕਰਦੇ ਹਨ। ਜੋ ਮੇਰੇ ਸ਼ਬਦਾਂ ਦੀ ਸਚਾਈ ਦਾ ਯਕੀਨ ਕਰਦਾ ਹੈ ਕਰੇ ਤੇ ਜੋ ਨਹੀਂ ਕਰਦਾ ਨਾਂ ਕਰੇ। ਮੇਰਾ ਇਹੀ ਫ਼ਰਜ਼ ਹੈ ਕਿ ਤੁਹਾਨੂੰ, ਚੇਤਾਵਨੀ ਦੇਵਾਂ ਕਿ ਤੁਸੀਂ ਰੱਬ ਦੇ ਪੱਖ 'ਚ ਆਪਣੇ ਫ਼ਰਜ਼ ਤੋਂ ਅਸਫਲ ਰਹੇ ਹੋ ਜੇ ਰੱਬ ਸਬੱਬੀ ਤੁਸੀਂ ਉਹਨਾਂ 'ਚੋਂ ਹੋਵੋ ਜੋ ਮੇਰੀ ਚੇਤਾਵਨੀ ਗੌਲਦੇ ਹਨ ਇਸ ਕਰਕੇ ਤੁਸੀਂ ਮੇਰਾ ਵਖਿਆਨ ਕੰਨ ਲਾ ਕੇ ਸੁਣੋ ਤੇ ਮੁੜ ਰੱਬ ਨਾਲ ਜੁੜ ਜਾਵੋ। ਤੇ ਤੌਬਾ ਕਰੋ! ਤਾਂ ਜੋ ਉਹ ਅਪਣੀ ਦਯਾ ਰਾਹੀਂ ਤੁਹਾਡੇ ਤੇ ਰਹਿਮਤ ਕਰੇ, ਤੁਹਾਡੇ ਗੁਨਾਹ ਧੋ ਦੇਵੇ ਤੇ ਤੁਹਾਡੀਆਂ ਗਲਤੀਆਂ ਮੁਆਫ ਕਰ ਦੇਵੇ। ਉਸਦੀ ਦਯਾ ਉਸ ਦੇ ਕੈਹਰ ਦੇ ਜੋਸ਼ ਤੋਂ ਭੀ ਵੱਡੀ ਹੈ। ਤੇ ਉਸ ਦੀ ਮਿਹਰ ਦੇ ਘੇਰੇ ਵਿਚ ਜੋ ਹੁਣ ਜੀ ਰਹੇ ਹਨ ਤੇ ਜੋ ਜੀ ਚੁੱਕੇ ਹਨ ਯਾ ਭਵਿੱਖ ਵਿਚ ਜੀਣਗੇ ਸਭ ਆਉਂਦੇ ਹਨ।

23 ਸੰਸਾਰ ਦਾ ਸਮਤੋਲ ਇਸ ਮਹਾਨ ਤੇ ਜ਼ੋਰਦਾਰ ਤੇ ਨਵੀਂ ਸੰਪ੍ਰਦਾਇ ਨੇ ਆਪਣੇ ਹਲੂਣਾ ਦੇਣ ਵਾਲੇ ਅਸਰ ਰਾਹੀਂ ਉਲਟ ਪੁਲਟ ਕਰ ਦਿੱਤਾ ਹੈ। ਮਨੁੱਖ ਜਾਤੀ ਦੀ ਜਿੰਦਗੀ ਦੀ ਮਰਯਾਦਾ ਵਿੱਚ ਇਸ ਅਦੁੱਤੀ ਤੇ ਅਨੋਖੇ ਤ੍ਰੀਕੇ ਰਾਹੀਂ ਇਨਕਲਾਬ ਆ ਗਿਆ ਹੈ—ਜਿਹਾ ਕਿ ਮਨੁੱਖ ਜਾਤੀ ਨੇ ਪਹਿਲਾਂ ਕਦੇ ਨਹੀਂ ਦੇਖਿਆ।

ਮੇਰੇ ਸ਼ਬਦਾਂ ਦੇ ਮਹਾਂਸਾਗਰ ਵਿਚ ਗੋਤਾ ਮਾਰੋ, ਤਾਂ ਜੋ ਤੁਸੀਂ ਇਸ ਦੇ ਭੇਦ ਖੋਲ ਸਕੋ ਤੇ ਸਿਆਣਪ ਦੇ ਮੋਤੀ ਜੋ ਇਸ ਦੀਆਂ ਡੂੰਘਾਈਆਂ ਵਿੱਚ ਪਏ ਹਨ ਭਾਲ ਸਕੋ। ਪਰ ਖਬਰਦਾਰ ਜੇ ਤੁਸੀਂ ਅਪਣੇ ਇਰਾਦੇ ਵਿੱਚ ਇਸ ਪੱਖ ਦੀ ਸਚਾਈ ਨੂੰ ਪ੍ਰਵਾਨ ਕਰਨ ਤੋਂ ਝਿਜਕੋ—ਇਹ ਪੱਖ ਉਹ ਹੈ ਜਿਸ ਦੇ ਰਾਹੀਂ ਰੱਬ ਦੀ ਤਾਕਤ ਦੀ

ਸੰਭਾਵਨਾ ਦਿਖਾਈ ਗਈ ਹੈ ਤੇ ਉਸ ਦੀ ਪ੍ਰਭਤਾ ਕਾਇਮ ਕੀਤੀ ਗਈ ਹੈ। ਤਾਂ ਤੇ ਖਿੜੇ ਮੱਥੇ ਤੁਸੀਂ ਉਸ (ਰੱਬ) ਵਲ ਆਓ। ਇਹੋ ਸਥਿਰ ਰੱਬੀ ਧਰਮ ਹੈ। ਜੋ ਭੂਤਕਾਲ ਵਿਚ ਸੀ ਤੇ ਭਵਿੱਖ ਵਿੱਚ ਹੋਵੇਗਾ। ਜੋ ਢੂੰਡੇਗਾ ਸੋ ਪਾਵੇਗਾ। ਤੇ ਜੋ ਢੂੰਡਣ ਤੇ ਜਵਾਬ ਦੇਂਦੇ ਹਨ ਉਨ੍ਹਾਂ ਬਾਬਤ ਇਹੋ ਕਾਫ਼ੀ ਹੈ ਕਿ ਪ੍ਰਮਾਤਮਾਂ ਸਵੈ-ਨਿਰਭਰ ਹੈ ਤੇ ਆਪਣੇ ਪੈਦਾ ਕੀਤੇ ਜੀਵਾਂ ਤੋਂ ਬੇਮੁਹਤਾਜ ਹੈ।

ਮੰਨੋ, ਕਿ ਇਹੀ ਖੱਰੀ ਤੱਕੜੀ ਹੈ ਜੋ ਕਿ ਰੱਬ ਦੇ ਹੱਥ 'ਚ ਪਕੜੀ ਹੋਈ ਹੈ। ਇਸ ਨਾਲ ਹੀ ਉਹ ਸਾਰੇ ਜੋ ਅਸਮਾਨਾਂ ਵਿਚ ਹਨ ਤੇ ਉਹ ਸਾਰੇ ਜੋ ਧਰਤੀ ਤੇ ਹਨ ਤੋਲੇ ਜਾਂਦੇ ਹਨ ਤੇ ਉਨ੍ਹਾ ਦੀਆਂ ਕਿਸਮਤਾਂ ਦਾ ਫ਼ੈਸਲਾ ਕੀਤਾ ਜਾਂਦਾ ਹੈ—ਜ ਤੁਸੀਂ ਉਹਨਾ ਚੋਂ ਹੋ ਜੋ ਇਸ ਸਚਾਈ ਵਿੱਚ ਯਕੀਨ ਤੇ ਸਨਾਖ਼ਤ ਰੱਖਦੇ ਹਨ। ਮੰਨੋ ਕਿ ਇਸ ਰਾਹੀਂ ਹੀ ਗਰੀਬ ਅਮੀਰ ਬਣਾਇ ਗਏ ਤੇ ਵਿਦਵਾਨਾਂ ਦੀ ਬੁਧ ਪ੍ਰਕਾਸ਼ ਕੀਤੀ ਗਈ ਤੇ ਭਾਲ ਕਰਨ ਵਾਲਿਆਂ ਨੂੰ ਉਸ ਦੀ ਹਜ਼ੂਰੀ ਤਕ ਅਪੜਨ ਦਾ ਸਮਰੱਥਾ ਬਖਸ਼ੀ ਗਈ। ਹੋਸ਼ਿਆਰ! ਮਤੇ ਤੁਸੀਂ ਇਸ ਨੂੰ ਲੜਾਈ ਝਗੜੇ ਦਾ ਕਾਰਨ ਬਣਾ ਲਵੋ। ਤੁਸੀਂ ਰੱਬ ਦੀ ਰਾਹਾਂ 'ਚ ਅਜਿਹੇ ਪੱਕੇ ਬਣੋ ਜਿਹੇ ਕਿ ਅਹਿਲ ਪ੍ਰਬਤ।

24. ਹੇ ਦੁਨੀਆਂ ਦੇ ਲੋਕੋ! ਤੁਸੀਂ ਨਿਰਾਸ ਨਾ ਹੋਣਾ। ਜਦੋਂ ਮੇਰੇ ਜ਼ਮਾਲ ਦਾ ਸੂਰਜ ਅਸਤ ਹੋ ਗਿਆ ਤੇ ਮੇਰੇ ਮੰਦਰ ਦਾ ਸਵਰਗ ਤੁਹਾਡੀ ਅੱਖਾਂ ਤੋਂ ਉਹਲੇ ਹੋ ਗਿਆ ਮੇਰੇ ਪੱਖ ਨੂੰ ਫ਼ੈਲਾਰਨ ਵਾਸਤੇ ਤੇ ਮੇਰੇ ਸ਼ਬਦ ਨੂੰ ਵਡਿਆਉਣ ਵਾਸਤੇ ਉਠ ਖੜੇ ਹੋਣਾ। ਅਸੀਂ ਹਰ ਵੇਲੇ ਤੁਹਾਡੇ ਸੰਗ ਹਾਂ, ਤੇ ਸੱਤ ਦੀ ਸ਼ਕਤੀ ਰਾਹੀਂ ਤੁਹਾਨੂੰ ਤਕੜੇ ਕਰਾਂਗੇ। ਅਸੀਂ ਸੱਚੇ ਸ਼ਕਤੀਮਾਨ ਹਾਂ। ਜਿਸਨੇ ਭੀ ਮੈਨੂੰ ਜਾਨ ਲਿਆ ਉਹ ਉਠੇਗਾ ਤੇ ਮੇਰੀ ਸੇਵਾ ਐਸੇ ਪੱਕੇ ਇਰਾਦੇ ਨਾਲ ਕਰੇਗਾ ਕਿ ਜ਼ਮੀਨ ਅਸਮਾਨ ਦੀਆਂ ਤਾਕਤਾਂ ਉਸ ਨੂੰ ਰੋਕ ਨਹੀਂ ਸਕਣਗੀਆਂ।



ਦੁਨੀਆਂ ਦੇ ਲੋਕ ਗੇਹਰੀ ਨੀਂਦ ਸੁੱਤੇ ਹੋਏ ਹਨ। ਜੇ ਉਹ ਆਪਣੀ ਨੀਂਦ ਤੋਂ ਜਾਗ ਉਠਣ ਤੇ ਉਹ ਚਾਹਵਾਨ ਹੋ ਕੇ ਰੱਬ ਵਲ ਜਾਨ—ਉਹ ਰੱਬ ਜੋ ਸਭ ਕੁਝ ਜਾਣਦਾ ਹੈ ਤੇ ਪੂਰਨ ਸਿਆਣਾ ਹੈ। ਉਹ (ਲੋਕ) ਸਭ ਕੁਝ ਜੋ ਉਹਨਾਂ ਪਾਸ ਹੈ ਸੁਟ ਦੇਣ ਭਾਵੇਂ ਉਹ ਧਰਤੀ ਦੇ ਖਜ਼ਾਨੇ ਹੀ ਕਿਉਂ ਨਾ ਹੋਣ ਤਾਂ ਜੋ ਉਨ੍ਹਾਂ ਦਾ ਮਾਲਕ ਉਨ੍ਹਾਂ ਨਾਲ ਯਾਦ ਵੱਜੋਂ ਇਕ ਗੱਲ ਕਰ ਲਵੇ। ਤੁਹਾਨੂੰ ਜੋ ਸਿੱਖਿਆ ਉਸਨੇ ਦਿੱਤੀ ਹੈ ਜੋ ਛੁਪੀਆਂ ਚੀਜਾਂ ਦੀ ਬਾਬਤ ਜਾਣੂ ਹੈ। ਇਕ ਪੱਟੀ 'ਚ ਦਰਜ਼ ਹੈ ਅਜਿਹੀ ਪੱਟੀ ਕਿਸੇ ਨੇ ਨਹੀਂ ਦੇਖੀ ਤੇ ਕਿਸੇ ਨੂੰ ਭੀ ਇਸਦਾ ਇਲਹਾਮ ਨਹੀਂ ਹੋਇਆ, ਸਵਾਏ ਉਸ ਦੀ ਜਾਤ ਦੇ ਜੋ ਸਾਰੇ ਬ੍ਰਹਿਮੰਡ ਦਾਂ ਸਰਵ-ਸ਼ਕਤੀਮਾਨ ਰਾਖਾ ਹੈ। ਉਹ (ਲੋਕ) ਆਪਣੀਆਂ ਭੈੜੀਆ ਖਾਹਸ਼ਾਂ ਦੇ ਨਸ਼ੇ ਵਿਚ ਏਨੇ ਭਉਂਚਲੇ ਹੋਏ ਹਨ ਕਿ ਉਹ ਸਭ ਜੀਵਾਂ ਦੇ ਮਾਲਕ ਨੂੰ ਪਹਿਚਾਨਣ ਤੋਂ ਅਸਮਰਥ ਹਨ ਜਿਸ ਦੀ ਆਵਾਜ਼ ਹਰ ਪਾਸਿਓਂ ਪੁਕਾਰ ਪੁਕਾਰ ਕੇ ਕਹਿ ਰਹੀ ਹੈ: 'ਮੇਰੇ ਸਿਵਾ ਹੋਰ ਕੋਈ ਰੱਬ ਨਹੀਂ ਮੈਂ ਹੀ ਸ਼ਕਤੀਮਾਨ ਹਾ ਤੇ ਪੂਰਨ ਦਾਨਾਂ ਹਾਂ।'

ਖੁਸ਼ੀ ਨਾਂ ਮਨਾਓ ਚੀਜ਼ਾਂ ਯਾ ਜਾਇਦਾਦ ਦੀ ਜੋ ਤੁਹਾਡੇ ਕਬਜ਼ੇ ਵਿਚ ਹਨ। ਅੱਜ ਉਹ ਤੁਹਾਡੇ ਕੋਲ ਹਨ, ਕੱਲ ਕਿਸੇ ਹੋਰ ਕੋਲ ਹੋਣਗੀਆਂ। ਏਦਾਂ ਉਹ ਜੋ ਸਭ ਕੁਝ ਜਾਣਦਾ ਹੈ ਤੇ ਸਭ ਕਾਸੇ ਦੀ ਖਬਰ ਰੱਖਦਾ ਹੈ। ਤੁਹਾਨੂੰ ਚੇਤਾਵਨੀ ਦੇਂਦਾ ਹੈ। ਬੋਲੋ: ਕੀ ਤੁਸੀਂ ਦਾਅਵਾ ਕਰ ਸਕਦੇ ਹੋ ਕਿ ਜੋ ਕੁਝ ਤੁਹਾਡੇ ਪਾਸ ਹੈ ਹਮੇਸ਼ਾ ਰਹੇਗਾ ਤੇ ਸੁਰੱਖਿਅਤ ਹੈ? ਨਹੀ: ਮੈਨੂੰ ਆਪਣੀ ਸ਼ੌਗੰਧ, ਜੋ ਸਰਵ ਦਯਾਵਾਨ ਹਾਂ। ਤੁਹਾਡੀ ਜਿੰਦਗੀ ਦੇ ਦਿਨ ਹਵਾ ਦੇ ਬਲ੍ਹੇ ਵਾਂਗ ਉਡਦੇ ਜਾ ਰਹੇ ਹਨ। ਤੇ ਤੁਹਾਡੀ ਸਾਰੀ ਸ਼ਾਨ ਤੇ ਸ਼ੌਕਤ ਸਮੇਟੀ ਜਾਵੇਗੀਜਿ ਵੇਂ ਉਨ੍ਹਾਂ ਦੀ ਜੋ ਤੁਹਾਡੇ ਤੋਂ ਪਹਿਲਾਂ ਹੋਏ ਹਨ। ਹੇ ਲੋਕੋ ਸੋਚੋ ਕਿ ਬੀਤੇ ਦਿਨਾਂ ਤੇ ਸਦੀਆਂ ਦਾ ਕੀ ਹੋਇਆ? ਉਹੀ ਦਿਨ ਸੁਭਾਗੇ ਹਨ ਜੋ ਉਸ ਪ੍ਰਮਾਤਮਾ ਦੀ ਯਾਦ ਦੀ ਭੇਟ ਹੋਏ ਤੇ ਉਹ ਘੜੀਆਂ ਧੰਨ ਹਨ ਜੋ ਉਸਦੀ ਵਡਿਆਈ ਕਰਨ ਵਿਚ ਗੁਜ਼ਰੀਆਂ, ਉਹ ਜੋ ਪੂਰਨ ਦਾਨਾਂ

ਹੈ । ਜਾਨ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਨਾ ਤਾਂ ਜ਼ੋਰਾਵਰਾਂ ਦੀ ਠਾਠ ਬਾਠ ਨਾਂ ਅਮੀਰਾਂ ਦੀ ਦੌਲਤ ਤੇ ਨਾਂ ਧਰਮਹੀਣਾਂ ਦੀ ਪ੍ਰਬਲਤਾ ਹਮੇਸ਼ਾ ਰਹੇਗੀ । ਉਸਦੇ ਇਕੋ ਹੁਕਮ ਨਾਲ ਸਭ ਸੁਆਹ ਹੋ ਜਾਣਗੇ ਸੱਚ ਹੀ ਉਹ ਸਰਵ-ਸ਼ਕਤੀਮਾਨ, ਜਾਬਰ ਤੇ ਡਾਢਾ ਹੈ । ਦੁਨੀਆਂ ਦੀਆਂ ਚੀਜ਼ਾਂ ਜੋ ਲੋਕ ਰੱਖਦੇ ਹਨ ਉਨ੍ਹਾਂ ਦਾ ਕੋਈ ਲਾਭ ਨਹੀਂ ਹੈ । ਜਿਸ ਚੀਜ਼ ਦਾ ਲਾਭ ਹੈ ਉਸਨੂੰ ਉਹ ਭੁੱਲੇ ਬੈਠੇ ਹਨ । ਬਾਹਲੀ ਦੇਰ ਤੋਂ ਪਹਿਲਾਂ ਹੀ ਉਹ ਆਪਣੀ ਨੀਂਦ ਤੋਂ ਜਾਗ ਉੱਠਣਗੇ ਤੇ ਉਨ੍ਹਾਂ ਨੂੰ ਪਤਾ ਲਗੇਗਾ ਕਿ ਉਨ੍ਹਾਂ ਨੂੰ ਉਹ ਸ਼ੈ ਪ੍ਰਾਪਤ ਨਹੀਂ ਹੋਈ ਜੋ ਸ਼ਕਤੀਮਾਨ, ਵਡਿਆਈ ਯੋਗ ਮਾਲਕ ਦੇ ਜ਼ਮਾਨੇ ਵਿਚ ਉਨ੍ਹਾਂ ਦੇ ਹੱਥ ਆਉਣੀ ਚਾਹੀਦੀ ਸੀ। ਇਸ ਚੀਜ਼ ਦਾ ਜੇ ਉਨ੍ਹਾਂ ਨੂੰ ਪਤਾ ਹੁੰਦਾ ਤਾਂ ਉਹ ਆਪਣਾ ਸਭ ਕੁੱਝ ਤਿਆਗ ਦੇਂਦੇ, ਤਾਂ ਜੋ ਉਨ੍ਹਾਂ ਦੇ ਨਾਮ ਉਸਦੇ ਦਰਬਾਰ 'ਚ ਲਏ ਜਾਂਦੇ । ਉਹ ਲੋਕ ਸੱਚ ਹੀ ਮੁਰਦਿਆਂ 'ਚ ਗਿਣੇ ਜਾਂਦੇ ਹਨ ।

25. ਹੇ ਲੋਕੋ : ਆਪਣੇ ਦਿਲਾਂ ਨੂੰ ਘਬਰਾਉਣ ਨਾ ਦੇਣਾ, ਜਦੋਂ ਮੇਰੀ ਮੌਜੂਦਗੀ ਦਾ ਤੇਜ਼ ਅਸਤ ਹੋ ਗਿਆ ਤੇ ਮੇਰੇ ਬੋਲਾਂ ਦਾ ਸਾਗਰ ਸ਼ਾਂਤ ਹੋ ਗਿਆ । ਤੁਹਾਡੇ 'ਚ ਮੇਰੀ ਹਾਜ਼ਰੀ ਦਾ ਭੀ ਭੇਦ ਹੈ, ਤੇ ਮੇਰੀ ਗੈਰਹਾਜ਼ਰੀ ਭੀ ਇਕ ਸਿਆਣਪ ਹੈ । ਜਿਸ ਗੁੱਝੇ ਭੇਦ ਨੂੰ ਸਵਾਇ ਰੱਬ ਦੇ ਜੋ ਬੇਨਜ਼ੀਰ ਤੇ ਜਾਣੂ ਹੈ ਕੋਈ ਨਹੀਂ ਖੋਲ੍ਹ ਸਕਦਾ । ਸੱਚ ਹੀ ਅਸੀਂ ਤੁਹਾਨੂੰ ਆਪਣੇ ਤੇਜ ਖੰਡ ਤੋਂ ਦੇਖਦੇ ਰਹਾਂਗੇ ਤੇ ਜੋ ਕੁਝ ਸਾਡੇ ਪੱਖ ਦੀ ਫਤਿਹ ਤੋਂ ਪੈਦਾ ਹੋਵੇਗਾ ; ਉਸ ਵਿੱਚ ਅਸੀਂ ਅਰਸ਼ੀ ਫ਼ੌਜ ਦੀ ਭੀੜ ਤੇ ਚੁਣੇ ਹੋਏ ਫ਼ਰਿਸ਼ਤਿਆਂ ਦੀ ਸਲਾਹ ਨਾਲ ਸਹਾਇਤਾ ਕਰਾਂਗੇ ।

ਹੇ ਧਰਤੀ ਦੇ ਲੋਕੋ : ਰੱਬ ਜੋ ਕਿ ਆਦਿ ਸੱਤ ਹੈ. ਮੇਰਾ ਗਵਾਹ ਹੈ ਕਿ ਪਹਾੜਾ ਚੋਂ ਤੁਹਾਡੇ ਬੇ ਰੋਕ ਮਾਲਕ ਦੇ ਮਿੱਠੇ ਬੋਲਾਂ ਕਾਰਨ ਤਾਜ਼ੇ ਤੇ ਨਿਰਮਲ ਜਲ ਦੀਆਂ ਨਦੀਆਂ ਫੁੱਟ ਪਈਆਂ ਹਨ ਤੇ ਤੁਸੀਂ ਅਜੇ ਭੀ ਸੁੱਤੇ ਪਏ ਹੋ । ਜੋ ਕੁੱਝ ਤੁਹਾਡੇ ਕਬਜ਼ੇ ਵਿਚ ਹੈ, ਉਸ ਨੂੰ ਪਰ੍ਹਾਂ ਸੁੱਟੋ ਤੇ ਨਿਰਮੋਹਤਾ ਦੇ ਖੰਭ ਲਗਾ ਕੇ ਸਾਰੀ ਸ੍ਰਿਸ਼ਟੀ ਤੋਂ



ਉਤਾਹਾਂ ਉੱਡ ਜਾਵੇ । ਤੁਹਾਨੂੰ ਸ੍ਰਿਸ਼ਟੀ ਦਾ ਮਾਲਕ ਏਹੀ ਹੁਕਮ ਦਿੰਦਾ ਹੈ । ਜਿਸ ਦੀ ਵਗਦੀ ਕਲਮ ਨੇ ਮਨੁੱਖਤਾ ਦੀ ਰੂਹ 'ਚ ਇਨਕਲਾਬ ਲੈ ਆਂਦਾ ਹੈ । ਕੀ ਤੁਹਾਨੂੰ ਪਤਾ ਹੈ ਕਿ ਕਿਸ ਉਚਾਈ ਤੋਂ ਤੁਹਾਡਾ ਮਾਲਕ ਜੋ ਪੂਰਨ ਤੇਜ ਪ੍ਰਤਾਪ ਹੈ ਸੱਦ ਰਿਹਾ ਹੈ । ਕੀ ਤੁਸੀਂ ਸੋਚਦੇ ਹੋ ਕਿ ਤੁਸੀਂ ਉਸ ਕਲਮ ਨੂੰ ਜਿਸ ਨਾਲ, ਤੁਹਾਡਾ ਮਾਲਕ ਜੋ ਸਭ ਤੋਂ ਉਪਰ ਹੈ, ਤੁਹਾਨੂੰ ਹੁਕਮ ਦੇਂਦਾ ਹੈ, ਪਹਿਚਾਨਦੇ ਹੋ । ਨਹੀਂ : ਮੈਨੂੰ ਆਪਣੀ ਸਹੁੰ ਜੇ ਤੁਸੀਂ ਇਸ ਗੱਲ ਨੂੰ ਸਮਝਦੇ ਤਾਂ ਤੁਸੀਂ ਦੁਨੀਆਂ ਨੂੰ ਤਿਆਗ ਦੇਂਦੇ । ਤੇਜੀ ਨਾਲ ਸੱਚੇ ਦਿਲੋਂ ਉਸ ਪਿਆਰੇ ਦੀ ਹਜ਼ੂਰੀ 'ਚ ਜਾਂਦੇ । ਤੁਹਾਡੇ ਹੌਸਲੇ ਇਤਨੇ ਜੋਸ਼ ਵਿਚ ਆ ਜਾਂਦੇ ਉਸ ਦੇ ਸ਼ਬਦ ਨਾਲ ਕਿ ਸਮੂਹ ਦੁਨੀਆਂ ਵਿਚ ਹਲ ਚਲ ਮਚ ਜਾਂਦੀ । ਇਸ ਦੂਨੀਆਂ ਵਿਚ ਸਗੋਂ ਹੋਰ ਭੀ ਜ਼ਿਆਦਾ ਹੁੰਦਾ । ਏਦਾਂ ਮੇਰੀ ਦਾਤ ਦੀਆਂ ਬੁਛਾੜਾਂ ਪਈਆਂ, ਮੇਰੀ ਪਿਆਰ ਭਰੀ ਮਿਹਰ ਦੇ ਆਕਾਸ਼ ਤੋਂ ਮੇਰੀ ਰਹਿਮਤ ਦੀ ਨਿਸ਼ਾਨੀ ਵੱਜੋਂ, ਤਾਂ ਜੋ ਤੂੰ ਧੰਨਵਾਦੀ ਹੋਵੇ ।

ਹੋਸ਼ਿਆਰ ਮਤਾ ਭੋਗਾਂ ਦੀ ਚੇਸ਼ਟਾ ਮਾੜੀ ਰੁਚੀ ਤੁਹਾਡੇ ਵਿਚ ਫਟ ਪਾ ਦੇਵੇ । ਤੁਸੀਂ ਪੰਜੇ ਉਂਗਲੀਆਂ ਵਾਂਗ, ਇਕ ਜੁਟ ਹੋਵੋ ਜੋ ਇਕ ਸਰੀਰ ਦੇ ਅੰਗ ਹਨ ਇਲਹਾਮੀ ਕਲਮ ਤੁਹਾਨੂੰ ਇਹ ਸੁਝਾ ਦੇਂਦੀ ਹੈ ਜੇ ਤੁਸੀਂ ਸ਼ਰਧਾਲੂਆਂ 'ਚ ਹੋ ।

ਰੱਬ ਦੀ ਰਹਿਮਤ ਤੇ ਉਸ ਦੀਆਂ ਦਾਤਾਂ ਦਾ ਖਿਆਲ ਕਰੋ । ਉਹ ਤੁਹਾਨੂੰ ਓਹੀ ਕਰਨ ਦਾ ਹੁਕਮ ਦੇਂਦਾ ਹੈ, ਜੋ ਤੁਹਾਡੇ ਵਾਸਤੇ ਲਾਭਦਾਇਕ ਹੈ ਭਾਵੇਂ ਉਹ ਆਪ ਆਪਣੀ ਰਚੀ ਹੋਈ ਸ਼ਰਿਸਟੀ ਤੋਂ-ਬੇਲੋੜਾ ਹੈ । ਤੁਹਾਡੀਆਂ ਮੰਦੀਆਂ ਕਰਤੂਤਾਂ ਸਾਨੂੰ ਹਾਨੀ ਨਹੀਂ ਪਹੁਚਾ ਸਕਦੀਆਂ ਤੇ ਨਾ ਹੀ ਤੁਹਾਡੇ ਚੰਗੇ ਕਰਮ ਸਾਨੂੰ ਲਾਭ ਪਹੁੰਚਾ ਸਕਦੇ ਹਨ । ਅਸੀਂ ਸਿਰਫ ਰੱਬ ਦੇ ਨਾਂ ਤੇ ਤੁਹਾਨੂੰ ਬੁਲਾਉਂਦੇ ਹਾਂ । ਇਸ ਗੱਲ ਦੀ ਹਰ ਸਮਝਦਾਰ ਤੇ ਸੁਰਤੀ ਵਾਲਾ ਇਨਸਾਨ ਹਾਮੀ ਭਰੇਗਾ ।

26. ਮੇਰੇ ਨਾਮ ਦੇ ਸਦਕੇ, ਉਹ ਪੜ੍ਹਦੇ ਜਿਹਨਾ ਨੇ ਤੁਹਾਡੀ ਨਿਗਾਹ ਕੱਜ ਰੱਖੀ ਹੈ ਪਾੜ ਦੇਵੋ ਤੇ ਉਸ ਸ਼ਕਤੀ ਰਾਹੀਂ ਜੋ ਰੱਬ ਦੀ ਏਕਤਾ ਦੇ

ਭਰੋਸੇ ਤੋਂ ਮਿਲਦੀ ਹੈ, ਨਿਸਫਲ ਵੇਖਾ ਵੇਖੀ ਦੇ ਬੁਤ ਤੋੜ ਸੁਟੇ। ਫੇਰ ਉਸ ਪ੍ਰਮਾਤਮਾਂ ਦੀ ਸ਼ੁਭ ਕਾਮਨਾ ਦੇ ਪਵਿੱਤਰ ਸਵੱਰਗ ਵਿਚ ਜਾਓ ਆਪਣੀ ਆਤਮਾਂ ਨੂੰ ਉਸ ਚੀਜ਼ ਤੋਂ ਜੋ ਰੱਬ ਦੇ ਅਨੁਕੂਲ ਨਹੀਂ ਸ਼ੁੱਧ ਕਰੋ ਤੇ ਉਸ ਆਰਾਮ ਦਾ ਸੁਆਦ ਮਾਣੋ ਜੋ ਉਸਦੇ ਵਿਸ਼ਾਲ ਤੇ ਜਬਰਦਸਤ ਇਲਹਾਮ 'ਚ ਹੈ ਤੇ ਉਸਦੇ ਸ਼ਰੋਮਣੀ ਤੇ ਅਚੁੱਕ ਹੁਕਮ ਦੀ ਛੱਤਰ ਛਾਇਆ ਹੇਠ ਹੈ। ਆਪਣੇ ਆਪਨੂੰ ਆਪਣੀਆਂ ਸੁਆਰਥੀ ਇਛਾਵਾਂ ਦੇ ਸੰਘਣੇ ਘੁੱਡ ਵਿਚ ਨਾਂ ਲਪੇਟੋ, ਕਿਉਂ ਜੋ ਮੈਂ ਆਪਣੀ ਸ੍ਰਿਸ਼ਟੀ ਦੇ ਹਰ ਬੰਦੇ ਨੂੰ ਪੂਰਨ ਬਨਾਇਆ ਹੈ ਤਾਂ ਜੋ ਮੇਰੀ ਦਸਤਕਾਰੀ ਦੀ ਖੂਬੀ ਮਨੁੱਖ ਜਾਤੀ ਨੂੰ ਭਲੀ ਭਾਂਤ ਪ੍ਰਗਟ ਹੋ ਜਾਵੇ, ਨਤੀਜੇ ਵੱਜੋਂ ਹਰ ਮਨੁੱਖ ਰੱਬ ਦੀ ਵਡਿਆਈ ਦੀ ਕਦਰ ਕਰਨ ਦੇ ਯੋਗ ਹੈ ਤੇ ਰਹੇਗਾ। ਜੇ ਮਨੁੱਖ ਨੂੰ ਇਹ ਵਿਸ਼ੇਸ਼ ਅਧਿਕਾਰਾਂ ਦੀ ਸਮਰੱਥਾ ਨਾਂ ਬਖਸ਼ੀ ਹੁੰਦੀ ਤਾਂ ਉਸ ਤੋਂ ਉਸਦੀ ਅਸਫਲਤਾ ਦਾ ਹਿਸਾਬ ਕੇਹਾ? ਜੇ ਉਸ ਦਿਨ ਜਦੋਂ ਦੁਨੀਆਂ ਦੇ ਸਾਰੇ ਲੋਕ ਇਕੱਠੇ ਕੀਤੇ ਜਾਣਗੇ ਕੋਈ ਮਨੁੱਖ ਰੱਬ ਦੀ ਹਜੂਰੀ ਵਿਚ ਖੜਾ ਹੋਇਆ ਇਹ ਪੁੱਛਣ ਤੇ ਕਿ "ਤੂੰ ਕਿਉਂ ਮੇਰੇ ਜ਼ਮਾਲ ਤੋਂ ਬੇਪਰਤੀਤ ਹੋ ਗਿਆ ਹੈ ਤੇ ਮੇਰੇ ਕੋਲੋਂ ਦੂਰ ਹੋ ਗਿਆ ਹੈ?" ਇਹ ਜਵਾਬ ਦੇਵੇ ਕਿਉਂ ਜੋ ਸਾਰਿਆਂ ਨੇ ਗਲਤੀ ਕੀਤੀ ਹੈ ਤੇ ਕੋਈ ਭੀ ਸੱਚ ਵਲ ਮੂੰਹ ਕਰਨ ਵਾਸਤੇ ਖੁਸ਼ੀ ਨਾਲ ਤਿਆਰ ਨਹੀਂ ਸੀ। ਸੋ ਮੈਂ ਭੀ ਉਨ੍ਹਾਂ ਦੀ ਰੀਸੇ ਉਸ ਅਬਿਨਾਸ਼ੀ ਰੂਪ ਪਹਚਾਨਣ ਤੋਂ ਬੁਰੀ ਤਰ੍ਹਾਂ ਅਸਫਲ ਰਿਹਾ ਹਾਂ" ਤਾਂ ਇਹ ਉਜ਼ਰ ਯਕੀਨੀ ਤੌਰ ਤੇ ਨਾ ਮਨਜੂਰ ਕੀਤਾ ਜਾਵੇਗਾ। ਕਿਸੇ ਭੀ ਮਨੁੱਖ ਦੀ ਸ਼ਰਧਾ ਕਿਸੇ ਹੋਰ ਤੇ ਨਿਰਭਰ ਨਹੀਂ ਕਰਦੀ।

27. ਸ੍ਰਿਸ਼ਟੀ ਦੇ ਆਦਿ ਦੇ ਸਵਾਲ ਬਾਰੇ। ਇਹ ਯਕੀਨੀ ਤੌਰ ਤੇ ਜਾਣ ਲਵੋ ਕਿ ਪ੍ਰਮਾਤਮਾ ਦੀ ਸ੍ਰਿਸ਼ਟੀ ਅਨੰਤ ਕਾਲ ਤੋਂ ਹੀ ਹੋਂਦ ਵਿਚ ਹੈ ਤੇ ਹਮੇਸ਼ਾ ਰਹੇਗੀ। ਨਾ ਇਸ ਦਾ ਮੁੱਢ ਹੈ ਨਾਂ ਅੰਤ। ਉਸ ਦਾ ਨਾਮ ਕਰਤਾਰ ਹੈ ਜਿਸ ਤੋਂ ਅਗੇਤਰਾ ਕਿਆਸ ਪੈਦਾ ਹੁੰਦਾ ਹੈ ਕਿ ਸ੍ਰਿਸ਼ਟੀ ਦਾ ਕਰਤਾ ਹੈ। ਉਸ ਦੇ ਖਿਤਾਬ "ਖਲਕਤ ਦਾ ਮਾਲਕ" ਵਿਚ ਵੀ



ਇਕ ਦਾਸ ਦੀ ਹੋਂਦ, ਸ਼ਾਮਲ ਹੈ।

ਉਨ੍ਹਾਂ ਕਹਾਵਤਾਂ ਬਾਰੇ ਜੋ ਪੁਰਾਣੇ ਅਵਤਾਰਾਂ ਦੇ ਨਾਲ ਜੋੜੀਆਂ ਜਾਂਦੀਆਂ ਹਨ ਜਿਵੇਂ ਕਿ "ਸ਼ੁਰੂ ਵਿਚ ਰੱਬ ਹੀ ਰੱਬ ਸੀ, ਕੋਈ ਜਾਣ-ਦਾਰ ਸ਼ੈ ਉਸ ਨੂੰ ਪਛਾਨਣ ਵਾਲੀ ਨਹੀਂ ਸੀ।" ਅਤੇ ਰੱਬ ਕੱਲਾ ਹੀ ਸੀ ਤੇ ਕੋਈ ਉਸਦੀ ਸਿਫਤ ਕਰਨ ਵਾਲਾ ਨਹੀਂ ਸੀ। ਏਹਨਾਂ ਤੇ ਅਜਿਹਿਆਂ ਕਥਨੀਆਂ ਦਾ ਭਾਵ ਸਪਸ਼ਟ ਹੈ ਤੇ ਕਦੇ ਭੀ ਗਲਤ ਨਹੀਂ ਸਮਝਣਾ ਚਾਹੀਦਾ। ਇਸੇ ਸਚਾਈ ਦਾ ਇਹ ਸ਼ਬਦ ਜੋ ਉਸ (ਰੱਬ) ਨੇ ਆਪ ਪ੍ਰਕਾਸ਼ ਕੀਤੇ ਹਨ ਪੁਸ਼ਟੀ ਕਰਦੇ ਹਨ। ਸ਼ਬਦ "ਰੱਬ ਕੱਲਾ ਸੀ, ਉਸਦੇ ਨਾਲ ਕੋਈ ਨਹੀਂ ਸੀ। ਉਹ ਹਮੇਸ਼ਾਂ ਏਸੇ ਤਰ੍ਹਾਂ ਰਹੇਗਾ"। ਹਰ ਸੁਚੇਤ ਅੱਖ ਸੌਖੇ ਹੀ ਵੇਖ ਲਵੇਗੀ ਕਿ ਰੱਬ ਹੁਣ ਪ੍ਰਗਟ ਹੋ ਗਿਆ ਹੈ ਪਰ ਫੇਰ ਭੀ ਉਸ ਦੀ ਵਡਿਆਈ ਨੂੰ ਜਾਨਣ ਵਾਲਾ ਕੋਈ ਨਹੀਂ। ਇਸਦਾ ਏਹ ਮਤਲਬ ਹੈ ਕਿ ਜਿਥੇ ਉਸਦਾ ਨਿਵਾਸ ਹੈ ਉਹ ਥਾਂ ਸਭ ਦੀ ਪਹੁੰਚ ਤੇ ਅਕਲ ਤੋਂ ਉੱਚੀ ਹੈ ਸਵਾਏ ਉਸ ਦੀ ਜ਼ਾਤ ਦੇ। ਜੋ ਕੁਝ ਭੀ ਇਸ ਅਚੇਤ ਦੁਨੀਆਂ ਵਿਚ ਜ਼ਾਹਰ ਕੀਤਾ ਯਾ ਸੋਚਿਆ ਜਾ ਸਕਦਾ ਹੈ ਉਹ ਉਨ੍ਹਾਂ ਹੱਦਾਂ ਤੋਂ ਬਾਹਰ ਨਹੀਂ ਜਾ ਸਕਦਾ। ਜੋ ਇਸਦੀ ਤਬੀਅਤ 'ਚ ਸੁਭਾਵਕ ਤੌਰ ਤੇ ਲਗਿਆ ਹੋਇਆ ਹੈ। ਸਿਰਫ ਰਬ ਹੀ ਏਨਾਂ ਹੱਦਾਂ ਨੂੰ ਉਲੰਘ ਸਕਦਾ ਹੈ। ਉਹ ਹੀ ਸਚੀ-ਮੁੱਚੀ ਹਮੇਸ਼ਾ ਰਹਿਣ ਵਾਲਾ ਹੈ। ਉਸਦਾ ਹਿਸੇਦਾਰ ਯਾ ਬਰਾਬਰ ਦਾ ਕੋਈ ਨਹੀਂ ਸੀ, ਨਾ ਹੋਵੇਗੇ। ਕੋਈ ਨਾਮ ਉਸਦੇ ਨਾਮ ਦਾ ਮੁਕਾਬਲਾ ਨਹੀਂ ਕਰ ਸਕਦਾ। ਕੋਈ ਕਲਮ ਉਸਦੀ ਕੁਦਰਤ ਉਲੀਕ ਨਹੀਂ ਸਕਦੀ ਤੇ ਨਾ ਕੋਈ ਜਬਾਨ ਉਸਦੀ ਵਡਿਆਈ ਵਰਨਣ ਕਰ ਸਕਦੀ ਹੈ। ਉਹ ਹਮੇਸ਼ਾ ਬੇਹੱਦ ਉੱਚਾ ਰਹੇਗਾ ਹਰ ਇਕ ਨਾਲੋਂ ਸਵਾਏ ਆਪ ਤੋਂ। ਦੇਖੋ ਕਿਹੜੇ ਵੇਲੇ ਉਹ ਮਹਾਨ ਪ੍ਰਕਾਸ਼ ਹੋਵੇਗਾ ਲੋਕਾਂ ਅੱਗੇ। ਉਸ ਘੜੀ ਦ ਆਉਣ ਤੋਂ ਅੱਗੋਂ ਉਹ ਮੁੱਢ ਕਦੀਮੀ ਹਸਤੀ ਜਿਸਨੂੰ ਮਨੁੱਖ ਅਜੇ ਨਹੀਂ ਜਾਣਦਾ ਤੇ ਜਿਸਨੇ ਅਜੇ ਤਕ ਪ੍ਰਮਾਤਮਾ ਦਾ ਹੁਕਮ ਨਹੀਂ ਉਚਾਰਿਆ ਆਪ ਹੀ ਸਭ ਕੁਝ ਜਾਣੂ ਹੈ ਤੇ ਦੁਨੀਆਂ ਵਿਚ ਕੋਈ

ਭੀ ਮਨੁੱਖ ਅੰਜੇਹਾ ਨਹੀਂ ਜਿਸਨੇ ਉਸ ਦਾ ਭੇਦ ਪਾ ਲਿਆ ਹੋਵੇ। ਬੇਸ਼ੱਕ ਉਹ ਕਰਤਾ ਹੈ ਬਗੈਰ ਸ੍ਰਿਸ਼ਟੀ ਦੇ। ਉਸਦੇ ਪ੍ਰਗਟ ਹੋਣ ਦੇ ਸਮੇਂ ਤੇ ਇਕ ਛਿਨ ਅਗੋਂ ਹੀ ਹਰ ਜੀਵ ਆਪਣੀ ਰੂਹ ਮਜਬੂਰੀ ਉਸਨੂੰ ਸੌਂਪ ਦੇਵੇਗਾ। ਨਿਰਸੰਦੇਹ ਏਹੀ ਦਿਨ ਹੈ ਜਿਸ ਦੀ ਬਾਬਤ ਇਹ ਲਿਖਿਆ ਗਿਆ ਹੈ। "ਉਸ ਦਿਨ ਕਿਸ ਦਾ ਰਾਜ ਹੋਵੇਗਾ" ਤੇ ਕੋਈ ਨਹੀਂ ਲੱਭਦਾ ਜੋ ਇਸਦਾ ਉੱਤਰ ਦੇਣ ਦੇ ਯੋਗ ਹੋਵੇ।

28. ਰੱਬ ਦੀਆਂ ਸਾਜੀਆਂ ਧਰਤੀਆਂ ਬਾਰੇ ਸਵਾਲ ਦੇ ਸੰਬੰਧ 'ਚ: ਤੁਹਾਨੂੰ ਇਹ ਵਿਦਿਤ ਹੋਵੇ ਕਿ ਰੱਬ ਦੀਆਂ ਬਣਾਈਆਂ ਧਰਤੀਆਂ ਦੀ ਸੰਖਿਆ ਬੇਅੰਤ ਹੈ ਤੇ ਉਨ੍ਹਾਂ ਦਾ ਸਿਲਸਿਲਾ ਅਪਾਰ ਹੈ। ਸਵਾਏ ਰੱਬ ਤੋਂ ਜੋ ਸਭ ਕੁਝ ਜਾਣਦਾ ਹੈ ਤੇ ਪੂਰਨ ਸਿਆਣਾ ਹੈ ਕੋਈ ਭੀ ਉਨ੍ਹਾਂ ਦਾ ਹਿਸਾਬ ਨਹੀਂ ਲਗਾ ਸਕਦਾ ਤੇ ਨਾਂ ਹੀ ਸਮਝ ਸਕਦਾ ਹੈ। ਖਿਆਲ ਕਰੋ ਜਦੋਂ ਤੁਸੀਂ ਸੁੱਤੇ ਹੁੰਦੇ ਹੋ—ਮੈਂ ਸੱਚ ਕਹਿੰਦਾ ਹਾਂ, ਕਿ ਇਹ ਅਣੋਖੀ ਘਟਨਾ ਇਨਸਾਨ ਵਿਚ ਰੱਬ ਦੀ ਸਭ ਤੋਂ ਵੱਧ ਭੇਦ ਵਾਲੀ ਲੀਲ੍ਹਾ ਹੈ। ਜੇ ਬੰਦੇ ਆਪਣੇ ਮਨ 'ਚ ਸੋਚਣ। ਦੇਖੋ ਇਕ ਚੀਜ਼ ਜੋ ਤੁਸੀਂ ਸੁਫਨੇ 'ਚ ਦੇਖਦੇ ਹੋ ਕੁੱਝ ਦਿਨਾਂ ਬਾਅਦ ਸੱਚ ਹੋ ਜਾਂਦੀ ਹੈ। ਜੇ ਸੁਫਨੇ ਦੀ ਦੁਨੀਆਂ ਤੇ ਜਾਗਦਿਆਂ ਦੀ ਦੁਨੀਆਂ ਇਕੋ ਜਿਹੀਆਂ ਹੁੰਦੀਆਂ ਤਾਂ ਸੁਫਨੇ ਦੀ ਘਟਨਾਂ ਲਾਜ਼ਮੀ ਤੌਰ ਤੇ ਜਾਗਦੇ ਸਾਰ ਹੀ ਵਾਪਰਦੀ। ਜੇ ਅਜਿਹਾ ਹੁੰਦਾ ਤਾਂ ਤੁਸੀਂ ਆਪ ਦੇਖ ਲੈਂਦੇ। ਕਿਉਂ ਜੋ ਅਜੇਹਾ ਨਹੀਂ ਹੁੰਦਾ ਇਸ ਕਰਕੇ ਇਹ ਸਿੱਟਾ ਨਿਕਲਦਾ ਹੈ ਕਿ ਜਾਗਰਤ ਦਾ ਜਹਾਨ ਸੁਫਨੇ ਨਾਲੋਂ ਫਰਕ ਹੈ। ਇਹ ਦੂਜੀ ਦੁਨੀਆਂ (ਸੁਫਨੇ ਵਾਲੀ) ਦਾ ਨਾਂ ਕੋਈ ਆਦਿ ਹੈ ਨਾ ਅੰਤ। ਜੇ ਤੂੰ ਇਹ ਦਾਵਾ ਕਰੇ ਕਿ ਇਹ ਦੁਨੀਆਂ ਰੱਬ ਦੇ ਹੁਕਮ ਨਾਲ ਬਣੀ ਹੈ ਜੋ ਸਰਵ ਸਮ੍ਰਥ ਹੈ ਤੇ ਤੇਜ਼ ਪ੍ਰਤਾਪ ਵਾਲਾ ਹੈ, ਤੇ ਇਹ ਤੇਰੇ ਅੰਦਰ ਹੈ ਤੇ ਤੇਰੇ ਅੰਦਰੋ ਅੰਦਰੀ ਲੁਕੀ ਹੋਈ ਹੈ ਤਾਂ ਇਹ ਗੱਲ ਸਹੀ ਹੋਵੇਗੀ। ਇਹ ਭੀ ਉੱਨਾ ਹੀ ਸੱਚ ਹੋਵੇਗਾ, ਕਿ ਤੇਰੀ ਰੂਹ ਨੀਂਦ ਦੀਆਂ ਹੱਦਾਂ ਨੂੰ ਪਾਰ ਕਰਕੇ ਤੇ ਸਰੀਰਕ ਬੰਧਨ ਨੂੰ ਛਡ ਕੇ, ਰੱਬ ਦੇ ਹੁਕਮ ਨਾਲ ਅਜੇਹੇ ਖੰਡ ਵਿਚ



ਅਪੜ ਜਾਂਦੀ ਹੈ ਜੋ ਇਸ ਦੁਨੀਆਂ ਦੀ ਅੰਦਰਲੀ ਹਕੀਕਤ ਵਿਚ ਲੁਕਿਆ ਹੈ। ਮੈਂ ਸੱਚ ਕਹਿੰਦਾ ਹਾਂ ਕਿ ਰੱਬ ਦੀ ਸ੍ਰਿਸ਼ਟੀ ਵਿਚ ਇਸ ਦੁਨੀਆਂ ਤੋਂ ਛੁੱਟ ਹੋਰ ਦੁਨੀਆਂ ਭੀ ਹਨ। ਤੇ ਇਨ੍ਹਾਂ ਜੀਵਾਂ ਤੋਂ ਇਲਾਵਾ ਹੋਰ ਭੀ ਹਨ। ਹਰ ਦੁਨੀਆਂ ਵਿਚ ਆਪਣੇ ਹੁਕਮ ਨਾਲ ਉਸ ਨੇ ਅਜਿਹੀਆਂ ਚੀਜਾਂ ਉਤਪੰਨ ਕੀਤੀਆਂ ਹਨ ਜਿਨ੍ਹਾਂ ਦੀ ਕੋਈ ਖੋਜ ਨਹੀਂ ਕਰ ਸਕਦਾ, ਸਵਾਏ ਉਸ ਦੀ ਜਾਤ ਦੇ ਜੋ ਪੂਰਨ ਖੋਜੀ ਤੇ ਸਿਆਣਾ ਹੈ। ਜੋ ਅਸੀਂ ਤੈਨੂੰ ਦੱਸਿਆ ਹੈ ਕਿ ਤੂੰ ਉਸ ਤੇ ਵਿਚਾਰ ਕਰ ਤਾਂ ਜੋ ਤੈਨੂੰ ਰੱਬ ਦਾ ਮਨੋਰਥ ਲੱਭ ਜਾਵੇ ਜੋ ਤੇਰਾ ਤੇ ਸਾਰੇ ਜਹਾਨਾਂ ਦਾ ਮਾਲਕ ਹੈ। ਏਨ੍ਹਾਂ ਸਬਦਾਂ 'ਚ ਇਲਾਹੀ ਅਕਲ ਦੇ ਭੇਦਾਂ ਦਾ ਖਜਾਨਾ ਹੈ। ਅਸੀਂ ਇਸ ਵਿਸ਼ੇ ਤੇ ਖੋਲ੍ਹ ਕਿ ਲਿਖਣ ਤੋਂ ਸੰਕੋਚ ਕੀਤਾ ਹੈ ਉਸ ਉਦਾਸੀ ਕਾਰਨ ਜਿਸ ਨੇ ਸਾਨੂੰ ਘੇਰ ਰੱਖਿਆ ਹੈ ਤੇ ਜੋ ਉਨ੍ਹਾਂ ਦੇ ਅਮਲਾਂ ਕਰਕੇ ਪੈਦਾ ਹੋਈ ਜੋ ਸਾਡੇ ਸ਼ਬਦਾਂ ਕਰਕੇ ਪੈਦਾ ਹੋਏ— ਜੇ ਤੂੰ ਉਨ੍ਹਾਂ 'ਚੋਂ ਹੈ ਜੋ ਸਾਡੀ ਅਵਾਜ ਨੂੰ ਗਹੁ ਨਾਲ ਸੁਣਦੇ ਹਨ।

29. ਤੈਂ ਸਾਨੂੰ ਪੁੱਛਿਆ ਹੈ ਕਿ ਕੀ ਅਵਤਾਰਾਂ ਤੇ ਰੱਬ ਦੇ ਪਿਆਰਿਆਂ ਤੋਂ ਛੁੱਟ ਇਨਸਾਨ ਆਪਣੀ ਮੌਤ ਮਗਰੋਂ ਆਪਣੀ ਸ਼ਖਸੀਅਤ, ਆਪਾ, ਹੋਸ਼ ਤੇ ਸਮਝ ਕਾਇਮ ਰਖੇਗਾ ਜੋ ਇਸ ਜੀਵਨ ਵਿਚ ਇਸ ਦੇ ਲੱਛਣ ਹਨ। ਜੇ ਅਜੇਹੀ ਦਸ਼ਾ ਹੋਵੇ ਤਾਂ ਫਿਰ ਇਹ ਕਿਵੇਂ ਹੋ ਸਕਦਾ ਹੈ (ਜਿਵੇਂ ਤੂੰ ਭੀ ਦੇਖਿਆ ਹੈ। ਕਿ ਇਕ ਮਾੜੀ ਜਿਹੀ ਦਿਮਾਗੀ ਚੋਟ ਜਿਵੇਂ ਕਿ ਬੇਹੋਸ਼ੀ ਤੇ ਸਖਤ ਬੀਮਾਰੀ ਉਸਦੇ ਹੋਸ਼ ਤੇ ਅਕਲ ਗੁਆ ਦੇਂਦੀਆਂ ਹਨ, ਤੇ ਮੌਤ ਜਿਸ ਨਾਲ ਉਸਦਾ ਸ਼ਰੀਰ ਤੇ ਤੱਤ ਗਲ ਤ ਖੁਰ ਜਾਂਦੇ ਹਨ ਉਸਦੀ ਸਮਝ ਤੇ ਹੋਸ਼ ਦਾ ਕੁਝ ਨਾ ਬਿਗਾੜ ਸਕੇ। ਕੋਈ ਇਹ ਕਿੱਦਾਂ ਖਿਆਲ ਕਰ ਸਕਦਾ ਹੈ ਕਿ ਇਨਸਾਨ ਦੀ ਹੋਸ਼ ਤੇ ਸ਼ਖਸੀਅਤ ਕਾਇਮ ਰਹੇਗੀ ਜਦੋਂ ਕਿ ਉਨ੍ਹਾਂ ਦੀ ਹੋਂਦ ਦੇ ਲੋੜੀਂਦੇ ਸਾਧਨ ਹੀ ਸਾਰੇ ਵਿਖਰ ਗਏ। ਤੂੰ ਇਹ ਜਾਣ ਲੈ ਕਿ ਇਨਸਾਨ ਦੀ ਰੂਹ ਸਰੀਰਕ ਤੇ ਮਨ ਦੀਆਂ ਕਮਜ਼ੋਰੀਆਂ ਤੋਂ ਆਜ਼ਾਦ ਤੇ ਬਹੁਤ ਉੱਚੀ ਹੈ। ਜੋ ਕਮਜ਼ੋਰੀ ਦੇ ਚਿਨ੍ਹ ਇਕ ਰੋਗੀ ਵਿਚ ਨਜ਼ਰ ਆਉਂਦੇ ਹਨ ਉਹ ਇਸ ਕਾਰਨ ਹੁੰਦੇ

ਹਨ ਕਿ ਉਸਦੀ ਰੂਹ ਤੇ ਸ਼ਰੀਰ ਵਿਚਾਲੇ ਰੁਕਾਵਟਾਂ ਆ ਜਾਂਦੀਆਂ ਹਨ ਪਰ ਰੂਹ ਸਰੀਰਕ ਬੀਮਾਰੀਆਂ ਤੋਂ ਬੇਅਸਰ ਹੈ। ਇਕ ਦੀਵੇ ਦੇ ਚਾਨਣ ਦੀ ਮਿਸਾਲ ਲਵੋ ਜੇ ਕੋਈ ਬਾਹਰਲੀ ਚੀਜ਼ ਇਸ ਦੀ ਰੌਸ਼ਨੀ ਰੋਕੇ ਤਾਂ ਭੀ ਦੀਵੇ ਦੀ ਰੌਸ਼ਨੀ ਵਿਚ ਕੋਈ ਘਾਟ ਨਹੀਂ ਆਵੇਗੀ ਤੇ ਦੀਵਾ ਉਸੇ ਤਰ੍ਹਾਂ ਚਾਨਣ ਦੇਂਦਾ ਰਹੇਗਾ। ਇਸੇ ਤਰ੍ਹਾਂ ਹਰ ਬੀਮਾਰੀ ਜੋ ਇਨਸਾਨ ਦੇ ਸਰੀਰ ਨੂੰ ਪੀੜਤ ਕਰਦੀ ਹੈ ਇਨਸਾਨ ਦੀ ਰੂਹ ਦੀ ਤਾਕਤ ਤੇ ਜ਼ੋਰ ਦੇ ਪ੍ਰਗਟਾਵੇ ਵਿਚ ਰੁਕਾਵਟ ਪੈਦਾ ਕਰਦੀ ਹੈ। ਜਦੋਂ ਰੂਹ ਸਰੀਰ ਨੂੰ ਤਿਆਗ ਦੇਂਦੀ ਹੈ ਤਾਂ ਇਹ ਅਜਿਹੀ ਪ੍ਰਬਲਤਾ ਜ਼ਾਹਿਰ ਕਰਦੀ ਹੈ ਤੇ ਅਜਿਹਾ ਅਸਰ ਦਿਖਾਉਂਦੀ ਹੈ ਕਿ ਧਰਤੀ ਦੀ ਕੋਈ ਤਾਕਤ ਇਸਦੀ ਬਰਾਬਰੀ ਨਹੀਂ ਕਰ ਸਕਦੀ। ਹਰ ਪਵਿੱਤਰ, ਕੋਮਲ ਭਾਵੀ, ਤੇ ਸ਼ੁੱਧ ਰੂਹ ਨੂੰ ਬੜੀ ਭਾਰੀ ਸ਼ਕਤੀ ਬਖਸ਼ੀ ਜਾਵੇਗੀ ਤੇ ਉਹ ਬੇਹੱਦ ਖੁਸ਼ੀ ਮਨਾਵੇਗੀ।

ਧਿਆਨ ਕਰੋ ਇਕ ਦੀਵੇ ਦਾ ਜੋ ਮਾਪ ਵਾਲੇ ਭਾਂਡੇ ਹੇਠ ਲਕੋ ਦਿੱਤਾ ਗਿਆ ਹੈ। ਭਾਵੇਂ ਇਸ ਦਾ ਚਾਨਣ ਚਮਕ ਰਿਹਾ ਹੈ। ਪਰ ਇਸਦੀ ਰੋਸ਼ਨੀ ਲੋਕਾਂ ਕੋਲੋਂ ਛੁਪੀ ਹੈ। ਇਸੇ ਤਰ੍ਹਾਂ ਸੂਰਜ ਵੱਲ ਤੱਕੋ ਜੋ ਬਦਲਾਂ ਓਹਲੇ ਆ ਗਿਆ ਹੈ। ਦੇਖੋ ਇਸਦੀ ਚਮਕਾਰ ਕਿਵੇਂ ਘੱਟ ਜਾਂਦੀ ਹੈ ਜਦੋਂ ਵਾਸਤਵ ਵਿਚ ਇਸ ਰੋਸ਼ਨੀ ਦਾ ਸੋਮਾ ਨਹੀਂ ਬਦ-ਲਿਆ ਇਨਸਾਨ ਦੀ ਰੂਹ ਨੂੰ ਸੂਰਜ ਨਾਲ ਤੁਲਨਾ ਦੇਣੀ ਚਾਹੀਦੀ ਹੈ ਤੇ ਧਰਤੀ ਦੀਆਂ ਸਾਰੀਆਂ ਚੀਜ਼ਾਂ ਇਸ ਦਾ ਸਰੀਰ ਸਮਝਣਾ ਚਾਹੀਦਾ ਹੈ। ਜਦੋਂ ਤੀਕ ਕੋਈ ਬਾਹਰਲੀ ਰੁਕਾਵਟ ਵਿਚਾਲੇ ਨਾ ਪਵੇ ਤਦ ਤੀਕ ਮੌਜੂਦਾ ਸਰੀਰ ਰੂਹ ਦੇ ਪ੍ਰਕਾਸ਼ ਦੀ ਪਰਛਾਈ ਸੁਟਦਾ ਰਹੇਗਾ ਪਰ ਜਦੋਂ ਕੋਈ ਪੜਦਾ ਰੂਹ ਤੇ ਸਰੀਰ ਦੇ ਵਿਚਾਲੇ ਆ ਜਾਵੇ ਤਾਂ ਫੌਰਨ ਰੂਹ ਦੇ ਪ੍ਰਕਾਸ਼ ਦੀ ਤੇਜ਼ੀ ਘੱਟ ਜਾਵੇਗੀ।

ਫੇਰ ਧਿਆਨ ਧਰੋ ਜਦੋਂ ਸੂਰਜ ਬਿਲਕੁਲ ਬਦਲਾਂ ਉਹਲੇ ਆ ਜਾਂਦਾ ਹੈ ਤਾਂ ਧਰਤੀ ਤੇ ਇਸਦੀ ਰੋਸ਼ਨੀ ਪੈਂਦੀ ਤਾਂ ਹੈ ਪਰ ਇਸਦੀ ਮਾਤਰਾ ਬਹੁਤ ਘਟ ਜਾਂਦੀ ਹੈ। ਜਦੋਂ ਤਕ ਬਦਲ ਪਰ੍ਹਾਂ ਨਹੀਂ ਹੁੰਦੇ



ਤਦ ਤੀਕ ਧੁਪ ਪੂਰੇ ਤੇਜ ਨਾਲ ਨਹੀਂ ਪੈਂਦੀ। ਬੱਦਲ ਦੀ ਹੋਂਦ ਯਾ ਅਣ-ਹੋਂਦ ਕਿਸੇ ਤਰ੍ਹਾਂ ਭੀ ਸੂਰਜ ਦੀ ਸੁਭਾਵਕ ਚਮਕਾਰ ਤੇ ਅਸਰ ਨਹੀਂ ਪਾ ਸਕਦੀ। ਇਨਸਾਨ ਦੀ ਰੂਹ ਉਹ ਸੂਰਜ ਹੈ ਜਿਸ ਨਾਲ ਉਸਦਾ ਸਰੀਰ ਜਗਮਗਾਉਂਦਾ ਹੈ ਤੇ ਜਿਸ ਤੋਂ ਇਹ ਖੁਰਾਕ ਲੈਂਦਾ ਹੈ—ਰੂਹ ਨੂੰ ਇੰਜ ਸਮਝਣਾ ਚਾਹੀਦਾ ਹੈ।

ਦੇਖੋ ਫਲ ਲਗਨ ਤੋਂ ਪਹਿਲਾਂ ਕਿਵੇਂ ਬਿਰਛ ਵਿਚ ਸਮਾਇਆ ਹੁੰਦਾ ਹੈ ਜੇ ਬਿਰਛ ਨੂੰ ਕੱਟਕੇ ਟੁਕੜੇ ਕੀਤੇ ਜਾਣ ਤਾਂ ਫਲ ਦੀ ਕੋਈ ਨਿਸ਼ਾਨੀ ਨਹੀਂ ਲੱਭੇਗੀ। ਪਰ ਜਦੋਂ ਫਲ ਲੱਗ ਜਾਂਦਾ ਹੈ ਤਾਂ ਜਿਵੇਂ ਤੂੰ ਦੇਖਿਆ ਹੋਵੇਗਾ, ਇਹ ਆਪਣੀ ਅਨੋਖੀ ਸੁੰਦਰਤਾ ਤੇ ਸ਼ਾਨਦਾਰ ਪੂਰਨਤਾ ਸਹਿਤ ਪ੍ਰਗਟ ਹੁੰਦਾ ਹੈ। ਬਾਜ਼ੇ ਫਲ ਬੇਸ਼ੱਕ ਬਿਰਛ ਤੋਂ ਤੋੜਨ ਮਗਰੋਂ ਹੀ ਪੂਰੀ ਤਰ੍ਹਾਂ ਪ੍ਰਫੁੱਲਤ ਹੁੰਦੇ ਹਨ।

30. ਤੇ ਹੁਣ ਤੇਰੇ ਇਸ ਸਵਾਲ ਬਾਰੇ ਇਨਸਾਨ ਦੀ ਰੂਹ ਤੇ ਇਸਦਾ ਮੌਤ ਮਗਰੋਂ ਜੀਵਤ ਰਹਿਣਾ। ਤੂੰ ਇਸ ਸਚਾਈ ਨੂੰ ਜਾਣ ਲੈ ਕਿ ਰੂਹ ਸਰੀਰ ਵਿਚੋਂ ਅੱਡ ਹੋ ਕੇ ਤਰੱਕੀ ਕਰਦੀ ਰਹੇਗੀ ਜਦੋਂ ਤੀਕ ਇਹ ਪ੍ਰਮਾਤਮਾਂ ਦੀ ਹਜ਼ੂਰੀ ਨਹੀਂ ਪ੍ਰਾਪਤ ਕਰਦੀ ਤੇ ਇਸ ਹਾਲਤ ਤੇ ਮਾਰਗ ਨੂੰ ਨਾ ਜ਼ਮਾਨੇ ਤੇ ਸਦੀਆਂ ਦਾ ਗੇੜ ਨਾ ਦੁਨੀਆਂ ਦੀਆਂ ਤਬਦੀਲੀਆਂ ਨਾ ਸੰਭਾਵਨਾਵਾਂ ਬਦਲ ਸਕਦੀਆਂ ਹਨ। ਇਹ (ਰੂਹ) ਇਤਨਾ ਚਿਰ ਰਹੇਗੀ ਜਿਤਨਾ ਚਿਰ ਪ੍ਰਮਾਤਮਾ ਦਾ ਦਰਬਾਰ ਉਸਦੀ ਖੁਦਾਈ ਉਸਦਾ ਰਾਜ ਤੇ ਅਖਤਿਆਰ ਰਹੇਗਾ। ਇਹ ਰੱਬ ਦੇ ਚਿੰਨ੍ਹ ਤੇ ਉਸਦੀਆਂ ਖੂਬੀਆਂ ਦਰਸਾਵੇਗੀ ਤੇ ਉਸਦੀ ਪਿਆਰ ਭਰੀ ਮਿਹਰ ਤੇ ਬਖਸ਼ਿਸ਼ ਜ਼ਾਹਰ ਕਰੇਗੀ। ਮੇਰੀ ਕਲਮ ਦੀ ਹਰਕਤ ਬੰਦ ਹੋ ਜਾਂਦੀ ਹੈ ਜਦ ਇਹ ਉਸ ਮਾਰਗ ਦੀ ਉੱਚਤਾ ਤੇ ਸ਼ਾਨ ਵਰਨਣ ਕਰਨ ਦਾ ਜਤਨ ਕਰਦੀ ਹੈ। ਉਹ ਸਨਮਾਨ ਜੋ ਉਸ ਦਯਾ ਦੇ ਹੱਥ ਨੇ ਰੂਹ ਨੂੰ ਬਖਸ਼ਣਾ ਹੈ ਅਜਿਹਾ ਹੈ ਕਿ ਕੋਈ ਜੀਭ ਉਸ ਨੂੰ ਭਲੀ ਭਾਂਤ ਬਿਆਨ ਨਹੀਂ ਕਰ ਸਕਦੀ। ਨਾ ਕੋਈ ਸੰਸਾਰਕ.........

ਸਾਧਨ ਵਰਨਣ ਕਰ ਸਕਦਾ ਹੈ। ਉਹ ਰੂਹ ਧੰਨ ਹੈ ਜੋ ਸਰੀਰ

ਤੇ ਅੱਡ ਹੋਣ ਸਮੇਂ ਦੁਨੀਆਂ ਦ ਲੋਕਾਂ ਦੀਆਂ ਨਿਸਫ਼ਲ ਕਲਪਨਾਂ ਤੋਂ ਸੁਧ ਹੋ ਜਾਂਦੀ ਹੈ। ਅਜੇਹੀ ਰੂਹ ਇਸਦੇ ਸਾਜਣ ਵਾਲੇ ਦੀ ਰਜਾ ਅਨੁਸਾਰ ਰਹਿੰਦੀ ਤੇ ਫਿਰਦੀ ਹੈ। ਤੇ ਸਭ ਤੋਂ ਉੱਚੇ ਸਵਰਗ ਵਿਚ ਪ੍ਰਵੇਸ਼ ਕਰਦੀ ਹੈ। ਸਵਰਗ ਦੀਆਂ ਰੂਹਾਂ, ਉੱਚੇ ਦਵਾਰਿਆਂ ਵਿਚ ਰਹਿਣ ਵਾਲੇ ਇਸ ਦੇ ਦੁਆਲੇ ਦੁਆਲੇ ਘੇਰਾ ਪਾ ਲੈਣਗੇ ਤੇ ਅਵਤਾਰ ਤੇ ਚੁਣੇ ਹੋਏ ਇਸਦੀ ਸੰਗਤ ਚਾਹੁਣਗੇ। ਉਨ੍ਹਾਂ ਨਾਲ ਇਹ ਰੂਹ ਆਜਾਦੀ ਨਾਲ ਬਚਨ ਬਲਾਸ ਕਰੇਗੀ ਤੇ ਉਨ੍ਹਾਂ ਅੱਗੇ ਜੋ ਮੁਸੀਬਤਾਂ ਇਸ ਨੇ ਰੱਬ (ਜੋ ਬਰੰਹਸੰਡ ਦਾ ਮਾਲਕ ਹੈ) ਦੇ ਰਾਹ ਤੇ ਚਲਦਿਆ ਝੁਲੀਆਂ ਵਰਨਣ ਕਰੇਗੀ। ਜੇ ਕਿਸੇ ਇਨਸਾਨ ਨੂੰ ਦੱਸ ਦਿੱਤਾ ਜਾਵੇ ਜੋ ਕੁੱਝ ਕਿ ਐਸੀ ਰੂਹ ਵਾਸਤੇ ਪ੍ਰਮਾਤਮਾ ਨੇ, ਜੋ ਅਰਸ਼ ਦੇ ਤਖਤ ਤੋਂ ਮਾਤ ਲੋਕ ਦਾ ਮਾਲਕ ਹੈ, ਭਾਗਾਂ ਵਿਚ ਲਿਖਿਆ ਹੈ। ਤਾਂ ਉਸ ਇਨਸਾਨ ਦਾ ਸਾਰਾ ਵਜੂਦ ਇਸ ਗੂੜ੍ਹੀ ਚਾਹਨਾਂ ਨਾਲ ਭੜਕ ਉਠੇਗਾ ਕਿ ਕਿਵੇਂ ਉਸ ਪਦਵੀ ਨੂੰ ਪ੍ਰਾਪਤ ਕੀਤਾ ਜਾਵੇ ਜੋ ਕਿ ਅਤੀ ਉੱਚੀ, ਪਵਿੱਤਰ ਤੇ ਪ੍ਰਕਾਸ਼ਮਾਨ ਹੈ। ਮੌਤ ਮਗਰੋਂ ਰੂਹ ਦੀ ਹਾਲਤ ਕਦੇ ਭੀ ਬਿਆਨ ਨਹੀਂ ਕੀਤੀ ਜਾ ਸਕਦੀ ਤੇ ਨਾ ਹੀ ਇਹ ਉਚਿਤ ਹੈ ਤੇ ਆਗਿਆਯੋਗ ਹੈ ਕਿ ਇਸ ਦੇ ਸਾਰੇ ਲੱਛਣ ਇਨਸਾਨ ਨੂੰ ਦਿਖਾਏ ਜਾਣ। ਅਵਤਾਰ ਤੇ ਪ੍ਰਮਾਤਮਾ ਦੇ ਦੂਤ ਸਿਰਫ ਇਸ ਮਨੋਰਥ ਵਾਸਤੇ ਭੇਜੇ ਗਏ ਸੀ ਕਿ ਮਨੁੱਖ ਜਾਤੀ ਨੂੰ ਸੱਚ ਦੇ ਸਿੱਧੇ ਰਾਹ ਤੇ ਚਲਨ ਵਾਸਤੇ ਅਗਵਾਈ ਕਰਨ। ਉਨ੍ਹਾਂ ਦੇ ਪ੍ਰਗਟ ਹੋਣ ਦਾ ਮਨੋਰਥ ਇਹੀ ਸੀ ਕਿ ਮਨੁੱਖ ਜਾਤੀ ਨੂੰ ਸਿੱਖਿਆ ਦਿੱਤੀ ਜਾਵੇ ਤਾਂ ਜੋ ਮਰਨ ਸਮੇਂ ਉਨ੍ਹਾਂ ਦੀਆਂ ਰੂਹਾਂ ਪੂਰਨ ਪਵਿੱਤਰਤਾ ਸ਼ੁਧਤਾ ਤੇ ਮੁਕੰਮਲ ਨਿਰਮੋਹਤਾ ਕਾਰ ਨੂੰ ਉਸ ਉੱਚੇ ਤੋਂ ਉੱਚੇ ਦੇ ਦਰਬਾਰ ਵਿਚ ਅਪੜ ਜਾਣ। ਜੋ ਚਾਨਣ ਇਹ ਰੂਹਾਂ ਪਸਾਰਦੀਆਂ ਹਨ ਉਸਦੀ ਵਜ੍ਹਾ ਕਰਕੇ ਹੀ ਦੁਨੀਆਂ ਦੀ ਉਨਤੀ ਤੇ ਲੋਕਾਂ ਦੀ ਅਗਾਹਾਂ-ਵਧੂ ਦਿਸ਼ਾ ਹੈ। ਉਹ ਖਮੀਰ ਵਾਂਗੂ ਹਨ ਜੋ ਜੀਵਤ ਦੁਨੀਆਂ ਨੂੰ ਖਮੀਰਾ ਕਰ ਦੇਂਦੇ ਹਨ ਤੇ ਉਤਸ਼ਾਹ ਦੇਣ ਵਾਲੀ ਸ਼ਕਤੀ ਭਰ ਦੇਂਦੇ ਹਨ ਜੋ ਦੁਨੀਆਂ ਦੇ ਹੁਨਰ



ਤੇ ਕਮਾਲ ਦੀਆਂ ਚੀਜਾਂ ਰਾਹੀਂ ਪ੍ਰਗਟ ਹੁੰਦੀ ਹੈ। ਉਨ੍ਹਾਂ ਕਰਕੇ ਹੀ ਬੱਦਲ ਆਪਣੀ ਦਾਤ ਬਰਸਾਉਂਦੇ ਹਨ ਤੇ ਧਰਤੀ ਫਲ ਪੈਦਾ ਕਰਦੀ ਹੈ। ਹਰ ਚੀਜ਼ ਦਾ ਲਾਜ਼ਮੀ ਤੌਰ ਤੇ ਕੋਈ ਕਾਰਨ, ਕੋਈ ਚਲਾਊ ਸ਼ਕਤੀ ਤੇ ਜਿੰਦ ਪਾਉਣ ਦਾ ਅਸੂਲ ਹੁੰਦਾ ਹੈ। ਇਹਨਾਂ ਰੂਹਾਂ ਤੇ ਨਿਰਮੋਹਤਾ ਦੀਆਂ ਨਿਸ਼ਾਨੀਆਂ ਨੇ ਦੁਨੀਆਂ ਨੂੰ ਚਲਾਊ ਤਰੰਗ ਦਿੱਤੀ ਹੈ ਤੇ ਦੇਂਦੀਆਂ ਰਹਿਣਗੀਆਂ। ਇਹ ਦੁਨੀਆਂ ਉਸ ਅੱਗੇ ਦੀ ਦੁਨੀਆਂ ਤੋਂ ਏਨੀ ਹੀ ਫਰਕ ਹੈ ਜਿਨੀ ਕਿ ਮਾਤਾ ਦੇ ਗਰਭ 'ਚ ਬੱਚੇ ਦੀ ਦੁਨੀਆਂ ਬਾਹਰਲੀ ਦੁਨੀਆਂ ਤੋਂ। ਜਦੋਂ ਰੂਹ ਪ੍ਰਮਾਤਮਾ ਦੀ ਹਜ਼ੂਰੀ ਪ੍ਰਾਪਤ ਕਰ ਲੈਂਦੀ ਹੈ ਤਾਂ ਇਹ ਅਜੇਹੀ ਸ਼ਕਲ ਅਖਤਿਆਰ ਕਰ ਲੈਂਦੀ ਹੈ ਜੋ ਇਸ ਦੇ ਅਸਰ ਹੋਣ ਵਾਸਤੇ ਢੁਕਵੀਂ ਹੋਵੇ ਤੇ ਅਕਾਸ਼ੀ ਵਾਸੇ ਦੇ ਯੋਗ। ਅਜੇਹਾ ਵਜੂਦ ਆਰਜ਼ੀ ਹੈ ਪੱਕਾ ਨਹੀਂ ਕਿਉਂ ਜੋ ਪਹਿਲਾ ਵਜੂਦ ਤਾਂ ਕਾਰਨ ਕਰਕੇ ਹੁੰਦਾ ਹੈ ਤੇ ਦੂਸਰਾ ਕਾਰਨ ਤੋਂ ਬੇਮੁਹਤਾਜ਼ ਹੈ। ਸੁਤੰਤਰ ਵਜੂਦ ਤਾਂ ਸਿਰਫ ਰੱਬ ਦਾ ਹੀ ਹੈ। ਜਿਸ ਦੇ ਤੇਜ਼ ਪ੍ਰਕਾਸ਼ ਦੀ ਚੜ੍ਹਦੀ ਕਲਾ ਹੋਵੇ ਜੋ ਇਸ ਸਚਾਈ ਨੂੰ ਸਮਝਦੇ ਹਨ ਚੰਗੇ ਹਨ। ਜੇ ਤੂੰ ਆਪਣੇ ਮਨ ਵਿਚ ਪ੍ਰਮਾਤਮਾ ਦੇ ਅਵਤਾਰਾਂ ਦਾ ਵਰਤਾਓ ਸੋਚੇਂ ਤਾਂ ਤੂੰ ਜ਼ਰੂਰ ਖੁਸ਼ੀ ਨਾਲ ਇਸ ਗਲ ਦੀ ਹਾਮੀ ਭਰੇਂਗਾ ਕਿ ਇਸ ਦੁਨੀਆਂ ਤੋਂ ਛੁੱਟ ਹੋਰ ਦੁਨੀਆਂ ਵੀ ਹਨ। ਸਿਆਣੇ ਤੇ ਵਿਦਵਾਨ ਪੁਰਸ਼ਾਂ ਦੀ ਭਾਰੀ ਸੰਖਿਆ ਨੇ ਹਰ ਕਾਲ ਵਿਚ ਜਿਵੇਂ ਕਿ ਸ਼ਾਨਦਾਰ ਕਲਮ ਨੇ ਸਿਆਣਪ ਦੀ ਪੱਟੀ 'ਚੋਂ ਲਿਖਿਆ ਹੈ ਇਸ ਗਲ ਦੀ ਗਵਾਹੀ ਦਿੱਤੀ ਹੈ ਕਿ ਜੋ ਕੁਝ ਰੱਬ ਦੇ ਪਾਕ ਹੁਕਮਨਾਮੇ ਵਿਚ ਲਿਖਿਆ ਹੈ ਸਤਿ ਹੈ! ਪਦਾਰਥਵਾਦੀਆਂ ਨੇ ਭੀ ਆਪਣੀਆਂ ਲਿਖਤਾਂ 'ਚ ਰੱਬ ਦੇ ਥਾਪੇ ਹੋਏ ਦੂਤਾਂ ਦੀ ਸਿਆਣਪ ਦੀ ਗਵਾਹੀ ਦਿੱਤੀ ਹੈ। ਤੇ ਅਵਤਾਰਾਂ ਨੇ ਜੋ ਜ਼ਿਕਰ ਸਵਰਗ, ਦੋਜ਼ਖ ਦੀ ਅੱਗ, ਅਗਾਹਾਂ ਸਜ਼ਾ ਜਾਂ ਜਜ਼ਾ ਦਾ ਕੀਤਾ ਹੈ, ਉਹ ਏਸ ਖਾਤਰ ਹੈ ਕਿ ਲੋਕਾਂ ਨੂੰ ਪ੍ਰੇਰਨਾ ਮਿਲੇ ਸਿੱਖਿਆ ਲੈਣ ਦੀ ਤੇ ਆਪਣੀਆਂ ਰੂਹਾਂ ਦੇ ਸੁਧਾਰ ਦੀ। ਇਸ ਕਰਕੇ ਦੇਖੋ ਕਿ ਲੋਕਾਂ ਨੇ ਆਮ ਕਰਕੇ ਚਾਹੇ ਉਨ੍ਹਾਂ ਦਾ ਧਰਮ ਯਾ ਸਿਧਾਂਤ ਕੁੱਝ ਭੀ

ਹੋਵੇ ਅਵਤਾਰਾਂ ਦੀ ਵਡਿਆਈ ਨੂੰ ਮੰਨਿਆ ਹੈ ਤੇ ਉਨ੍ਹਾਂ ਦੀ ਉੱਚਤਾ ਨੂੰ ਸਵੀਕਾਰ ਕੀਤਾ ਹੈ। ਇਨ੍ਹਾਂ ਨਿਰਲੇਪਤਾ ਦੇ ਸੁੱਚੇ ਮੋਤੀਆਂ ਨੂੰ ਬਾਜ਼ਿਆਂ ਨੇ ਤਾਂ ਸਿਆਣਪ ਦਾ ਸਾਕਾਰ ਰੂਪ ਕਹਿ ਕੇ ਸੁਆਗਤ ਕੀਤਾ ਹੈ ਤੇ ਹੋਰਨਾਂ ਨੇ ਤਾਂ ਇਨ੍ਹਾਂ ਨੂੰ ਆਪ ਰੱਬ ਦੀ ਆਵਾਜ਼ ਸਮਝਿਆ ਹੈ। ਅਜੇਹੀਆਂ ਰੂਹਾਂ ਆਪਣੇ ਆਪ ਨੂੰ ਦੁਸ਼ਮਣਾਂ ਦੇ ਹਵਾਲੇ ਕਰਨਾ ਕਦੋਂ ਮੰਨ ਸਕਦੀਆਂ ਸਨ ਜੇ ਉਹ ਇਹ ਯਕੀਨ ਕਰਦੀਆਂ ਕਿ ਰਬ ਦੇ ਬਣਾਏ ਹੋਏ ਕੁੱਲ ਜਹਾਨ ਕਾਂਟ ਛਾਂਟ ਕਰਕੇ ਇਹ ਦੁਨਿਆਵੀ ਜ਼ਿੰਦਗੀ ਬਣੀ ਹੈ। ਕੀ ਉਹ ਜਾਣ ਬੁਝ ਕੇ ਅਜਿਹੇ ਦੁਖ ਤੇ ਕਸ਼ਟ ਸਹਿੰਦੀਆਂ ਹਨ, ਜਿਹੇ ਕਿ ਕਿਸੇ ਇਨਸਾਨ ਨੇ ਨਾ ਸਹੇ ਨਾਂ ਦੇਖੇ ?

31. ਤੂੰ ਸਾਨੂੰ ਰੂਹ ਦੀ ਅਸਲ ਹਾਲਤ ਬਾਰੇ ਪੁੱਛਿਆ ਹੈ। ਸੱਚ ਕਰ ਜਾਣ ਕਿ ਰੂਹ ਰੱਬ ਦਾ ਚਿੰਨ੍ਹ ਹੈ, ਇਕ ਅਰਸ਼ੀ ਮੋਤੀ ਜਿਸਦੀ ਅਸਲੀਅਤ ਮਹਾਨ ਵਿਦਵਾਨ ਪੁਰਸ਼ ਭੀ ਸਮਝਣ ਤੋਂ ਅਸਮਰਥ ਰਹੇ ਹਨ ਤੇ ਜਿਸਦਾ ਭੇਦ ਕੋਈ ਮਨ ਭੀ ਭਾਵੇਂ ਕਿਤਨਾ ਚੱਤਰ ਹੋਵੇ ਨਹੀਂ ਖੋਲ ਸਕਦਾ। ਸਾਰੀ ਸ੍ਰਿਸ਼ਟੀ 'ਚੋਂ ਰੂਹ ਦੀ ਪਹਿਲੀ ਚੀਜ਼ ਹੈ ਜੋ ਸਿਰਜਨ-ਹਾਰ ਦੀ ਵਡਿਆਈ ਦਾ ਏਲਾਨ ਕਰਦੀ ਹੈ। ਉਸਦੀ ਸ਼ਾਨ ਨੂੰ ਪਛਾਨਣ ਵਿਚ ਉਸਦੇ ਸਤਿ ਨਾਲ ਜੁੜੇ ਰਹਿਣ ਵਿਚ ਤੇ ਉਸ ਅੱਗੇ ਅਰਾਧਨਾ 'ਚ ਸੀਸ ਨਿਵਾਨ ਵਿਚ ਭੀ ਇਸਦੀ ਪਹਿਲ ਹੈ। ਜੇ ਇਹ ਪ੍ਰਮਾਤਮਾਂ ਦੀ ਵਫ਼ਾਦਾਰ ਰਹੇ ਤਾਂ ਇਹ ਉਸਦੇ ਨੂਰ ਦੀ ਝਲਕ ਦੇਵੇਗੀ ਤੇ ਅੰਤ ਨੂੰ ਉਸ ਪਾਸ ਵਾਪਸ ਚਲੀ ਜਾਵੇਗੀ। ਪਰ ਜੇ ਇਹ ਸਿਰਜਨਹਾਰ ਦੀ ਵਫ਼ਾਦਾਰੀ ਵਿਚ ਅਸਫਲ ਰਹੇ ਤਾਂ ਇਹ ਹਉਮੈ ਤੇ ਕਾਮਵਾਸ਼ਨਾ ਦਾ ਸ਼ਿਕਾਰ ਹੋ ਜਾਵੇਗੀ ਤੇ ਅਖੀਰ ਇਨਾਂ ਦੀਆਂ ਡੂੰਗਾਈਆਂ ਵਿੱਚ ਡੁੱਬ ਜਾਵੇਗੀ।

ਅੱਜ ਦੇ ਦਿਨ ਜੋ ਕੋਈ ਭੀ ਮਨੁੱਖ ਸ਼ੰਕੇ ਤੇ ਕਲਪਨਾਂ ਨੂੰ ਆਗਿਆ ਨਹੀਂ ਦਿੰਦਾ ਕਿ ਉਹ ਉਸ ਨੂੰ ਰੱਬ ਤੋਂ ਦੂਰ ਲੈ ਜਾਣ, ਜੋ ਰੱਬ ਕਿ ਆਦਿ ਸੱਚ ਹੈ, ਅਤੇ ਜਿਸਨੇ ਮੁੱਲਾਂ, ਪਾਦਰੀਆਂ ਤੇ ਅਸੰਪ੍ਰਦਾਇ ਤਾਕਤਾਂ ਦੇ ਭੜਕਾਉਣ ਤੇ ਵੀ ਰੱਬ



ਦੇ ਪੈਗਾਮ ਨੂੰ ਮੰਨਣ ਤੋਂ ਨਾਂਹ ਨਹੀਂ ਕੀਤੀ, ਉਸ ਮਨੁੱਖ ਨੂੰ ਰੱਬ ਸਾਰੀ ਮਨੁੱਖ ਜਾਤੀ ਦਾ ਸਿਰਤਾਜ ਤੇ ਉਸਦੀ (ਰੱਬ ਦੀ) ਇਕ ਮਹਾਨ ਨਿਸ਼ਾਨੀ ਗਿਣੇਗਾ ਅਤੇ ਉਸ ਦਾ ਸ਼ੁਮਾਰ ਉਨ੍ਹਾਂ 'ਚ ਕੀਤਾ ਜਾਵੇਗਾ ਜਿਨ੍ਹਾਂ ਦੇ ਨਾਮ ਉਸ ਸਭ ਤੋਂ ਉੱਚੇ ਨੇ ਆਪਣੀ ਕਲਮ ਨਾਲ ਲਿਖੇ ਹਨ। ਧੰਨ ਹੈ ਉਹ ਮਨੁੱਖ ਜਿਸਨੇ ਐਸੀ ਰੂਹ ਦਾ ਸੱਚਾ ਰੁਤਬਾ ਪਛਾਣਿਆ ਹੈ ਤੇ ਉਸਦੀ ਪਦਵੀ ਨੂੰ ਮੰਨਿਆ ਤੇ ਉਸ ਦੇ ਗੁਣ ਮਾਲੂਮ ਕਰ ਲਏ।

ਪੁਰਾਣੀਆਂ ਕਿਤਾਬਾਂ ਵਿੱਚ ਬਹੁਤ ਕੁਝ ਲਿਖਿਆ ਹੈ। ਰੂਹ ਦੀਆਂ ਅੱਡ ਅੱਡ ਹਾਲਤਾਂ ਬਾਰੇ ਜਿਨ੍ਹਾਂ ਵਿਚਦੀ ਲੰਘਕੇ ਇਹ ਪ੍ਰਫੁੱਲਤ ਹੁੰਦੀ ਹੈ ਜਿਵੇਂ ਕਿ ਕਾਮਵਾਸ਼ਨਾ, ਗੁਸੈਲਾਪਣ, ਪ੍ਰੇਰਨਾ, ਦਿਆਲਤਾ, ਸੰਤੋਖ ਰੱਬੀ ਆਤਮਕ ਖੁਸ਼ੀ ਆਦਿ। ਪਰ ਸਭ ਤੋਂ ਉੱਚੇ ਦੀ ਕਲਮ ਇਨ੍ਹਾਂ ਗੱਲਾਂ ਦਾ ਵਰਨਣ ਕਰਨ ਤੋਂ ਸੰਕੋਚ ਕਰਦੀ ਹੈ। ਹਰੇਕ ਰੂਹ ਜੋ ਅੱਜ ਅਧੀਨਗੀ ਨਾਲ ਰੱਬ ਦੇ ਨਾਲ ਚਲਦੀ ਹੈ ਤੇ ਉਸ ਦੇ ਨਾਲ ਜੁੜੀ ਹੈ। ਉਹ ਮਾਨ ਤੇ ਵਡਿਆਈ ਜੋ ਮਹਾਂ ਪੁਰਸ਼ਾਂ ਤੇ ਉਚੇ ਰੁਤਬਿਆਂ ਨਾਲ ਸਬੰਧਤ ਹੈ, ਪਾਵੇਗੀ।

ਜਦੋਂ ਆਦਮੀ ਸੁਤਾ ਹੁੰਦਾ ਹੈ ਤਾਂ ਉਸਦੀ ਰੂਹ ਕਿਸੇ ਭੀ ਬਾਹਰਲੀ ਸ਼ੈ ਤੋਂ ਸੁਭਾਵਕ ਪਰਭਾਵਤ ਨਹੀਂ ਹੁੰਦੀ। ਇਹ ਆਪਣੀ ਪਹਿਲੀ ਹਾਲਤ ਯਾ ਖਾਸੀਅਤ ਵਿੱਚ ਕਿਸੇ ਤਬਦੀਲੀ ਦਾ ਅਸਰ ਨਹੀਂ ਪੈਣ ਦੇਂਦੀ। ਇਸ ਦੇ ਕੰਮ ਵਿਚ ਕੋਈ ਫ਼ਰਕ ਬਾਹਰਲੇ ਕਾਰਨਾਂ ਕਰਕੇ ਹੁੰਦਾ ਹੈ। ਇਹਨਾਂ ਬਾਹਰਲੇ ਅਸਰਾਂ ਨੂੰ ਹੀ ਕਿਸੇ ਭੀ ਅਦਲਾ ਬਦਲੀ ਦਾ ਜੋ ਇਸ ਦੇ ਦੁਆਲੇ ਆਵੇ ਯਾ ਜੋ ਫਰਕ ਇਸਦੀ ਸੁਝ ਬੂਝ ਤੇ ਅਨੁਭਵ ਵਿਚ ਆਵੇ, ਕਾਰਨ ਮੰਨਣਾ ਚਾਹੀਦਾ ਹੈ।

ਇਨਸਾਨੀ ਅੱਖ ਨੂੰ ਮਿਸਾਲ ਵੱਜੋਂ ਲਵੋ : ਭਾਵੇਂ ਇਹ ਸਾਰੀਆ ਪੈਦਾ ਹੋਈਆਂ ਚੀਜ਼ਾਂ ਨੂੰ ਦੇਖ ਸਕਦੀ ਹੈ। ਪਰ ਥੋੜੀ ਜਿਹੀ ਰੁਕਾਵਟ ਭੀ ਇਸ ਦੀ ਨਗਾਹ ਵਿਚ ਐਸੀ ਅੜਿਚਣ ਪਾ ਸਕਦੀ ਹੈ ਕਿ ਇਹ ਕਿਸੇ ਚੀਜ਼ ਨੂੰ ਭੀ ਪਹਿਚਾਨਣ ਤੋਂ ਅਸਮਰੱਥ ਹੋ ਜਾਂਦੀ ਹੈ। ਉਸ (ਰੱਬ)

ਦੇ ਨਾਮ ਦੀ ਮਹਿਮਾ ਹੋਵੇ ਜਿਸ ਨੇ ਪੈਦਾ ਕੀਤੇ ਹਨ ਤੇ ਇਹਨਾਂ ਕਾਰਨਾਂ ਦਾ ਕਾਰਨ ਹੈ ਤੇ ਜਿਸਨੇ ਪਹਿਲਾਂ ਹੀ ਆਪਣੇ ਹੁਕਮ ਰਾਹੀਂ ਹਰ ਤਬਦੀਲੀ ਤੇ ਫਰਕ ਨੂੰ ਕਾਰਨਾਂ ਆਸਰੇ ਕੀਤਾ ਹੈ। ਹਰ ਚੀਜ਼ ਬਰ੍ਹਮੰਡ 'ਚ ਇਕ ਦਰਵਾਜ਼ਾ ਹੈ ਜਿਸ ਰਾਹੀਂ ਉਸਦਾ, ਰੱਬ ਦਾ ਗਿਆਨ ਪ੍ਰਾਪਤ ਹੁੰਦਾ ਹੈ ਤੇ ਇਕ ਨਿਸ਼ਾਨੀ ਹੈ ਉਸਦੇ ਸਰਵਉੱਤਮ ਹੋਣ ਦੀ ਤੇ ਉਸਦੇ ਪ੍ਰਕਾਸ਼ ਦੀ ਤੇ ਚਿੰਨ੍ਹ ਹੈ ਉਸ ਦੀ ਸ਼ਾਨ ਦਾ, ਯਾਦਗਾਰ ਹੈ ਉਸਦੀ ਤਾਕਤ ਦੀ ਤੇ ਵਸੀਲਾ ਹੈ ਉਸਦੇ ਸਿੱਧੇ ਰਸਤੇ ਤੇ ਪੈਣ ਦਾ।

ਮੈਂ ਤੁਹਾਨੂੰ ਸੱਚ ਕਹਿੰਦਾ ਹਾਂ ਕਿ ਇਨਸਾਨੀ ਰੂਹ ਵਾਸਤਵ ਵਿਚ ਰੱਬ ਦੀਆਂ ਨਿਸ਼ਾਨੀਆਂ ਵਿਚ ਇਕ ਹੈ ਤੇ ਉਸਦੇ ਭੇਦਾਂ ਵਿਚੋਂ ਇਕ ਭੇਦ। ਇਹ ਉਸ ਸਰਵਸ਼ਕਤੀਮਾਨ ਦੀਆਂ ਭਾਰੀ ਨਿਸ਼ਾਨੀਆਂ ਵਿਚੋਂ ਹੈ। ਤੇ ਪ੍ਰਮਾਤਮਾਂ ਦੀਆਂ ਸਾਰੀਆਂ ਦੁਨੀਆਵਾਂ ਦੀ ਮੁਨਾਦੀ ਕਰਨ ਵਿਚ ਇਸਦੀ ਪਹਿਲ ਹੈ। ਇਸ (ਰੂਹ) ਵਿਚ ਉਹ ਕੁੱਝ ਛੁਪਿਆ ਹੋਇਆ ਹੈ। ਜਿਸਨੂੰ ਹਾਲੇ ਦੁਨੀਆਂ ਸਮਝਣ ਤੋਂ ਅਸਮਰੱਥ ਹੈ। ਆਪਣੇ ਮਨ ਵਿਚ ਓਸ ਰੱਬ ਦੀ ਪਾਕ ਰੂਹ ਦੇ ਪ੍ਰਕਾਸ਼ ਨੂੰ ਵਿਚਾਰੋ ਜੋ ਉਸਦੇ ਸਾਰੇ ਨੇਮਾਂ ਵਿਚ ਸਮਾਈ ਹੋਈ ਹੈ ਤੇ ਇਸ ਦਾ ਟਾਕਰਾ ਉਸ ਖੋਟੀ ਤੇ ਭੁੱਖੀ ਆਤਮਾ ਨਾਲ ਕਰੋ ਜਿਸਨੇ ਰੱਬ ਦੇ ਖਿਲਾਫ ਬਗਾਵਤ ਕੀਤੀ ਹੋਈ ਹੈ ਤੇ ਲੋਕਾਂ ਨੂੰ ਰੱਬ ਨਾਲ ਜੁੜਨ ਤੋਂ ਵਰਜਿਆ ਹੈ ਤੇ ਉਕਸਾਇਆ ਹੈ ਕਾਮ ਤੇ ਬਦਕਾਰੀਆਂ ਮਗਰ ਲੱਗਣ ਵਾਸਤੇ। ਅਜੇਹੀ ਰੂਹ ਸੱਚੀਂ ਹੀ ਭੱਟਕ ਕੇ ਦੂਰ ਕੁਰਾਹੇ ਚਲੀ ਗਈ ਹੈ। ਹੋਰ ਤੂੰ ਇਹ ਪੁੱਛਿਆ ਹੈ ਕਿ ਰੂਹ ਦੀ ਸਰੀਰ ਤੋਂ ਅੱਡ ਹੋਣ ਮਗਰੋਂ ਕੀ ਹਾਲਤ ਹੁੰਦੀ ਹੈ। ਤੂੰ ਇਹ ਸੱਚ ਕਰ ਜਾਣ ਕਿ ਜੇ ਰੂਹ ਰੱਬ ਦੇ ਰਾਹ ਤੇ ਚਲਦੀ ਰਹੀ ਹੈ ਤਾਂ ਇਹ ਯਕੀਨੀ ਤੌਰ ਤੇ ਪਿਆਰੇ ਰੱਬ ਕੋਲ ਵਾਪਸ ਚਲੀ ਜਾਵੇਗੀ ਤੇ ਉਸਦੀ ਵਡਿਆਈ ਵਿਚ ਜਾ ਰਲੇਗੀ। ਰੱਬ ਸੱਚੇ ਦੀ ਸਹੁੰ : ਇਹ ਅਜੇਹੀ ਪਦਵੀ ਪ੍ਰਾਪਤ ਕਰੇਗੀ ਜਿਸ ਦਾ ਕੋਈ ਕਲਮ ਯਾ ਜੀਭ ਵਰਨਣ ਨਹੀਂ, ਕਰ ਸਕਦੀ। ਜੋ ਰੂਹ ਰੱਬ ਦੇ ਪੱਖ ਵਿਚ ਵਫ਼ਾਦਾਰ ਰਹੀ ਹੈ ਤੇ ਉਸਦੇ ਰਾਹ ਤੋਂ ਨਹੀਂ ਥਿੜਕੀ,



ਉਹ ਰੂਹ ਉਤਾਹਾਂ ਜਾਨ ਪਿਛੋਂ ਅਜੇਹੀ ਸ਼ਕਤੀ ਪ੍ਰਾਪਤ ਕਰੇਗੀ ਕਿ ਉਹ ਸਾਰੇ ਜਹਾਨ ਜੋ ਉਸ ਸਰਵਸ਼ਕਤੀਮਾਨ ਨੇ ਸਾਜੇ ਹਨ, ਉਸ ਸ਼ਕਤੀ ਤੋਂ ਲਾਭ ਉਠਾ ਸਕਣਗੇ। ਅਜੇਹੀ ਰੂਹ ਉਸ ਆਦਰਸ਼ਕ ਪਾਦਸ਼ਾਹ ਤੇ ਅਗੰਮੀ ਵਿਦਿਆ ਦਾਤਾ ਦੇ ਹੁਕਮ ਨਾਲ ਐਸਾ ਸ਼ੁਧ ਅਸਰ ਪੈਦਾ ਕਰੇਗੀ ਕਿ ਉਹ ਸਾਰੀ ਜੀਵਤ ਦੁਨੀਆਂ ਤੇ ਅਸਰ ਕਰੇਗਾ ਤੇ ਉਹ ਸਮਰੱਥਾ ਦੇਵੇਗਾ ਜਿਸ ਕਾਰਨ ਦੁਨੀਆਂ ਦੇ ਕੋਮਲ ਹੁਨਰ ਤੇ ਕਮਾਲ ਦੀਆਂ ਚੀਜ਼ਾਂ ਜਹੂਰ 'ਚ ਆਉਂਦੀਆਂ ਹਨ। ਦੇਖੋ : ਖ਼ਮੀਰਾ ਬਨਾਉਣ ਵਾਸਤੇ ਮੈਦੇ ਨੂੰ ਖ਼ਮੀਰ ਦੀ ਲੋੜ ਪੈਂਦੀ ਹੈ ਉਹ ਰੂਹਾਂ ਜੋ ਨਿਰਲੇਪਤਾ ਦੀਆਂ ਨਿਸ਼ਾਨੀਆਂ ਹਨ ਦੁਨੀਆਂ ਵਾਸਤੇ ਖ਼ਮੀਰ ਦਾ ਕੰਮ ਦੇਂਦੀਆਂ ਹਨ। ਇਸ ਗੱਲ ਤੇ ਡੂੰਘੀ ਵਿਚਾਰ ਕਰ ਤੇ ਉਸਦੇ ਧੰਨ-ਵਾਦੀਆਂ 'ਚ ਸ਼ਾਮਲ ਹੋ।

ਅਸੀਂ ਆਪਣੀਆਂ ਕਈ ਪੱਟੀਆਂ 'ਚ ਰੂਹ ਦੀ ਤਰੱਕੀ ਦੇ ਮਾਰਗਾਂ ਦਾ ਜ਼ਿਕਰ ਕੀਤਾ ਹੈ, ਅਸੀਂ ਸੱਚ ਆਖਦੇ ਹਾਂ ਕਿ ਇਨਸਾਨੀ ਰੂਹ ਅੱਗੋਂ ਵੱਧਣ ਯਾ ਕਿਛੇ ਹਟਣ ਦੀ ਹਾਲਤਾਂ ਤੋਂ ਉਚੇਰੀ ਹੈ। ਇਹ ਅਹਿਲ ਹੈ ਪਰ ਫੇਰ ਭੀ ਉੱਚਾ ਉਡਦੀ ਹੈ ਇਹ ਚਲਦੀ ਹੈ ਪਰ ਖੜੀ ਹੈ। ਇਹ ਆਪਣੇ ਆਪ ਵਿਚ ਹੀ ਇਕ ਸਬੂਤ ਹੈ, ਜੋ ਇਸ ਗਲ ਦੀ ਤਸਦੀਕ ਕਰਦਾ ਹੈ ਕਿ ਅਜੇਹੀ ਦੁਨੀਆ ਭੀ ਹੈ ਜੋ ਆਰਜ਼ੀ ਹੈ ਨਾਲੇ ਅਜਿਹੀ ਦੁਨੀਆਂ ਭੀ ਹੈ ਜਿਸ ਦਾ ਨਾ ਆਦਿ ਨਾ ਅੰਤ ਹੈ। ਦੇਖ ਇਕ ਸੁਫਨਾ ਜੋ ਤੂੰ ਦੇਖਿਆ ਸੀ ਕਈ ਸਾਲਾਂ ਮਗਰੋਂ ਤੈਨੂੰ ਫੇਰ ਦਿਸਿਆ, ਸੋਚ ਕਿ ਜੋ ਦੁਨੀਆਂ ਤੈਨੂੰ ਸੁਫਨੇ ਵਿਚ ਦਿੱਸਦੀ ਹੈ ਉਸਦਾ ਭੇਦ ਕਿਤਨਾ ਅਜ਼ੀਬ ਹੈ। ਆਪਣੇ ਮਨ ਵਿਚ ਰੱਬ ਦੀ ਦੁਰਲੱਭ ਸਿਆਣਪ ਤੇ ਵਿਚਾਰ ਕਰ ਤੇ ਇਸ ਦੇ ਬਹੁਭਾਤੀ ਪ੍ਰਗਟਾਵੇ ਤੇ ਧਿਆਨ ਕਰ।

ਰੱਬ ਦੀ ਕਾਰੀਗਰੀ ਦੇ ਅਦਭੁਤ ਸਬੂਤ ਅੱਖੀਂ ਦੇਖ ਤੇ ਸੋਚ ਕਿ ਇਸ ਦਾ ਵਿਸਤਾਰ (ਸਿਲਸਿਲਾ) ਤੇ (ਖਾਸਾ) ਚਰਿੱਤਰ ਕੀ ਹੈ। ਉਹ ਜੋ ਅਵਤਾਰਾਂ ਦੀ ਛਾਪ ਸੀ, ਕਹਿੰਦਾ ਹੈ ਕਿ ਹੇ ਰੱਬਾ : "ਮੇਰੀ ਅਸਚਰਜਤਾ ਤੇ ਹੈਰਾਨੀ ਵਿੱਚ ਵਾਧਾ ਕਰ ਜੋ ਤੇਰੇ ਤੇ ਆਉਂਦੀ ਹੈ।

ਤੇਰੇ ਇਸ ਸਵਾਲ ਬਾਰੇ ਕਿ ਕੀ ਸਥੂਲਕ ਦੁਨੀਆਂ ਕਿਸੇ ਪਾਬੰਦੀ ਦੇ ਅਧੀਨ ਹੈ ? ਇਹ ਸਮਝ ਲੈ ਕਿ ਇਸ ਮਾਮਲੇ ਦਾ ਅਨੁਭਵ ਨਿਰੀਖੱਕ ਤੇ ਨਿਰਭਰ ਹੈ। ਇਕ ਭਾਵ ਦੇ ਮੁਤਾਬਕ ਇਹ ਸੀਮਤ ਹੈ ਦੂਸਰੇ ਅਨੁਸਾਰ ਇਹ ਸਭ ਹੱਦਾਂ ਤੋਂ ਉਚੇਰੀ ਹੈ। ਉਹ ਪ੍ਰਮਾਤਮਾ (੧ਓ) ਜਿਸ ਦਾ ਨਾਮ ਸਤਿ ਹੈ ਹਮੇਸ਼ਾ ਹੀ ਹੁੰਦਾ ਸੀ ਤੇ ਹਮੇਸ਼ਾ ਹੀ ਹੋਵੇਗਾ। ਉਸ ਦੀ ਰਚੀ ਹੋਈ ਸ੍ਰਿਸ਼ਟੀ ਦਾ ਏਸੇ ਪ੍ਰਕਾਰ ਨਾ ਕੋਈ ਆਦਿ ਹੈ ਤੇ ਨਾ ਅੰਤ ਪਰ ਹਰ ਚੀਜ਼ ਜੋ ਪੈਦਾ ਹੋਈ ਹੈ ਉਸ ਦਾ ਪਹਿਲਾਂ ਕਾਰਨ ਹੁੰਦਾ ਹੈ। ਇਹ ਹਕੀਕਤ ਆਪਣੇ ਆਪ ਵਿਚ ਨਿਰਸੰਦੇਹ ਸਾਬਤ ਕਰਦੀ ਹੈ ਕਿ ਪੈਦਾ ਕਰਨ ਵਾਲਾ ਇੱਕ ਹੈ।

ਨਾਲੇ ਤੂੰ ਮੈਨੂੰ ਅਕਾਸ਼ ਮੰਡਲ ਦੀ ਪ੍ਰਕਿਰਤੀ ਬਾਰੇ ਪੁੱਛਿਆ ਸੀ। ਉਨ੍ਹਾਂ ਦੀ ਪ੍ਰਕਿਰਤੀ ਸਮਝਣ ਵਾਸਤੇ ਇਹ ਲੋੜ ਪੈਂਦੀ ਹੈ ਕਿ ਅਸੀਂ ਉਨ੍ਹਾਂ ਇਸ਼ਾਰਿਆਂ ਦਾ ਮਤਲਬ ਪਤਾ ਕਰੀਏ ਜੋ ਪੁਰਾਣੀਆਂ ਕਿਤਾਬਾਂ ਵਿਚ ਅਕਾਸ਼ ਮੰਡਲ ਤੇ ਤਾਰਿਆਂ ਬਾਰੇ ਮਿਲਦੇ ਹਨ ਤੇ ਨਾਲੇ ਇਸ ਗੱਲ ਦੀ ਖੋਜ ਕਰੀਏ ਕਿ ਇਹ ਅਕਾਸ਼ ਮੰਡਲ ਤੇ ਤਾਰੇ ਕਿਸ ਕਿਸਮ ਦਾ ਸਬੰਧ ਸਥੂਲ ਦੁਨੀਆਂ ਨਾਲ ਰੱਖਦੇ ਹਨ ਤੇ ਇਸ ਦੁਨੀਆਂ ਤੇ ਕੀ ਅਸਰ ਪਾਉਂਦੇ ਹਨ। ਹਰ ਮਨ ਅਜੇਹੀ ਚਕਰਾ ਦੇਣ ਵਾਲੇ ਵਿਸ਼ੇ ਤੇ ਅਚੰਭੇ ਨਾਲ ਭਰ ਜਾਂਦਾ ਹੈ ਤੇ ਇਸਦ ਭੇਦ ਤੋਂ ਘਬਰਾ ਜਾਂਦਾ ਹੈ। ਸਿਰਫ ਰੱਬ ਹੀ ਇਸਦੇ ਮਤਲਬ ਦੀ ਡੂੰਘਾਈ ਨੂੰ ਪਹੁੰਚ ਸਕਦਾ ਹੈ। ਜਿਨ੍ਹਾਂ ਵਿਦਵਾਨਾਂ ਨੇ ਇਸ ਧਰਤੀ ਦੀ ਉਮਰ ਕੁੱਝ ਹਜ਼ਾਰ ਸਾਲ ਆਖੀ ਸੀ ਉਹ ਆਪਣੇ ਲੰਬੇ ਅਰਸੇ ਦੀ ਨਿਰੀਖਣ 'ਚ ਹੋਰ ਸਤਾਰਿਆਂ ਦੀ ਸੰਖਿਆ ਤੇ ਉਮਰ ਜਾਨਣ 'ਚ ਅਸਫਲ ਰਹੇ ਹਨ। ਨਾਲੇ ਗੌਰ ਕਰੋ ਕਿ ਕਿਤਨੀ ਭਿੰਨਤਾ ਇਹਨਾਂ ਵਿਦਵਾਨਾਂ ਦੇ ਪੇਸ਼ ਕੀਤੇ ਸਿਧਾਂਤਾਂ ਚੋਂ ਸਿੱਟੇ ਵਜੋਂ ਨਿਕਲਦੀ ਹੈ। ਤੂੰ ਏਹ ਸਮਝ ਲੈ ਕਿ ਹਰ ਤਾਰਾ ਜੋ ਅਹਿਲ ਹੈ ਉਸਦੇ ਗਿਰਦ ਕੁੱਝ ਸਤਾਰੇ ਹੁੰਦੇ ਹਨ ਤੇ ਹਰ ਸਤਾਰੇ ਤੇ ਉਸਦੀ ਸ੍ਰਿਸ਼ਟੀ ਜਿਸ ਦਾ ਸ਼ੁਮਾਰ ਕੋਈ ਇਨਸਾਨ ਨਹੀਂ ਕਰ ਸਕਦਾ। ਤੁਸਾਂ ਆਪਣੀਆਂ ਅਖਾ ਮੇਰੇ ਚਿਹਰੇ ਤੇ ਜਮਾਈਆਂ ਹੋਈਆਂ



ਹਨ। ਉਸ ਦੀ ਸ਼ਾਨ ਦੇ ਸਵੇਰੇ ਨੇ ਅੱਜ ਦੇ ਦਿਨ ਅਪਨਾਂ ਪ੍ਰਕਾਸ਼ ਦਿਖਾਇਆ ਹੈ ਤੇ ਉਸ ਸਭ ਤੋਂ ਉੱਚੇ ਦੀ ਆਵਾਜ਼ ਸੱਦ ਰਹੀ ਹੈ। ਅਸੀਂ ਇਹ ਸ਼ਬਦ ਪਹਿਲੇ ਭੀ ਉਚਾਰਨ ਕੀਤੇ ਹਨ। "ਅੱਜ ਉਹ ਦਿਨ ਨਹੀਂ ਕਿ ਕੋਈ ਮਨੁੱਖ ਆਪਣੇ ਮਾਲਕ ਤੇ ਸ਼ੰਕਾ ਕਰੇ। ਜਿਸ ਕਿਸੇ ਨੇ ਭੀ ਰੱਬ ਦੀ ਆਵਾਜ਼ ਨੂੰ ਕੰਨ ਦੇਕੇ ਸੁਣਿਆਂ ਹੈ ਉਸ ਵਾਸਤੇ ਉਚਿਤ ਹੈ ਕਿ ਉੱਠ ਖੜੇ ਤੇ ਪੁਕਾਰ ਕੇ ਆਖੇ : "ਮੈਂ ਹਾਜ਼ਰ ਹਾਂ, ਮੈਂ ਹਾਜ਼ਰ ਹਾਂ, ਹੇ ! ਸਭਨਾਂ ਦੇ ਮਾਲਕ, ਮੈਂ ਹਾਜ਼ਰ ਹਾਂ, ਮੈਂ ਹਾਜ਼ਰ ਹਾਂ, ਹੈ ! ਅਕਾਸ਼ਾਂ ਦੇ ਕਰਤਾ ! ਮੈਂ ਗਵਾਹੀ ਦੇਂਦਾ ਹਾਂ ਕਿ ਤੇਰੇ ਪ੍ਰਗਟ ਹੋਣ ਨਾਲ ਪਵਿੱਤਰ ਗਰੰਥਾਂ ਵਿਚ ਲਿਖੀਆਂ ਗੱਲਾਂ ਜ਼ਾਹਿਰ ਹੋ ਗਈਆਂ ਹਨ ਤੇ ਜੋ ਕੁੱਝ ਤੇਰੇ ਭੇਜੇ ਦੂਤਾਂ ਨੇ ਪਵਿੱਤਰ ਬਾਣੀਆਂ ਵਿਚ ਲਿਖਿਆ ਸੀ ਪੂਰਾ ਹੋ ਗਿਆ ਹੈ।

32. ਤੇ ਹੁਣ ਤੇਰੇ ਇਸ ਸਵਾਲ ਬਾਰੇ : ਕੀ ਇਨਸਾਨੀ ਰੂਹਾਂ ਸਰੀਰ ਤੋਂ ਅੱਡ ਹੋਣ ਮਗਰੋਂ ਇਕ ਦੂਜੇ ਤੋਂ ਜਾਣੂ ਰਹਿੰਦੀਆਂ ਹਨ ? ਤੂੰ ਇਹ ਜਾਣ ਲੈ ਕਿ ਬਹਾਈ ਲੋਕਾਂ ਦੀਆਂ ਰੂਹਾਂ ਜੋ ਲਾਲ ਕਿਸ਼ਤੀ (Crimson Ark) 'ਚ ਚੜ੍ਹ ਗਈਆਂ ਹਨ ਤੇ ਉਥੇ ਕਾਇਮ ਹਨ ਤੇ ਇਕ ਦੂਜੇ ਨਾਲ ਮਿਲ-ਦੀਆਂ ਜੁਲਦੀਆਂ ਰਹਿਣਗੀਆਂ ਤੇ ਗੂੜ੍ਹੀ ਗਲਬਾਤ ਕਰਨਗੀਆਂ ਤੇ ਆਪਣੇ ਜੀਵਨ ਵਿਚ ਅਭਿਲਾਖਾ 'ਚ, ਮਨੋਰਥ 'ਚ ਤੇ ਘਾਲਣਾ 'ਚ ਇਕ ਦੂਜੇ ਨਾਲ ਨੇੜੇ ਦਾ ਸੰਗ ਸਾਧ ਰੱਖਣਗੀਆ ਜਿਵੇਂ ਕਿ ਇਕ ਰੂਹ ਹੋਣ। ਨਿਰਸੰਦੇਹ ਉਹ ਹੀ ਚੰਗਾ ਗਿਆਨ ਰੱਖਦੀਆਂ ਹਨ ਤੇ ਤਿਖੀ ਨਿਗਾਹ ਅਤੇ ਸੂਝ ਬੂਝ ਨਾਲ ਸਜੀਆ ਹਨ। ਇੰਜ ਹੁਕਮ ਹੈ ਉਸਦਾ ਜੋ ਸੱਭ ਕੁਝ ਜਾਨਦਾ ਹੈ ਤੇ ਪੂਰਨ ਬੁੱਧੀਮਾਨ ਹੈ।

ਬਹਾਈ ਲੋਕ ਜੋ ਰੱਬ ਦੀ ਕਿਸ਼ਤੀ ਤੇ ਰਹਿੰਦੇ ਹਨ, ਸਾਰੇ ਹੀ ਇਕ ਦੂਜੇ ਦਾ ਦਰਜਾ ਤੇ ਹਾਲਤ ਜਾਣਦੇ ਹਨ ਤੇ ਅਪੱਣਤ ਤੇ ਭਾਈਚਾਰੇ ਦੇ ਰਿਸ਼ਤੇ ਨਾਲ ਜੁੜੇ ਹਨ। ਅੱਜੇਹੀ ਦਸ਼ਾ ਉਨ੍ਹਾ ਦੇ ਈਮਾਨ ਤੇ ਰਵੱਈਏ ਤੇ ਨਿਰਭਰ ਕਰਦੀ ਹੈ। ਜੋ ਇਕ ਦਰਜੇ ਤੇ ਪਦਵੀ ਦੇ ਹਨ ਉਹ ਇਕ ਦੂਜੇ ਦੀ ਸਮਰੱਥ, ਆਚਾਰ, ਗੁਣ ਤੇ ਯੋਗਤਾ ਤੋਂ ਭਲੀ ਭਾਂਤ ਜਾਣੂ

ਹੁੰਦੇ ਹਨ। ਜੋ ਨੀਵੇਂ ਦਰਜੇ ਦੇ ਹਨ ਉਹ ਆਪਣੇ ਤੋਂ ਉਤਲੇ ਦਰਜੇ ਵਾਲਿਆਂ ਦੀ ਪਦਵੀ ਜਾਂ ਗੁਣਾਂ ਦੀ ਜਾਚ ਕਰਨ ਤੋਂ ਅਸਮਰਥ ਹਨ। ਹਰ ਕੋਈ ਮਾਲਕ ਤੋਂ ਅਪਣਾ ਹਿੱਸਾ ਪਾਵੇਗਾ। ਧੰਨ ਹੈ ਉਹ ਮਨੁੱਖ ਜਿਸਨੇ ਆਪਣਾ ਮੂੰਹ ਰੱਬ ਵਲ ਫੇਰਿਆ ਤੇ ਦ੍ਰਿੜ੍ਹਤਾ ਨਾਲ ਉਸਦੇ ਪਿਆਰ 'ਚ ਚਲ ਕੇ ਆਇਆ, ਤਕ ਤੀਕ ਜਦੋਂ ਉਸਦੀ ਰੂਹ ਉਡਾਰੀ ਮਾਰ ਕੇ ਰੱਬ ਨਾਲ ਜਾ ਰਲੀ ਜੋ ਸਭ ਤੋਂ ਵੱਧ ਸ਼ਕਤੀਮਾਨ ਹੈ। ਸਭ ਦਾ ਸਿਰਤਾਜ ਹੈ ਤੇ ਹਮੇਸ਼ਾ ਬਖਸ਼ਿੰਦ ਤੇ ਸਰਵ ਦਯਾਵਾਨ ਹੈ।

ਮੈਂ ਇਸ ਦਾ ਗਵਾਹ ਹਾਂ ਕਿ ਕਾਫ਼ਰਾਂ ਦੀਆਂ ਰੂਹਾਂ, ਜਦੋਂ ਉਹ ਮਰਨਗੇ, ਤਾਂ ਉਨ੍ਹਾਂ ਨੂੰ ਪਤਾ ਲਗੇਗਾ ਕਿ ਕਿਤਨੀਆਂ ਚੰਗੀਆਂ ਚੀਜ਼ਾਂ ਤੋਂ ਵਾਂਝੇ ਰਹਿ ਗਈਆਂ ਤੇ ਉਹ ਰੂਹਾਂ ਆਪਣੀ ਦੁਰਦਸ਼ਾ ਤੇ ਰੋਣਗੀਆਂ ਤੇ ਰੱਬ ਦੇ ਸਾਮ੍ਹਣੇ ਢੈ ਪੈਣਗੀਆਂ। ਉਹ ਰੂਹਾਂ ਸ਼ਰੀਰ ਤੋਂ ਅੱਡ ਹੋ ਕੇ ਏਦਾਂ ਕਰਦੀਆਂ ਰਹਿਣਗੀਆਂ।

ਇਹ ਗੱਲ ਪ੍ਰਤੱਖ ਤੇ ਜ਼ਾਹਿਰ ਹੈ ਕਿ ਮਨੁੱਖ ਆਪਣੀ ਸਰੀਰਕ ਮੌਤ ਤੋਂ ਪਿਛੋਂ ਆਪਣੇ ਕਰਮਾਂ ਦਾ ਲੇਖਾ ਕਰਨਗੇ ਤੇ ਜੋ ਕੁੱਝ ਉਹਨਾਂ ਨੇ ਆਪਣੇ ਹੱਥੀਂ ਕੀਤਾ ਉਸਦਾ ਫਲ ਪਾਉਣਗੇ। ਮੈਂ ਉਸ ਸੂਰਜ ਦੀ ਸਹੁੰ ਖਾਕੇ ਕਹਿੰਦਾ ਹਾਂ ਜੋ ਰੱਬੀ ਤਾਕਤ ਦੇ ਦਿਗ ਮੰਡਲ ਉਤੋਂ ਚਮਕ ਰਿਹਾ ਹੈ ਕਿ ਜੋ ਲੋਕ ਸੱਚੇ ਰੱਬ ਦੇ ਮੁਰੀਦ ਹਨ ਉਹ ਮਰਦੇ ਸਾਰ ਹੀ ਅਜਿਹੀ ਖੁਸ਼ੀ ਤੇ ਪ੍ਰਸੰਨਤਾ ਅਨੁਭਵ ਕਰਨਗੇ ਜਿਸ ਦਾ ਵਰਨਣ ਨਹੀਂ ਹੋ ਸਕਦਾ। ਤੇ ਜੋ ਲੋਕ ਜਿੰਦਗੀ ਭਰ ਭੁੱਲ ਵਿੱਚ ਪਏ ਰਹੇ ਉਨ੍ਹਾਂ ਨੂੰ ਅਜੇਹਾ ਡਰ ਤੇ ਕੰਬਣੀ ਛਿੜੇਗੀ ਤੇ ਐਸੀ ਘਬਰਾਹਟ ਹੋਵੇਗੀ ਜਿਸ ਤੋਂ ਵੱਧ ਹੋ ਨਹੀਂ ਸਕਦੀ। ਉਨ੍ਹਾਂ ਲੋਕਾਂ ਨੇ ਚੰਗਾ ਕੀਤਾ ਜਿਨ੍ਹਾਂ ਨੇ ਉਸਦੀ ਜੋ ਸਭ ਧਰਮਾਂ ਦਾ ਮਾਲਕ ਹੈ ਮਿਹਰ ਭਰੀ ਲਿਹਾਜ਼ ਤੇ ਬੇਅੰਤ ਬਖਸਿਸ਼ ਰਾਹੀਂ ਸ਼ਰਧਾ ਦੀ ਵਧੀਆ ਤੇ ਖਰਾਬ ਨਾ ਹੋਣ ਵਾਲੀ ਸ਼ਰਾਬ ਪੀਤੀ।

ਇਹੀ ਦਿਨ ਹੈ ਜਦੋਂ ਰੱਬ ਦੇ ਪਿਆਰਿਆਂ ਨੂੰ ਚਾਹੀਦਾ ਹੈ ਕਿ ਆਪਣੀਆਂ ਅੱਖਾਂ ਉਸ ਦੇ ਜ਼ਹੂਰ ਵਲ ਲਾਈ ਰੱਖਣ ਤੇ ਜੋ ਕੁਝ ਉਹ



ਜ਼ਹੂਰ ਪ੍ਰਗਟ ਕਰੇ ਉਸ ਤੇ ਨਜ਼ਰ ਗਡੋਈ ਰੱਖਣ। ਬੀਤੇ ਜੁਗਾਂ ਦੀਆਂ ਬਾਜੀਆਂ ਰਵਾਇਤਾਂ ਬਿਲਕੁਲ ਬੇ ਬੁਨਿਆਦ ਹਨ ਤੇ ਗਈਆਂ ਪੀੜ੍ਹੀਆਂ ਦੇ ਸੰਕਲਪ ਜੋ ਉਨ੍ਹਾਂ ਦੀਆਂ ਕਿਤਾਬਾਂ 'ਚ ਦਰਜ ਹਨ ਭੈੜੀ ਪਰਵਿਰਤੀ ਦੇ ਅਸਰ ਕਾਰਨ ਹਨ। ਤੂੰ ਵੇਖਦਾ ਹੈਂ ਕਿ ਕਿਤਨੀਆਂ ਹੀ ਵਿਆਖਿਆਵਾਂ ਤੇ ਭਾਵ ਅਰਥ ਜੋ ਪ੍ਰਮਾਤਮਾਂ ਦੇ ਸ਼ਬਦਾਂ ਦੇ ਕੀਤੇ ਗਏ ਹਨ ਤੇ ਜੋ ਪ੍ਰਚੱਲਤ ਹਨ, ਸਚਾਈ ਤੋਂ ਵਾਂਝੇ ਹਨ। ਉਨ੍ਹਾਂ ਦੀ ਅਸੁੱਧਤਾ ਬਾਹਜ ਹਾਲਤਾਂ 'ਚ ਨੰਗੀ ਹੋ ਗਈ ਜਦੋਂ ਦਰਮਿਆਨੀ ਪੜਦੇ ਪਾੜ ਦਿੱਤੇ ਗਏ। ਉਨ੍ਹਾਂ ਨੇ ਆਪ ਅਪਣੀ ਅਸਫਲਤਾ ਪ੍ਰਮਾਤਮਾਂ ਦੇ ਸ਼ਬਦਾਂ ਨੂੰ ਸਮਝਣ 'ਚ ਮਨ ਲਈ।

ਸਾਡਾ ਮਨੋਰਥ ਇਹ ਦੱਸਣਾ ਹੈ ਕਿ ਜੇ ਰੱਬ ਦੇ ਪਿਆਰੇ ਅਪਣੇ ਦਿਲਾਂ ਤੇ ਕੰਨਾਂ ਨੂੰ ਸੁੱਧ ਕਰ ਲੈਣ ਤੇ ਪਹਿਲੀਆਂ ਵਿਅਰਥ ਗਲਾਂ ਵਲ ਧਿਆਨ ਨਾ ਧਰਨ ਤੇ ਆਪਣੀਆਂ ਰੂਹਾਂ ਦੀ ਅੰਦਰਲੀ ਤੈਹ ਸਮੇਤ ਉਸ ਵਲ ਹੋ ਜਾਣ ਜੋ ਉਸਦੇ ਇਲਹਾਮ ਦਾ ਸਵੇਰਾ ਹੈ ਅਤੇ ਜੋ ਕੁਝ ਭੀ ਉਸ ਨੇ ਜ਼ਾਹਰ ਕੀਤਾ ਹੈ ਉਸਨੂੰ ਸਵੀਕਾਰ ਕਰ ਲੈਣ ਤਾਂ ਇਹ ਵਤੀਰਾ ਰੱਬ ਦੀ ਨਜ਼ਰ ਵਿਚ ਬਹੁਤ ਹੀ ਲਾਭਦਾਇਕ ਗਿਣਿਆ ਜਾਵੇਗਾ।

ਉਸ ਦੇ ਨਾਮ ਦੀ ਮਹਿਮਾ ਕਰੋ ਤੇ ਸ਼ੁਕਰ-ਗੁਜ਼ਾਰਾਂ ਵਿੱਚ ਸ਼ਾਮਲ ਹੋਵੋ। ਮੇਰੇ ਪਿਆਰਿਆਂ ਨੂੰ ਮੇਰੀਆ ਸ਼ੁਭਕਾਮਨਾਵਾਂ ਪਹੁੰਚਾਵਣੀਆਂ, ਰੱਬ ਨੇ ਉਨ੍ਹਾਂ ਨੂੰ ਆਪਣੇ ਪਿਆਰ ਵਾਸਤੇ ਛਾਟਿਆ ਹੈ ਤੇ ਉਨ੍ਹਾਂ ਨੂੰ ਆਪਦੇ ਮੰਤਵਾਂ ਦੀ ਪ੍ਰਾਪਤੀ 'ਚ ਸਫਲਤਾ ਬਖਸ਼ੀ ਹੈ। ਰੱਬ ਦੀ ਵਡਿਆਈ ਹੋਵੇ, ਜੋ ਸਾਰੇ ਜਹਾਨਾਂ ਦਾ ਮਾਲਕ ਹੈ।

33. ਰੱਬ ਦੀ ਕਿਤਾਬ ਖੁੱਲੀ ਹੈ ਤੇ ਉਸਦਾ ਸ਼ਬਦ ਮਨੁੱਖ ਜਾਤੀ ਨੂੰ ਆਪਣੇ ਵੱਲ ਸੱਦ ਰਿਹਾ ਹੈ। ਸਿਰਫ ਮੁੱਠੀ ਭਰ ਬੰਦੇ ਅਜੇ ਤਕ ਉਸਦੇ ਪੱਖ ਨੂੰ ਅਪਨਾਉਣ ਵਾਸਤੇ ਤਿਆਰ ਹੋਏ ਹਨ ਯਾ ਇਸ ਨੂੰ ਤਰੱਕੀ ਦੇਣ ਦਾ ਸਾਧਨ ਬਣੇ ਹਨ। ਇਹ ਥੋੜੇ ਜਿਹੇ ਬੰਦੇ ਈਸ਼ਵਰੀ ਸ਼ੰਜੀਵਨੀ ਨਾਲ ਸਨਮਾਨਤ ਕੀਤੇ ਗਏ ਹਨ ਸਿਰਫ ਓਹ ਹੀ ਦੁਨੀਆਂ ਦੀ ਮੈਲ਼ ਨੂੰ ਖਾਲਸ ਸੋਨੇ 'ਚ ਬਦਲ ਸਕਦੇ ਹਨ। ਤੇ ਉਨ੍ਹਾਂ ਬੰਦਿਆਂ

ਨੂੰ ਅਖਤਿਆਰ ਦਿੱਤਾ ਗਿਆ ਹੈ ਕਿ ਇਸ ਕਦੇ ਨਾ ਫੇਲ੍ਹ ਹੋਣ ਵਾਲੀ ਦਵਾਈ ਨੂੰ ਮਨੁੱਖ ਜਾਤੀ ਦੀਆਂ ਸਾਰੀਆਂ ਬੀਮਾਰੀਆਂ ਵਾਸਤੇ ਵਰਤਿਆ ਜਾਵੇ। ਕੋਈ ਮਨੁੱਖ ਸਦੀਵੀ ਜ਼ਿੰਦਗੀ ਨਹੀਂ ਪਾ ਸਕਦਾ ਜਿੰਨਾ ਚਿਰ ਉਹ ਇਸ ਬੇਅੰਤ, ਅਦਭੁਤ, ਤੇ ਉੱਚੇ ਇਲਹਾਮ ਦੀ ਸਚਾਈ ਪ੍ਰਵਾਨ ਨਹੀਂ ਕਰਦਾ।

ਹੇ : ਰੱਬ ਦੇ ਮਿਤਰੋ ਆਪਣੇ ਕੰਨ ਉਸਦੀ ਆਵਾਜ਼ ਵਲ ਕਰੋ ਜਿਸ ਨਾਲ ਦੁਨੀਆ ਨੇ ਅਨਿਆਏ ਕੀਤਾ ਤੇ ਡਟੇ ਰਹੋ ਉਸ ਕੰਮ 'ਚ ਜੋ ਉਸਦੇ ਪੱਖ ਨੂੰ ਉੱਚਾ ਕਰੇ। ਓਹ ਸੱਚੀਂ ਉਸਦੀ ਅਗਵਾਈ ਕਰਦਾ ਹੈ ਸਿਧੇ ਰਸਤੇ ਚਲਣ ਵਿਚ। ਜੋ ਉਸ ਨੂੰ ਭਾਵੇ, ਇਹ ਉਹ ਇਲਹਾਮ ਹੈ ਜੋ ਕਮਜ਼ੋਰਾਂ ਵਿਚ ਬਲ ਭਰ ਦਿੰਦਾ ਹੈ ਤੇ ਨਿਰਧਨਾਂ ਨੂੰ ਦੌਲਤ ਨਾਲ ਸਜਾ ਦੇਂਦਾ ਹੈ।

ਗੂੜ੍ਹੇ ਮਿਤਰ ਭਾਵ ਨਾਲ ਤੇ ਭਾਈਚਾਰੇ ਦੇ ਜਜ਼ਬੇ ਨਾਲ ਆਪਸ 'ਚ ਸਲਾਹ ਮਸ਼ਵਰਾ ਕਰੋ ਤੇ ਆਪਣੀ ਜ਼ਿੰਦਗੀ ਦੇ ਕੀਮਤੀ ਦਿਨ ਦੁਨੀਆਂ ਦੀ ਭਲਾਈ ਤੇ ਉਸਦੇ ਪੱਖ ਦੀ ਤਰੱਕੀ ਵਾਸਤੇ ਅਰਪਨ ਕਰ ਦੇਵੋ ਜੋ ਕਦੀਮੀ ਤੇ ਸਾਰਿਆਂ ਦਾ ਸਿਰਤਾਜ ਮਾਲਕ ਹੈ। ਉਹ ਸੱਚੀਂ ਸਭ ਮਨੁੱਖਾਂ ਨੂੰ ਹੁਕਮ ਦੇਂਦਾ ਹੈ ਉਹ ਕਰਨ ਦਾ ਜੋ ਠੀਕ ਹੈ ਤੇ ਉਸ ਕੰਮ ਤੋਂ ਵਰਜਦਾ ਹੈ ਜੋ ਉਹਨਾ ਦਾ ਦਰਜ਼ਾ ਘਟਾਵੇ।

34. ਤੂੰ ਸਮਝ ਲੈ ਕਿ ਤੇਰੇ ਮਾਲਕ ਨੇ ਜੋ ਸਭਨਾਂ ਦਾ ਮਾਲਕ ਹੈ, ਆਪਣੀ ਕਿਤਾਬ 'ਚ ਆਪਣੀ ਰਜ਼ਾਈ ਮਨੁੱਖ ਜਾਤੀ ਨੂੰ ਜੋ ਦਾਤਾਂ ਬਖਸ਼ੀਆਂ ਹਨ ਉਹ ਹਮੇਸ਼ਾ ਬੇਅੰਤ ਕਿਸਮ ਦੀਆਂ ਹੋਣਗੀਆਂ, ਤੇ ਸੀ। ਇਨ੍ਹਾਂ ਦਾਤਾਂ ਵਿਚੋਂ ਸਭ ਤੋਂ ਪਹਿਲੀ ਤੇ ਉੱਤਮ ਦਾਤ ਜੋ ਸਰਵ-ਸ਼ਕਤੀਮਾਨ ਨੇ ਬਖਸ਼ੀ ਹੈ ਉਹ ਅਕਲ ਹੈ। ਉਸ ਦਾ ਮਨੋਰਥ ਇਹ ਦਾਤ ਬਖਸ਼ਨ 'ਚ ਸਵਾਏ ਇਸ ਦੇ ਹੋਰ ਨਹੀਂ ਕਿ ਉਸਦੇ ਪੈਦਾ ਕੀਤੇ ਬੰਦੇ ਉਸ ਨੂੰ ਜਾਨਣ ਤੇ ਇਕ ਸੱਚੇ ਰੱਬ ਨੂੰ ਜਿਸਦੀ ਸ਼ਾਨ ਉੱਚੀ ਹੋਵੇ, ਮੰਨਣ। ਇਹ ਦਾਤ ਮਨੁੱਖ ਨੂੰ ਸਭ ਚੀਜ਼ਾਂ ਵਿੱਚ ਸਚਾਈ ਬੁੱਝਣ ਦੀ ਸ਼ਕਤੀ ਦੇਂਦੀ ਹੈ। ਤੇ ਉਸ ਨੂੰ ਸਹੀ ਗੱਲ ਵਲ ਲੈ ਜਾਂਦੀ ਹੈ। ਤੇ ਸ੍ਰਿਸ਼ਟੀ ਦੇ



ਭੇਦਾਂ ਦੀ ਗੁੰਝਲ ਖੋਲ੍ਹਣ ਵਿਚ ਸਹਾਈ ਹੁੰਦੀ ਹੈ। ਦੂਸਰੇ ਦਰਜੇ ਤੇ ਦੇਖਣ ਦੀ ਦਾਤ ਹੈ ਜੋ ਵੱਡਾ ਸਾਧਨ ਹੈ। ਮਨੁੱਖ ਦੀ ਅਕਲ ਦੀਆਂ ਕਾਰਵਾਈਆਂ ਦਾ ਸੁਨਣਾ ਤੇ ਦਿਲ ਦੀਆਂ ਇੰਦਰੀਆਂ ਆਦਿ ਭੀ ਦਾਤਾਂ ਵਿਚ ਗਿਣਨੀਆਂ ਚਾਹੀਦੀਆਂ ਹਨ। ਜਿਨ੍ਹਾਂ ਨਾਲ ਇਨਸਾਨੀ ਸਰੀਰ ਸਜਾਇਆ ਗਿਆ ਹੈ। ਉਹ ਪ੍ਰਮਾਤਮਾ ਬੇਅੰਤ ਉੱਚਾ ਹੈ ਜਿਸਨੇ ਇਹ ਸ਼ਕਤੀਆਂ ਪੈਦਾ ਕੀਤੀਆਂ ਤੇ ਮਨੁੱਖ ਦੇ ਸ਼ਰੀਰ ਵਿਚ ਪ੍ਰਕਾਸ਼ ਕੀਤੀਆਂ ਹਨ।

ਇਹਨਾਂ ਦਾਤਾਂ ਵਿਚੋਂ ਹਰ ਇਕ ਦਾਤ ਨਿਰਸੰਦੇਹ ਹੀ ਉਸ ਪ੍ਰਮਾਤਮਾਂ ਦੀ ਸ਼ਾਨ ਸ਼ਕਤੀ, ਉੱਚਤਾ ਤੇ ਗਿਆਨ ਜੋ ਬੜਾ ਵਿਸ਼ਾਲ ਹੈ ਦੀ ਦਲੀਲ ਹੈ। ਉਸ ਦੀ ਸ਼ਾਨ ਉੱਚੀ ਹੋਵੇ।

ਛੋਹਣ ਸ਼ਕਤੀ ਨੂੰ ਹੀ ਲਵੋ। ਏਥੇ ਇਸਦਾ ਬਲ ਕਿਵੇਂ ਸਾਰੇ ਸਰੀਰ ਤੇ ਛਾਇਆ ਹੋਇਆ ਹੈ। ਜਦੋਂ ਕਿ ਦੇਖਣ ਤੇ ਸੁਨਣ ਦੀਆਂ ਸ਼ਕਤੀਆਂ ਇਕ ਖਾਸ ਕੇਂਦਰ ਵਿਚ ਅਸਥਾਨ ਰਖਦੀਆਂ ਹਨ। ਛੋਹਣ ਸ਼ਕਤੀ ਸਾਰੇ ਸਰੀਰ ਵਿਚ ਫੈਲੀ ਹੋਈ ਹੈ। ਉਸ ਰੱਬ ਦੀ ਤਾਕਤ ਦੀ ਵਡਿਆਈ ਹੋਵੇ ਤੇ ਉਸਦੀ ਸਰਬ ਸਮਰੱਥਾ ਦੀ ਮਹਿਮਾ ਹੋਵੇ।

ਇਹ ਦਾਤਾਂ ਮਨੁੱਖ ਵਿਚ ਜਮਾਂਦਰੂ ਹਨ। ਦਾਤਾਂ 'ਚੋਂ ਸਭ ਤੋਂ ਸਰੇਸ਼ਟ ਉਹ ਹੈ ਜੋ ਸੁਭਾਵਕ ਅਬਿਨਾਸ਼ੀ ਹੈ ਤੇ ਜਿਸਦਾ ਸਬੰਧ ਰੱਬ ਨਾਲ ਹੈ -- ਇਹ ਦਾਤ ਹੈ ਰੱਬੀ ਇਲਹਾਮ। ਪੈਦਾ ਕਰਨ ਵਾਲੇ ਰੱਬ ਦੀਆਂ ਬਖਸ਼ਿਸ਼ਾਂ ਵਿਚੋਂ ਉਸਨੇ ਮਨੁੱਖ ਨੂੰ ਦਾਨ ਕੀਤੀਆਂ ਭਾਵੇਂ ਉਹ ਸਾਦੀ ਹਨ ਭਾਵੇਂ ਰੂਹਾਨੀ ਸਭ ਇਸ ਦੀਆਂ ਉਪਸਹਾਇਕ ਹਨ। ਸਾਰੰਸ਼ 'ਚ ਇਹ ਹੈ ਤੇ ਰਹੇਗਾ, ਉਹ ਖੁਰਾਕ ਜੋ ਆਕਾਸ਼ੋਂ ਉਤਰਦੀ ਇਹ ਰੱਬ ਦੀ ਮਹਾਨ ਸ਼ਹਾਦਤ ਹੈ, ਉਸ ਦੀ ਸਚਾਈ ਦਾ ਸਾਫ ਸਬੂਤ, ਉਸਦੀ ਪੂਰਨ ਬਖਸ਼ਿਸ਼ ਉਸ ਦੀ ਦਯਾ ਦੇ ਵਿਸ਼ਾਲ ਘੇਰੇ ਦੀ ਨਿਸ਼ਾਨੀ ਉਸ ਦੀ ਪਿਆਰੀ ਦੂਰ ਦ੍ਰਿਸ਼ਟੀ ਦਾ ਪ੍ਰਮਾਣ, ਉਸ ਦੀ ਪੂਰਨ ਮਿਹਰ ਦਾ ਚਿੰਨ੍ਹ। ਜਿਸ ਮਨੁੱਖ ਨੇ ਰੱਬ ਦੀ ਇਹ ਉੱਚੀ ਤੋਂ ਉੱਚੀ ਦਾਤ

ਅੰਗੀਕਾਰ ਕਰ ਲਈ ਉਸ ਨੇ ਵਾਸਤਵ ਵਿਚ ਉਸ (ਰੱਬ) ਦਾ ਅਜ ਦੇ ਕਾਲ ਦਾ ਜ਼ਹੂਰ ਪਛਾਣ ਲਿਆ।

ਮਾਲਕ ਦਾ ਸ਼ੁਕਰ ਕਰ ਜਿਸ ਨੇ ਤੈਨੂੰ ਏਡੀ ਵੱਡੀ ਦਾਤ ਬਖ਼ਸ਼ੀ ਹੈ। ਆਪਣੀ ਆਵਾਜ਼ ਉੱਚੀ ਕਰ ਤੇ ਆਖ : ਹੇ ਮਾਲਕ! ਤੇਰੀ ਸਭ ਵਡਿਆਈ ਤੂੰ ਹੀ ਹਰ ਸਮਝਦਾਰ ਦਿਲ ਦੀ ਮਨੋਕਾਮਨਾ ਹੈਂ।

35. ਹੇ ਧਾਰਮਕ ਨੇਤਾਵੋ : ਇਸ ਗਲ ਨੂੰ ਮੰਨੋ : ਇਲਾਹੀ ਕਿਤਾਬ ਨੂੰ ਅਜੇਹੇ ਮਿਆਰ ਤੇ ਵਗਿਆਨਾਂ ਨਾਲ ਨਾ ਤੋਲੋ ਜੋ ਤੁਹਾਡੇ ਵਿਚ ਪ੍ਰਚੱਲਤ ਹਨ, ਕਿਉਂ ਜੋ ਇਹ ਕਿਤਾਬ ਮਨੁੱਖਾਂ ਦੇ ਦਰਮਿਆਨ ਆਪ ਹੀ ਇਕ ਅੱਚੁਕ ਸਮਤੋਲ ਹੈ। ਇਸ ਕੰਡੇ ਨਾਲ ਜੋ ਅਤੀ ਸੱਚਾ ਹੈ ਲੋਕਾਂ ਦਾ ਤੇ ਉਨ੍ਹਾਂ ਦੇ ਭਰਾ ਭਾਈਆਂ ਦਾ ਸਭ ਕੁੱਝ, ਜੋ ਉਹ ਰਖਦੇ ਹਨ, ਤੋਲਿਆ ਜਾਵੇਗਾ। ਤੇ ਇਸ ਦੇ ਵਜ਼ਨ ਦਾ ਪੈਮਾਨਾ ਇਸ ਦੇ ਆਪਣੇ ਮਿਆਰ ਨਾਲ ਜਾਂਚਿਆ ਜਾਵੇਗਾ—ਜੇ ਤੂੰ ਸਮਝ ਸਕੇਂ।

ਮੇਰੀ ਪਿਆਰ ਭਰੀ ਮਿਹਰ ਦੀ ਅੱਖ ਤੁਹਾਡੇ ਤੇ ਡਾਢਾ ਰੋ ਦੀ ਹੈ ਕਿਉਂ ਜੋ ਤੁਸੀਂ ਉਸ ਨੂੰ ਪਹਿਚਾਣਨ 'ਚ ਅਸਫਲ ਰਹੇ ਹੋ ਜਿਸਨੂੰ ਤੁਸੀਂ ਦਿਨੇ, ਰਾਤੀਂ, ਸਵੇਰੇ ਤੇ ਸ਼ਾਮੀਂ ਸਿਮਰਦੇ ਰਹੇ ਹੋ। ਹੇ ਲੋਕੋ ਉੱਜਲੇ ਮੁੱਖ ਤੇ ਪ੍ਰਤਿਭਾ ਦਿਲਾਂ ਨਾਲ ਉਸ ਲਾਲ ਅਨੰਦ ਮਾਰਗ ਵਲ ਵਧੋ ਜਿਥੇ ਤੁਹਾਨੂੰ 'ਸਦਰਾਤੁੱਲ ਮੁਨਤਹਾ'' (ਬਹਾਉੱਲ੍ਹਾ) ਸੱਦ ਰਿਹਾ ਹੈ ਤੇ ਕਹਿੰਦਾ ਹੈ "ਸਚੀਂ ਮੈਥੋਂ ਸਿਵਾ ਕੋਈ ਹੋਰ ਰੱਬ ਨਹੀਂ ਮੈਂ ਹੀ ਸਰਬ—ਸਮਰੱਥ ਰਾਖਾ ਤੇ ਸਵੈ ਹਾਂ।

ਹੇ : ਧਾਰਮਕ ਨੇਤਾਵੋ ਤੁਹਾਡੇ 'ਚੋਂ ਕਿਹੜਾ ਹੈ ਜੋ ਸੁਰਤੀ ਜਾਂ ਉੱਚੀ ਸੂਝ 'ਚ ਮੇਰੇ ਬਰਾਬਰ ਦਾ ਹੋਵੇ। ਓਹ ਕਿਥੇ ਮਿਲੇਗਾ ਜੋ ਵਾਚ ਸ਼ਕਤੀ ਜਾਂ ਸਿਆਣਪ 'ਚ ਮੇਰੇ ਬਰਾਬਰ ਹੋਣ ਦਾ ਦਾਅਵਾ ਕਰੇ? ਨਹੀਂ : ਮੇਰੇ ਮਾਲਕ ਮੇਰੇ ਦਿਆਲੂ : ਧਰਤੀ ਤੇ ਸਭ ਕੋਈ ਕਾਲ ਵਸ ਹੋ ਜਾਵੇਗਾ, ਇਹ ਚੇਹਰਾ ਤੁਹਾਡੇ ਮਾਲਕ ਜੋ ਸਰਵ-ਸ਼ਕਤੀਮਾਨ ਤੇ ਅਤਿ ਪਿਆਰਾ ਹੈ। ਉਸ਼ਦਾ ਹੈ।



ਹੇ ਲੋਕੋ : ਸਾਡਾ ਇਹ ਹੁਕਮ ਹੈ ਕਿ ਵਿਦਿਆ ਦੀ ਸਭ ਤੋਂ ਉੱਚੀ ਤੇ ਅਖੀਰੀ ਹੱਦ ਉਸ ਦੀ ਪਹਿਚਾਨ ਹੈ ਜੋ ਸਰਬ ਗਿਆਨ ਦਾ ਟੀਚਾ ਹੈ। ਅਤੇ ਤੁਸੀਂ ਦੇਖੋ ਕਿਦਾਂ ਵਿਦਿਆ ਨੂੰ ਖੁੱਲ ਦੇ ਕੇ ਆਪਣੇ ਆਪ ਨੂੰ ਉਸ ਤੋਂ ਅੱਡ ਕਰ ਲਿਆ ਹੈ। ਜਿਵੇਂ ਪੜਦੇ ਉਹਲੇ, ਉਹ ਜੋ ਇਸ ਚਾਨਣ ਦਾ ਸਵੇਰਾ ਹੈ ਤੇ ਜਿਸ ਕਾਰਨ ਹਰ ਛੁਪੀ ਹੋਈ ਸ਼ੈ (ਦਿਸ) ਜਾਂਦੀ ਹੈ। ਜੇ ਤੁਸੀਂ ਭਾਲ ਸਕਦੇ ਉਸ ਸੋਮੇ ਨੂੰ ਜਿਸ ਤੋਂ ਇਸ ਉਚਾਰਨ ਦਾ ਜਲਵਾ ਪਸਾਰਿਆ ਜਾਂਦਾ ਹੈ ਤਾਂ ਤੁਸੀਂ ਲੋਕਾਂ ਦਾ ਤੇ ਉਨ੍ਹਾਂ ਦੇ ਮਾਲ ਮਤਾਹ ਦਾ ਖਿਆਲ ਛੱਡ ਕੇ ਉਸ ਦੇ ਨੇੜੇ ਲੱਗ ਜਾਂਦੇ ਜੋ ਵਡਿਆਈ ਦੀ ਵੱਡਭਗੀ ਥਾਂ ਹੈ।

ਦਰਅਸਲ ਇਹੀ ਉਹ ਸਵਰਗ ਹੈ ਜਿਥੇ ਕਿਤਾਬ ਮਾਤਾ (Mother Book) ਸਾਂਭ ਕੇ ਰਖੀ ਹੋਈ ਹੈ ਜੇ ਤੂੰ ਸਮਝ ਸਕੇਂ। ਉਸਨੇ ਹੀ ਪਹਾੜੀ 'ਚੋਂ ਆਵਾਜ਼ ਪੈਦਾ ਕੀਤੀ ਤੇ ਬਲਦੀ ਝਾੜੀ ਰਾਹੀਂ ਉਸ ਆਵਾਜ਼ ਨੂੰ ਉੱਚਾ ਕੀਤਾ ਜਿਸ ਥਾਂ ਕਿ ਪਵਿਤਰ ਧਰਤੀ ਤੇ ਪਹਾੜ ਖੜਾ ਹੈ ਤੇ ਏਲਾਨ ਕੀਤਾ "ਰਾਜ ਰੱਬ ਦਾ ਹੈ ਜੋ ਸਭ ਦਾ ਸਿਰਤਾਜ ਮਾਲਕ ਹੈ ਤੇ ਸਰਵਸ਼ਕਤੀ ਮਾਨ ਤੇ ਪਿਆਰ ਵਾਲਾ ਹੈ।

ਅਸੀਂ ਕਿਸੇ ਸਕੂਲ ਨਹੀਂ ਗਏ ਤੇ ਨਾਂ ਹੀ ਅਸੀਂ ਤੁਹਾਡੀ ਕੋਈ ਵਿਆਖਿਆ ਪੜ੍ਹੀ ਹੈ ਆਪਣੇ ਕੰਨ ਏਸ ਅਨਪੜ੍ਹ ਦੇ ਬਚਨਾਂ ਵਲ ਕਰੋ ਜਿਨ੍ਹਾਂ ਰਾਂਹੀਂ ਇਹ ਤੁਹਾਨੂੰ ਰੱਬ ਵਲ ਸੱਦ ਰਿਹਾ ਹੈ ਜੋ ਰੱਬ ਸਦਾ ਰਹਿਣ ਵਾਲਾ ਹੈ। ਤੁਹਾਡੇ ਵਾਸਤੇ ਇਹ ਦੁਨੀਆ ਦੇ ਸਾਰੇ ਖਜ਼ਾਨਿਆਂ ਨਾਲੋਂ ਚੰਗਾ ਹੈ ਜੇ ਤੁਸੀਂ ਸਮਝੋ।

36. ਮੇਰੇ ਤੇ ਉਸਦੇ ਮੁਰੀਦਾਂ ਵਾਸਤੇ ਜੋ ਆਦਿ ਸੱਚ ਹੈ, ਇਹ ਜ਼ਰੂਰੀ ਹੈ ਕਿ ਸਾਰੇ ਲੋਕਾਂ ਨੂੰ ਉਸ ਚੀਜ਼ ਵਲ ਪ੍ਰੇਰਿਆ ਜਾਵੇ ਜੋ ਉਨ੍ਹਾਂ ਨੂੰ ਮਾਦੀ ਚੀਜ਼ਾਂ ਦੇ ਮੋਹ ਤੋਂ ਪਾਕ ਕਰ ਦੇਵੇ ਤੇ ਇਸ ਦੀ ਪਲੀਤੀ ਤੋਂ ਸਾਫ ਕਰ ਦੇਵੇ। ਤਾਂ ਜੋ ਉਨ੍ਹਾਂ ਵਿੱਚੋਂ ਸਾਰਿਆਂ, ਜੋ ਰੱਬ ਨੂੰ ਪਿਆਰ ਕਰਦੇ ਹਨ, ਉਸ ਦੀ ਪੁਸ਼ਾਕ ਦੀ ਪਿਆਰੀ ਸੁਗੰਧੀ ਆਵੇ। ਜਿਨ੍ਹਾਂ ਪਾਸ ਧਨ ਹੈ ਉਨ੍ਹਾਂ ਨੂੰ ਚਾਹੀਦਾ ਹੈ ਕਿ ਗਰੀਬਾਂ ਦਾ ਬਹੁਤ ਖਿਆਲ ਰੱਖਣ

ਕਿਉਂ ਜੋ ਉਨ੍ਹਾਂ ਗਰੀਬਾਂ ਦੇ ਭਾਗਾਂ 'ਚ ਜੋ ਆਪਣੇ ਸਬਰ 'ਚ ਪੱਕੇ ਹਨ, ਰੱਬ ਨੇ ਮਹਾਨ ਆਦਰ ਲਿਖਿਆ ਹੈ। ਮੈਂ ਆਪਣੀ ਜਾਨ ਦੀ ਸਹੁੰ ਖਾ ਕੇ ਕਹਿੰਦਾ ਹਾਂ ਕਿ ਅਜਿਹਾ ਕੋਈ ਆਦਰ ਨਹੀਂ ਸਵਾਏ ਇਸ ਦੇ, ਜੋ ਰੱਬਰਾਜ਼ੀ ਹੋ ਕਿ ਬਖਸ਼ੇ, ਜੋ ਇਸ ਆਦਰ ਦਾ ਟਾਕਰਾ ਕਰੇ, ਉਹ ਬਹੁਤ ਵੱਡਾ ਆਨੰਦ ਹੈ ਜੋ ਗਰੀਬਾਂ ਦੀ ਰਾਹ ਦੇਖ ਰਿਹਾ ਹੈ—ਉਹ ਗਰੀਬ ਜੋ ਸਬਰ ਨਾਲ ਦੁੱਖ ਸਹਿ ਰਹੇ ਹਨ ਤੇ ਆਪਣੇ ਦੁਖਾਂ ਨੂੰ ਜ਼ਾਹਰ ਨਹੀਂ ਕਰਦੇ ਤੇ ਕਿੰਨਾਂ ਚੰਗਾ ਹੈ ਅਮੀਰਾਂ ਵਾਸਤੇ ਜੋ ਅਮੀਰ ਆਪਣਾ ਧਨ ਲੋੜਵੰਦਾਂ ਨੂੰ ਦੇਂਦੇ ਹਨ ਤੇ ਉਨ੍ਹਾਂ ਨੂੰ ਆਪਣੇ ਨਾਲੋਂ ਚੰਗੇਰਾ ਸਮਝਦੇ ਹਨ।

ਰੱਬ ਚਾਹੇ ! ਕਿ ਗਰੀਬ ਮਿਹਨਤ ਕਰਨ ਤੇ ਵਾਹਲਾਣ ਰੋਜੀ ਕਮਾਉਣ ਵਾਸਤੇ। ਇਹ ਅਜਿਹਾ ਕਰਤੱਵ ਹੈ ਜੋ ਇਸ ਭਾਰੀ ਇਲ-ਹਾਮ ਵਿਚ ਸਭ ਵਾਸਤੇ ਨੀਯਤ ਕੀਤਾ ਗਿਆ ਹੈ ਤੇ ਰੱਬ ਦੀ ਨਿਗਾਹ 'ਚ ਇਕ ਚੰਗਾ ਕੰਮ ਗਿਣਿਆ ਜਾਂਦਾ ਹੈ। ਜੋ ਕੋਈ ਭੀ ਇਸ ਕਰਤੱਵ ਨੂੰ ਪੂਰਾ ਕਰਦਾ ਹੈ ਉਸ ਨੂੰ ਅਦਿਖ ਰੱਬ ਦੀ ਸਹਾਇਤਾ ਪ੍ਰਾਪਤ ਹੋਵੇਗੀ। ਆਪਣੀ ਮਿਹਰ ਰਾਹੀਂ ਉਹ ਜਿਸ ਨੂੰ ਚਾਹੇ ਅਮੀਰ ਬਣਾ ਦੇਵੇ। ਉਸਦਾ ਸਭ ਕਾਸੇ ਤੇ ਅਖਤਿਆਰ ਹੈ।

37. ਹਰ ਇਕ ਆਕਾਸ਼ੀ ਕਿਤਾਬ ਦੇ ਜ਼ਹੂਰ ਦੀ ਤਹਿ 'ਚ ਬਲਕਿ ਹਰ ਇਲਹਾਮੀ ਕਵਿਤਾ ਦੀ ਤਹਿ 'ਚ ਇਹ ਮਨੋਰਥ ਹੈ ਕਿ ਮਨੁੱਖ ਜਾਤੀ ਨੂੰ ਸਚਾਈ ਤੇ ਸਮਝ ਦੇ ਗੁਣਾਂ ਨਾਲ ਸਜਾਇਆ ਜਾਵੇ ਤਾਂ ਜੋ ਸ਼ਾਂਤੀ ਤੇ ਅਮਲ ਉਨ੍ਹਾਂ 'ਚ ਪੱਕੀ ਤਰ੍ਹਾਂ ਸਥਾਪਿਤ ਹੋ ਜਾਵੇ। ਜੋ ਕੁਝ ਭੀ ਮਨੁੱਖਾਂ ਦੇ ਦਿਲਾਂ ਵਿਚ ਭਰੋਸਾ ਬਿਠਾਉਂਦਾ ਹੈ, ਜੋ ਕੁਝ ਭੀ ਉਨ੍ਹਾਂ ਦਾ ਦਰਜਾ ਉੱਚਾ ਕਰਦਾ ਹੈ ਜਾਂ ਉਨ੍ਹਾਂ ਦਾ ਸੰਤੋਖ ਵਧਾਉਂਦਾ ਹੈ ਉਹੀ ਕੁਝ ਰੱਬ ਦੀ ਨਜ਼ਰ ਵਿਚ ਮਨਜ਼ੂਰ ਹੈ। ਕਿਤਨਾ ਉੱਚਾ ਦਰਜਾ ਮਨੁੱਖ ਪਾ ਸਕਦਾ ਹੈ ਜੇ ਉਹ ਅਪਣੇ ਉਚੇ ਨਸੀਬੇ ਦੀ ਪੂਰਤੀ ਵਾਸਤੇ ਇਰਾਦਾ ਕਰੇ। ਗਿਰਾਵਟ ਦੀਆਂ ਐਨੀਆਂ ਡੂੰਘਾਈਆਂ ਵਿਚ ਉਹ ਡੁਬ ਸਕਦਾ ਹੈ ਜਿੱਥੇ ਕਮੀਨੇ ਤੋਂ ਕਮੀਨਾ ਜੀਵ ਵੀ ਨਹੀਂ ਗਿਆ।



ਹੇ ਮਿੱਤਰੋ ਇਸ ਮੌਕੇ ਨੂੰ ਹੱਥੋਂ ਨਾਂ ਗਵਾਓ ਜੋ ਅੱਜ ਦਾ ਦਿਨ ਪੇਸ਼ ਕਰ ਰਿਹਾ ਹੈ ਤੇ ਆਪਣੇ ਆਪ ਨੂੰ ਉਸ ਦੀ ਖੁੱਲ ਦਿੱਲੀ ਨਾਲ ਬਖਸ਼ੀ ਮਿਹਰ ਦੀ ਭਰਮਾਰ ਤੋਂ ਵਾਂਜੇ ਨਾ ਰੱਖੋ। ਮੈਂ ਰੱਬ ਅੱਗੇ ਮਿੰਨਤ ਕਰਦਾ ਹਾਂ ਕਿ ਉਹ ਆਪਣੀ ਮਿਹਰ ਦੁਆਰਾ ਤੁਹਾਨੂੰ ਸਭ ਨੂੰ ਅੱਜ ਦੇ ਵੱਡਭਾਗੀ ਦਿਨ, ਪਾਕ ਤੇ ਪਵਿੱਤਰ ਕਰਮਾਂ ਦੇ ਗਹਿਣੇ ਨਾਲ ਸਜਾਵੇ। ਉਹ ਸੱਚ ਹੀ ਜੋ ਚਾਹੇ ਕਰਦਾ ਹੈ।

38. ਹੇ ਲੋਕੋ ! ਮੈਂ ਤੁਹਾਨੂੰ ਜੋ ਕਹਿੰਦਾ ਹਾਂ, ਉਸ ਨੂੰ ਕੰਨ ਦੇ ਕੇ ਸੁਣੋ। ਸੱਚੇ ਰੱਬ ਨੇ ਜਿਸਦੀ ਵਡਿਆਈ ਉੱਚੀ ਹੋਵੇ, ਹਮੇਸ਼ਾਂ ਹੀ ਮਨੁਖ ਜਾਤੀ ਦੇ ਹਿਰਦਿਆਂ ਨੂੰ ਬੜੇ ਮਾਨ ਨਾਲ ਆਪਣੀ ਖਸ ਮਲਕੀਅਤ ਸ਼ਮਝਿਆ ਹੈ ਤੇ ਸਮਝਦਾ ਰਹੇਗਾ ਬਾਕੀ ਹੋਰ ਸਭ ਕੁਝ ਚਾਹੇ ਉਸ ਦਾ ਸਬੰਧ ਜ਼ਮੀਨ ਨਾਲ ਹੋਵੇ ਚਾਹੇ ਸਮੁੰਦਰ ਨਾਲ, ਉਸ ਨੇ ਧਰਤੀ ਦੇ ਪਾਦਸ਼ਾਹਾਂ ਅਤੇ ਹੁਕਮਰਾਨਾਂ ਨੂੰ ਵਿਰਸੇ ਵਿਚ ਦੇ ਦਿੱਤਾ ਹੈ। ਸ਼ੁਰੂ ਤੋਂ ਹੀ ਜਿਸ ਦਾ ਕੋਈ ਆਦਿ ਨਹੀਂ, ਝੰਡਾ ਜਿਸ ਰਾਹੀਂ ਏਨ੍ਹਾਂ ਸਬ ਦਾ ਏਲਾਨ ਕੀਤਾ ਗਿਆ ਹੈ ਕਿ "ਉਹ ਜੋ ਭਾਵੇ ਕਰਦਾ ਹੈ ਬੜੀ ਸ਼ਾਨ ਨਾਲ ਉਸਦੇ ਇਲਹਾਮ ਦੇ ਅਗੋਂ ਲਹਿਰਾਇਆ ਗਿਆ"। ਜਿਸ ਚੀਜ਼ ਦੀ ਮਨੁਖ ਜਾਤੀ ਨੂੰ ਅੱਜ ਲੋੜ ਹੈ ਉਹ ਹੈ ਹਕੂਮਤ ਦੀ ਤਾਬਦਾਰੀ ਤੇ ਸਿਆਣਪ ਦੀ ਗਲ ਨਾਲ ਵਫ਼ਾਦਾਰੀ ਨਾਲ ਲਗੇ ਰਹਿਣਾ। ਜੋ ਸਾਧਨ ਮਨੁੱਖ ਜਾਤੀ ਦੀ ਤਤਕਾਲ ਰਖਿਆ, ਬਚਾਓ, ਤੇ ਭਰੋਸੇ ਵਾਸਤੇ ਜ਼ਰੂਰੀ ਹਨ ਉਹ ਮਨੁੱਖੀ ਸਮਾਜ ਦੇ ਰਾਜ ਪ੍ਰਬੰਧਕਾਂ ਨੂੰ ਸੌਂਪੇ ਗਏ ਹਨ ਤੇ ਉਨ੍ਹਾਂ ਦੇ ਕਬਜ਼ੇ ਵਿਚ ਹਨ। ਰੱਬ ਦੀ ਇਹ ਹੀ ਰਜ਼ਾ ਹੈ ਤੇ ਏਹੀ ਹੁਕਮ। ਅਸੀਂ ਆਸ ਰੱਖਦੇ ਹਾਂ ਧਰਤੀ ਦਾ ਕੋਈ ਬਾਦਸ਼ਾਹ ਰੱਬ ਸਦਕੇ ਦੁਖੀ ਤੇ ਮਜਲੂਮ ਜਨਤਾ ਦੀ ਜਿਤ ਵਾਸਤੇ ਉਠੇਗਾ। ਐਸੇ ਬਾਦਸਾਹ ਦੀ ਸਦੀਵੀ ਮਹਿਮਾ ਤੇ ਵਡਿਆਈ ਹੋਵੇਗੀ। ਰੱਬ ਨੇ ਜਨਤਾ ਦਾ ਇਹ ਫ਼ਰਜ਼ ਮਕੱਰਰ ਕੀਤਾ ਹੈ ਕਿ ਉਹ ਉਸ ਕੰਮ ਵਿਚ ਸਹਾਈ ਹੋਣ ਜੋ ਉਸ ਨੂੰ ਸਹਾਇਕ ਹੋਵੇ ਤੇ ਉਸਦੇ ਹਿਤਾਂ ਦੀ ਪ੍ਰਤੀ ਕਰਨ, ਤੇ ਆਪਣੀ ਪੱਕੀ ਵਫ਼ਾਦਾਰੀ ਉਸਨੂੰ ਵਿਖਾ ਦੇਣ। ਜੋ ਮੇਰੇ ਮੁਰੀਦ

ਹਨ ਉਨ੍ਹਾਂ ਨੂੰ ਹਰ ਹਾਲਤ 'ਚ ਜ਼ੋਰ ਲਾਣਾ ਚਾਹੀਦਾ ਹੈ। ਉਸਦੀ ਭਲਾਈ ਵਾਸਤੇ, ਜੋ ਮੇਰੇ ਪੱਖ ਦੀ ਫ਼ਤਿਹ ਵਾਸਤੇ ਖੜਾ ਹੁੰਦਾ ਹੈ, ਤੇ ਹਰ ਸਮੇਂ ਮੇਰੇ ਮੁਰੀਦ ਆਪਣੇ ਸਿਦਕ ਤੇ ਵਫ਼ਾਦਾਰੀ ਦਾ ਉਸ ਤਾਈਂ ਸਬੂਤ ਦੇਣ। ਉਹ ਮਨੁੱਖ ਸੁਭਾਗਾ ਹੈ। ਜੋ ਮੇਰੀ ਸਲਾਹ ਮੰਨਦਾ ਹੈ। ਲਾਹਨਤ ਹੈ ਉਸ ਤੇ ਜੋ ਮੇਰੀ ਮਨਸਾ ਪੂਰੀ ਨਹੀਂ ਕਰਦਾ ਹੈ।

39. ਹੇ! ਦੁਨੀਆਂ ਦੇ ਲੋਕੋ ਜਾਣ ਲਵੋ ਕਿ ਇਕ ਨਾਂਮਲੂਮ ਬਿਪਤਾ ਤੁਹਾਡੇ ਤੇ ਪੈਣ ਵਾਲੀ ਹੈ ਤੇ ਸਖਤ ਬਦਲੇ ਦੀ ਭਾਵਨਾਂ ਤੁਹਾਡੀ ਉਡੀਕ ਵਿਚ ਹੈ। ਇਹ ਖਿਆਲ ਛੱਡ ਦੇਵੋ ਕਿ ਜੋ ਕਰਤੂਤਾਂ ਤੁਸੀਂ ਕੀਤੀਆਂ ਹਨ ਮੇਰੀ ਨਿਗਾਹ ਤੋਂ ਛੁਪੀਆਂ ਹੋਈਆਂ ਹਨ। ਮੈਨੂੰ ਆਪਣੇ ਜ਼ਮਾਲ ਦੀ ਸਹੁੰ! ਤੁਹਾਡੇ ਸਾਰੇ ਕਰਮ ਮੇਰੀ ਕਲਮ ਨੇ ਖੁੱਲੇ ਅੱਖਰਾਂ ਵਿਚ ਹਰੇ ਪੱਥਰਾਂ ਦੀਆਂ ਪੱਟੀਆਂ ਤੇ ਉਲੀਕੇ ਹੋਏ ਹਨ।

40. ਪੂਰਨ ਗਿਆਤਾ ਵੈਦ ਨੇ ਆਪਣੀ ਉਂਗਲੀ ਮਨੁੱਖ ਜਾਤੀ ਦੀ ਨਬਜ਼ ਤੇ ਰੱਖੀ ਹੋਈ ਹੈ। ਉਹ ਬੀਮਾਰੀ ਸਮਝ ਲੈਂਦਾ ਹੈ ਤੇ ਆਪਣੀ ਅਭੁੱਲ ਸਿਆਣਪ ਕਰਕੇ ਇਲਾਜ਼ ਤਜਵੀਜ਼ ਕਰਦਾ ਹੈ। ਹਰ ਜੁਗ ਦੀ ਆਪਣੀ ਸਮਸਿਆ ਹੁੰਦੀ ਹੈ। ਤੇ ਹਰ ਵਿਅਕਤੀ ਦੀ ਆਪਣੀ ਖਾਸ ਅਭਿਲਾਸ਼ਾ। ਦੁਨੀਆਂ ਦੇ ਮੌਜੂਦਾ ਦੁਖਾਂ ਦਾ ਜੋ ਲੋੜੀਂਦਾ ਉਪਾ ਹੈ ਉਹ ਉਸ ਨਾਲੋਂ ਫਰਕ ਹੋਵੇਗਾ ਜਿਸ ਦੀ ਆਉਣ ਵਾਲੇ ਜ਼ਮਾਨੇ ਵਿਚ ਲੋੜ ਹੋਵੇਗੀ। ਜਿਸ ਜ਼ਮਾਨੇ ਵਿਚ ਤੁਸੀਂ ਰਹਿੰਦੇ ਹੋ ਉਸਦੀ ਲੋੜਾਂ ਦੀ ਚਿੰਤਾ ਕਰੋ ਤੇ ਉਸਦੀ ਅਚਨਚੇਤੀ ਜ਼ਰੂਰਤਾਂ ਤੇ ਲੋੜਾਂ ਤੇ ਵਿਚਾਰ ਕਰੋ।

ਅਸੀਂ ਭਲੀ ਭਾਂਤ ਵੇਖ ਸਕਦੇ ਹਾਂ ਕਿ ਕਿਵੇਂ ਸਾਰੀ ਮਨੁੱਖ ਜਾਤੀ ਭਾਰੀ ਤੇ ਅਣਗਿਣਤ ਦੁਖਾਂ ਵਿਚ ਘਿਰੀ ਹੋਈ ਹੈ। ਅਸੀਂ ਇਸ ਨੂੰ ਬੀਮਾਰੀ ਦੇ ਬਿਸਤਰੇ ਤੇ ਪਈ ਵਿਚੇ ਵਿਚ ਘੁਲਦੀ ਦੇਖਦੇ ਹਾਂ ਤੇ ਇਹ ਕੋਸ਼ਿਸ਼ ਕਰ ਕਰਕੇ ਥੱਕ ਗਈ ਹੈ ਤੇ ਇਸ ਦਾ ਭਰਮ ਟੁੱਟ ਗਿਆ ਹੈ। ਉਹ ਜੋ ਆਪਣੇ ਘੁਮੰਡ ਦੇ ਨਸ਼ੇ ਵਿਚ ਮਸਤ ਹਨ। ਮਨੁਖ ਜਾਤੀ ਤੇ ਅਭੁੱਲ ਅਰਸ਼ੀ ਵੈਦ ਦੇ ਵਿਚਾਲੇ ਰੋੜਾ ਬਨਕੇ ਅਟਕੇ ਹੋਏ ਹਨ। ਦੇਖੋ ਕਿਵੇਂ ਇਨ੍ਹਾਂ ਨੇ ਆਪਣੇ ਆਪ ਨੂੰ ਤੇ ਲੋਕਾਂ ਨੂੰ



ਆਪਣੀਆਂ ਵਿਓਂਤਾਂ ਦੇ ਜਾਲ ਵਿਚ ਫਸਾਇਆ ਹੋਇਆ ਹੈ। ਨਾਂ ਤਾਂ ਇਨ੍ਹਾਂ ਨੂੰ ਬਿਮਾਰੀ ਦੇ ਕਾਰਨ ਦਾ ਪਤਾ ਹੈ ਤੇ ਨਾਂ ਦਵਾਈ ਦਾ ਗਿਆਨ। ਉਨ੍ਹਾਂ ਨੂੰ ਸਿਧਾ ਵਿੰਗਾ ਜਾਪਦਾ ਹੈ ਤੇ ਆਪਣੇ ਮਿੱਤਰ ਨੂੰ ਦੁਸ਼ਮਨ ਸਮਝੀ ਬੈਠੇ ਹਨ।

ਆਪਣੇ ਕੰਨ ਏਸ ਕੈਦੀ ਦੇ ਮਧਰ ਗੀਤ ਵਲ ਕਰੋ। ਉਠੋ ਤੇ ਆਪਣੀ ਆਵਾਜ਼ ਉੱਚੀ ਕਰੋ ਖਬਰੇ, ਜੋ ਗੂੜੀ ਨੀਂਦ ਸੁਤੇ ਹਨ ਜਾਗ ਉੱਠਨ। ਆਖੋ ਤੁਸੀਂ ਜੋ ਮੁਰਦੇ ਸਮਾਨ ਹੋ ਤੁਹਾਨੂੰ ਰੱਬੀ ਬਖਸ਼ਿਸ਼ ਵਾਲਾ ਹੱਥ ਅੰਮ੍ਰਿਤ ਦੇ ਰਿਹਾ ਹੈ। ਛੇਤੀ ਕਰੋ ਤੇ ਰੱਜ ਕੇ ਪੀਵੋ। ਜਿਸਨੇ ਅੱਜ ਦ ਦਿਨ ਦੁਬਾਰਾ ਜਨਮ ਲਿਆ ਉਹ ਕਦੀ ਨਹੀਂ ਮਰੇਗਾ, ਜੋ ਮੁਰਦਾ ਪਿਆ ਰਿਹਾ ਕਦੇ ਨਹੀਂ ਜੀਵੇਗਾ।

41. ਜੋ ਤੁਹਾਡਾ ਦਿਆਵਾਨ ਮਾਲਕ ਹੈ ਉਹ ਆਪਣੇ ਮਨ ਵਿਚ ਇਹ ਪਿਆਰੀ ਆਸ਼ਾ ਰੱਖਦਾ ਹੈ ਕਿ ਸਾਰੀ ਮਨੁੱਖ ਜਾਤੀ ਨੂੰ ਇਕ ਆਤਮਾ ਤੇ ਇਕ ਸਰੀਰ ਰੂਪ ਵਿਚ ਦੇਖੇ। ਇਸ ਕਰਕੇ ਤੂੰ ਕਾਹਲੀ ਕਰ ਜੋ ਤਾਂ ਤੂੰ ਅੱਜ ਦੇ ਦਿਨ ਜੋ ਸਾਰਿਆਂ ਦਿਨਾ ਨੂੰ ਮਾਤ ਪਾਉਂਦਾ ਹੈ, ਰੱਬ ਦੀ ਬਖਸ਼ਿਸ਼ ਤੇ ਦਯਾ ਵਿਚ ਆਪਣਾ ਹਿੱਸਾ ਪ੍ਰਾਪਤ ਕਰੇ। ਕਿਤਨਾ ਵੱਡਾ ਅਨੰਦ ਹੈ ਜੋ ਉਸ ਆਦਮੀ ਦੀ ਉਡੀਕ ਕਰ ਰਿਹਾ ਹੈ ਜਿਸਨੇ ਆਪਣਾ ਸਭ ਕੁਝ ਰੱਬੀ ਦਾਤ ਹਾਸਲ ਕਰਨ ਵਾਸਤੇ ਤਿਆਗ ਦਿੱਤਾ। ਅਸੀਂ ਸਾਖੀ ਹਾਂ ਕਿ ਅਜਿਹਾ ਮਨੁੱਖ ਪ੍ਰਮਾਤਮਾ ਦੇ ਕਿਰਪਾ ਪਾਤਰਾ ਵਿਚੋਂ ਹੈ।

42. ਹੇ ਲੋਕੋ! ਅਸੀਂ ਤੁਹਾਡੇ ਵਾਸਤੇ ਵਕਤ ਮੁਕੱਰਰ ਕੀਤਾ ਹੋਇਆ ਹੈ। ਜੇ ਤੁਸੀਂ ਨਿਯੁਕਤ ਸਮੇਂ ਰੱਬ ਵਲ ਮੁੜਨ 'ਚ ਅਸਫਲ ਰਹੇ ਤਾਂ ਉਹ ਸੱਚੀ ਮੁੱਚੀ ਤੁਹਾਨੂੰ ਪਕੜ ਲਵੇਗਾ ਤੇ ਹਰ ਪਾਸਿਓਂ ਤੁਹਾਡੇ ਤੇ ਭਾਰੀ ਮੁਸੀਬਤਾ ਪਾਵੇਗਾ। ਬੜੀ ਸਖਤ ਮਾਰ ਤੁਹਾਡੇ ਤੇ ਪਵੇਗੀ। ਜੋ ਰੱਬ ਪਾਵੇਗਾ।

43. ਪਰਮ ਪੁਰਖ ਨੇ ਕਿਹਾ ਹੈ! ਮਨੁੱਖਾਂ ਦੇ ਬੱਚਿਓ, ਧਰਮ ਤੇ ਮਜ਼ਹਬ ਜੋ ਰਬ ਨੇ ਦਿਤੇ ਹਨ ਇਹਨਾਂ ਦਾ ਮੁੱਢਲਾ ਮਨੋਰਥ ਇਹੋ ਹੈ ਕਿ ਮਨੁੱਖ ਜਾਤੀ ਦੇ ਹਿਤਾਂ ਦੀ ਰਾਖੀ ਕੀਤੀ ਜਾਵੇ ਤੇ

ਇਨਸਾਨੀ ਨਸਲ ਦੀ ਏਕਤਾ ਨੂੰ ਤਰੱਕੀ ਦਿੱਤੀ ਜਾਵੇ ਤੇ ਮਨੁੱਖ ਜਾਤੀ ਵਿਚ ਪਿਆਰ ਤੇ ਭਾਈਚਾਰਕ ਜਜ਼ਬੇ ਨੂੰ ਉਤਸ਼ਾਹ ਮਿਲੇ। ਇਸ ਨੂੰ ਵਖੇਵਾਂ, ਫੁੱਟ, ਘਿਰਣਾਂ ਤੇ ਵੈਰ ਦੀ ਜੜ ਬੰਨਣ ਦੀ ਆਗਿਆ ਨਾਂ ਦੇਵੋ, ਸਿੱਧਾ ਰਾਹ ਇਹੀ ਹੈ ਸਥਿਰ ਤੇ ਅਹਿੱਲ ਨੀਂਹ ਵਾਲਾ। ਇਸ ਨੀਂਹ ਤੇ ਜੋ ਅਮਾਰਤ ਉਸਾਰੀ ਜਾਵੇਗੀ ਉਸਦੀ ਪਕਿਆਈ ਨੂੰ ਕੋਈ ਤਬਦੀਲੀ ਜਾਂ ਮੌਕਾ ਕਮਜ਼ੋਰ ਨਹੀਂ ਕਰ ਸਕਦਾ। ਤੇ ਨਾਂ ਹੀ ਬੇਅੰਤ ਸਦੀਆਂ ਦਾ ਗੇੜ ਇਸ ਦੀ ਬਣਤਰ ਦੀ ਜੜ੍ਹ ਪੱਟ ਸਕਦਾ ਹੈ। ਸਾਨੂੰ ਆਸ ਹੈ ਕਿ ਦੁਨੀਆਂ ਦੇ ਧਾਰਮਕ ਆਗੂ ਤੇ ਨਰੇਸ਼ ਇਕ ਜੁਟ ਹੋਕੇ ਇਸ ਕਾਲ ਦੇ ਸੁਧਾਰ ਤੇ ਧਨ ਦੌਲਤ ਦੀ ਬਹਾਲੀ ਵਾਸਤੇ ਉਠ ਖੜੇ ਹੋਣਗੇ। ਉਨ੍ਹਾਂ ਨੂੰ ਚਾਹੀਦਾ ਹੈ ਕਿ ਇਸ ਸਮੇਂ ਦੀਆਂ ਲੋੜਾਂ ਤੇ ਸੋਚ ਵਿਚਾਰ ਕਰਕੇ ਆਪਸ ਵਿਚ ਸਲਾਹ ਮਸ਼ਵਰਾ ਕਰਨ, ਤੇ ਗਹਿਰੀ ਸੋਚ ਤੇ ਵਿਚਾਰ ਰਾਹੀਂ ਇਸ ਰੋਗੀ ਤੇ ਬਿਪਤਾ ਦੀ ਮਾਰੀ ਦੁਨੀਆਂ ਨੂੰ ਲੋੜੀਂਦੀ ਦਵਾਈ ਦੇਣ ...., ਜੋ ਹਾਕਮ ਹਨ ਉਨ੍ਹਾਂ ਵਾਸਤੇ ਉਚਿਤ ਹੈ ਕਿ ਹਰ ਮਾਮਲੇ ਵਿਚ ਸੰਜਮ ਤੋਂ ਕੰਮ ਲੈਣ। ਜੋ ਅਮਲ ਸੰਜਮ ਤੋਂ ਬਗੈਰ ਹੈ ਉਹ ਲਾਭਦਾਇਕ ਨਹੀਂ ਹੋਵਗਾ। ਦ੍ਰਿਸ਼ਟਾਂਤ ਵਜੋਂ ਆਜ਼ਾਦੀ ਸਭਿਅਤਾ ਆਦਿ ਲਵੋ। ਭਾਵੇਂ ਸਮਝਦਾਰ ਲੋਕ ਇਹਨਾਂ ਨੂੰ ਕਿਤਨੀ ਹੀ ਪਸੰਦ ਨਾਲ ਵੇਖਣ ਫੇਰ ਭੀ ਏਨ੍ਹਾਂ ਦੀ ਅਤਿ ਮਨਖ ਜਾਤੀ ਤੇ ਭੈੜਾ ਅਸਰ ਪਾਉਂਦੀ ਹੈ। ਰੱਬਾ! ਧਰਤੀ ਦੇ ਲੋਕ ਉਨ੍ਹਾਂ ਦੀ ਕਰੜੀ ਘਾਲਣਾਂ ਕਰਕੇ ਜੋ ਹੁਕਮਰਾਨ ਹਨ ਤੇ ਜੋ ਜਨਤਾ ਵਿਚੋਂ ਸਿਆਣੇ ਤੇ ਵਿਦਵਾਨ ਹਨ, ਆਪਣਾ ਵੱਧ ਤੋਂ ਵੱਧ ਲਾਭ ਜਾਣ ਸੱਕਨ। ਮਨੁੱਖ ਜਾਤੀ ਕਦੋਂ ਤਕ ਕੁਰਾਹੇ ਪਈ ਰਹੇਗੀ ਆਪਣੀ ਅੜੀ ਕਰਕੇ? ਕਦੋਂ ਤੀਕ ਬੇਇਨਸਾਫੀ ਰਹੇਗੀ? ਕਦੋਂ ਤੀਕ ਮਨੁੱਖਾਂ 'ਚ ਗੜਬੜ ਤੇ ਹਫੜਾ-ਦਫੜੀ ਦਾ ਦੌਰ ਰਹੇਗਾ? ਕਦੋਂ ਤੀਕ ਅਨਬਣ ਕਾਰਨ ਸਭਿਅਤਾ ਦਾ ਚੇਹਰਾ ਘਬਰਾਇਆ ਰਹੇਗਾ। ਅਫਸੋਸ! ਕਿ ਨਿਰਾਸ਼ਤਾ ਦੀਆਂ ਹਵਾਵਾਂ ਹਰ ਪਾਸਿਓਂ ਚਲ ਰਹੀਆਂ ਹਨ ਤੇ ਲੜਾਈ ਝਗੜਾ ਜੋ ਮਨੁੱਖ ਜਾਤੀ 'ਚ ਫੁੱਟ ਪਾ ਰਿਹਾ ਹੈ ਤੇ ਇਸਨੂੰ ਪੀੜਤ ਕਰ ਰਿਹਾ ਹੈ। ਦਿਨੋ ਦਿਨ ਵਧਦਾ ਜਾਂਦਾ ਹੈ।



ਆਉਣ ਵਾਲੀ ਹਲ ਚਲ ਤੇ ਉਥਲ ਪੁਥਲ ਦੀਆਂ ਨਸ਼ਾਨੀਆਂ ਹੁਣੇ ਦਿਸ ਰਹੀਆਂ ਹਨ ਕਿਉਂ ਜੋ ਪ੍ਰਚਲਿਤ ਸੰਪ੍ਰਦਾਇ ਬੁਰੀ ਤਰਾਂ ਅਧੂਰੀ ਹੈ। ਮੈਂ ਰੱਬ ਅੱਗੇ ਨਿਮਰ ਬੇਨਤੀ ਕਰਦਾ ਹਾਂ (ਉਸ ਦੀ ਸ਼ਾਨ ਹੋਰ ਉੱਚੀ ਹੋਵ) ਕਿ ਉਹ ਦਿਆਵਾਨ ਹੋ ਕੇ ਲੋਕਾਂ ਨੂੰ ਜਗਾ ਦੇਵੇ ਤੇ ਬਖਸ਼ਿਸ਼ ਕਰੇ ਕਿ ਉਨ੍ਹਾਂ ਦਾ ਵਰਤਾਓ ਓੜਕ ਲਾਭਦਾਇਕ ਬਣੇ ਤੇ ਉਨ੍ਹਾਂ ਦਾ ਉਸ ਕੰਮ ਨੂੰ ਪੂਰਾ ਕਰਨ 'ਚ ਸਹਾਈ ਹੋਵੇ ਜੋ ਉਨ੍ਹਾਂ ਦੀ ਜ਼ਿੰਦਗੀ ਦੀ ਹਾਲਤ ਵਾਸਤੇ ਜਚਦਾ ਹੋਵੇ।

44. ਦੇਖੋ ਕਿੰਨੇ ਸਾਲਾਂ ਤੋਂ ਫਸਾਦਾਂ ਨੇ ਦੁਨੀਆਂ ਨੂੰ ਦੁੱਖੀ ਕਰ ਰਖਿਆ ਹੈ ਤੇ ਲੋਕਾਂ 'ਚ ਬੇਚੈਨੀ ਫੈਲੀ ਹੋਈ ਹੈ। ਯਾ ਤਾਂ ਜੰਗ ਨੇ ਤਬਾਹੀ ਮਚਾਈ ਹੈ ਯਾ ਅਚਾਨਕ ਤੇ ਬੇਪਤਾ ਬਿਪਤਾ ਨੇ ਦੁਨੀਆਂ ਨੂੰ ਪੀੜਤ ਕਰ ਰਖਿਆ ਹੈ' ਭਾਵੇਂ ਦੁਨੀਆਂ ਦੁਖ ਤੇ ਤਕਲੀਫਾਂ ਨੇ ਘੇਰੀ ਹੋਈ ਹੈ ਪਰ ਫੇਰ ਵੀ ਕਿਸੇ ਨੇ ਅਟਕ ਕੇ ਨਹੀਂ ਸੋਚਿਆ ਕਿ ਏਸ ਦਾ ਕਾਰਨ ਜਾਂ ਜੜ੍ਹ ਕੀ ਹੈ? ਜਦੋਂ ਸੱਚੇ ਸਲਾਹਕਾਰ ਨੇ ਤਾੜਨਾ ਕੀਤੀ ਤਾਂ ਦੇਖੋ ਉਸ ਨੂੰ ਸ਼ਰਾਰਤੀ ਆਖਕੇ ਦੋਸ਼ ਲਾਇਆ ਗਿਆ ਤੇ ਉਸਦੇ ਦਾਅਵੇ ਨੂੰ ਠੁਕਰਾ ਦਿੱਤਾ। ਇਹ ਵਤੀਰਾ ਕਿਤਨਾ ਹੈਰਾਨ ਤੇ ਮਤ ਮਾਰ ਦੇਣ ਵਾਲਾ ਹੈ। ਦੋ ਆਦਮੀ ਭੀ ਅਜਿਹੇ ਨਹੀਂ ਮਿਲਦੇ ਜੋ ਬਾਹਰੋਂ ਅੰਦਰੋਂ ਇਕ ਮੁਠ ਹੋਣ। ਸਭ ਥਾਈਂ ਫੁਟ ਤੇ ਵੈਰ ਦੀਆ ਨਿਸ਼ਾਨੀਆਂ ਨਜ਼ਰ ਆਉਂਦੀਆਂ ਹਨ ਭਾਵੇਂ ਸਾਰੇ ਮਨੁੱਖ ਸੁਮੇਲ ਤੇ ਏਕੇ ਵਾਸਤੇ ਸਾਜੇ ਗਏ ਸੀ। ਧਰਮਪੁਰਖ ਨੇ ਕਹਿਆ "ਮੇਰੇ ਪਿਆਰਿਓ, ਏਕਤਾ ਦਾ ਮੰਦਰ ਉਸਾਰਿਆ ਗਿਆਂ ਹੈ ਤੁਸੀਂ ਇਕ ਦੂਜੇ ਨੂੰ ਓਪਰਾ ਨ ਸਮਝੋ। ਤੁਸੀਂ ਇਕੋ ਦਰਖਤ ਦੇ ਫਲ ਤੇ ਇਕੋ ਟਹਿਣੀ ਦੇ ਪੱਤੇ ਹੋ। ਅਸੀਂ ਆਸ ਕਰਦੇ ਹਾਂ ਕਿ ਨਿਆਂ ਦਾ ਚਾਨਣ ਦੁਨੀਆਂ ਨੂੰ ਉੱਜਲ ਕਰੇਗਾ ਤੇ ਇਸਨੂੰ ਜ਼ੁਲਮ ਤੋਂ ਪਾਕ ਕਰੇਗਾ। ਜੇ ਦੁਨੀਆਂ ਦੇ ਹਾਕਮ ਤੇ ਪਾਦਸ਼ਾਹ ਜੋ ਰੱਬ ਦੀ ਸ਼ਕਤੀ ਦੇ ਚਿਨ੍ਹ ਹਨ (ਉਸਦਾ ਸ਼ਾਨ ਉੱਚੀ ਹੋਵੇ) ਉੱਠ ਖੜਨ ਤੇ ਦ੍ਰਿੜ ਇਰਾਦਾ ਕਰਕੇ ਆਪਣੇ ਆਪ ਨੂੰ ਲੋਕਾਂ ਦੀ ਭਲਾਈ ਵਾਸਤੇ ਅਰਪਣ ਕਰ ਦੇਣ ਤਾਂ ਜ਼ਰੂਰ ਹੀ ਨਿਆਂ ਦਾ

ਰਾਜ ਮਨੁੱਖ ਜਾਤੀ 'ਚ ਕਾਇਮ ਹੋ ਜਾਵੇਗਾ ਤੇ ਇਸਦੇ ਚਾਨਣ ਦੀ ਤੇਜ਼ੀ ਦੁਨੀਆਂ ਤੇ ਛਾ ਜਾਵੇਗੀ। ਪਰਮ ਪੁਰਖ ਨੇ ਕਿਹਾ ਹੈ : ਦੁਨੀਆਂ ਦੀ ਸਥਿਰਤਾ ਦਾ ਢਾਂਚਾ ਉਸਾਰਿਆ ਗਿਆ ਹੈ ਤੇ ਇਨਾਮ ਤੇ ਸਜ਼ਾ ਦੇ ਦੋਨੋਂ ਥੰਮ ਇਸ ਨੂੰ ਸਹਾਰੀ ਰੱਖਣਗੇ .. ........ਇਕ ਹੋਰ ਲਿਖਤ ਦੇ ਟੋਟਕੇ 'ਚ ਲਿਖਿਆ ਹੈ : -

"ਹੇ ਦੁਨੀਆਂ ਤੇ ਰਾਜ ਕਰਨ ਵਾਲੇ ਲੋਕਾ ਦੀ ਜਮਾਤ, ਹੋਸ਼ਿਆਰ ! ਦੁਨੀਆਂ ਦੀ ਕੋਈ ਤਾਕਤ ਜਿਤਨ --ਸ਼ਕਤੀ 'ਚ ਇਨਸਾਫ ਤੇ ਸਿਆਣਪ ਦੀ ਬਰਾਬਰੀ ਨਹੀਂ ਕਰ ਸਕਦੀ। ਉਹ ਪਾਦਸ਼ਾਹ ਧਨ ਹੈ ਜੋ ਅਕਲ ਦਾ ਝੰਡਾ ਆਪਣੇ ਅੱਗੇ ਲਹਿਰਾਉਂਦਾ ਹੋਇਆ ਅਗਾਂਹ ਵਧਦਾ ਹੈ ਤੇ ਇਨਸਾਫ ਦੀਆਂ ਪਲਟਨਾਂ ਉਸ ਦੇ ਮਗਰ ਇਕੱਤਰ ਹੁੰਦੀਆਂ ਹਨ। ਉਹ ਸੱਚੀਂ ਇਕ ਗਹਿਣਾ ਹੈ ਜੋ ਸ਼ਾਤੀ ਦਾ ਮੱਥਾ ਤੇ ਸੁਰੱਖਿਆ ਦਾ ਚਿਹਰਾ ਸ਼ਿੰਗਾਰਦਾ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਜੇ ਇਨਸਾਫ ਦਾ ਸੂਰਜ, ਜਿਸ ਦੀ ਰੋਸ਼ਨੀ ਜ਼ੁਲਮ ਦੇ ਬੱਦਲਾਂ ਨੇ ਧੁੰਧਲੀ ਕਰ ਦਿਤੀ ਹੈ, ਆਪਣਾ ਚਾਨਣ ਲੋਕਾਂ ਤੇ ਪਾਵੇ, ਤਾਂ ਦੁਨੀਆਂ ਦੀ ਕਾਇਆ ਪਲਟ ਜਾਵੇਗੀ।"

45. ਹੇ ਈਸਾਈ ਦੁਨੀਆਂ ਦੇ ਪਾਦਸ਼ਾਹੋ ! ਕੀ ਤੁਸੀਂ ਈਸਾ ਦਾ 'ਜੋ ਰੱਬ ਦੀ ਰੂਹ ਸੀ' ਇਹ ਅਖਾਣ ਨਹੀਂ ਸੁਣਿਆ "ਮੈਂ ਜਾਂਦਾ ਹਾਂ ਤੇ ਫੇਰ ਤੁਹਾਡੇ ਕੋਲ ਆਵਾਂਗਾ।" ਫੇਰ ਤੁਸੀਂ ਕਿਉਂ ਖੁੰਝ ਗਏ ਜਦੋਂ ਉਹ ਬਦਲਾਂ 'ਚ ਤੁਹਾਡੇ ਕੋਲ ਆਇਆ ਤੁਹਾਨੂੰ ਆਪਣੇ ਕੋਲ ਬੁਲਾਉਣ ਵਾਸਤੇ ਤਾਂ ਜੋ ਤੁਸੀਂ ਉਸਦਾ ਦਰਸ਼ਨ ਕਰ ਸਕੋ ਤੇ ਉਨ੍ਹਾਂ 'ਚ ਰਲ ਸਕੋ ਜਿਨ੍ਹਾਂ ਨੇ ਉਸਦੀ ਹਜ਼ੂਰੀ ਪਾ ਲਈ ਹੈ। ਇਕ ਹੋਰ ਥਾਂ ਉਸਨੇ (ਈਸਾ) ਨੇ ਆਖਿਆ ਹੈ "ਜਦੋਂ ਉਹ ਸਚਾਈ ਦੀ ਜੀਵਆਤਮਾ ਆ ਗਈ ਤਾਂ ਉਹ ਤੁਹਾਨੂੰ ਸਭ ਨੂੰ ਸਚਾਈ ਦਾ ਰਾਹ ਦਿਖਾਵੇਗੀ।" ਪਰ ਵੇਖੋ ਜਦੋਂ ਉਹ ਸਚਾਈ ਲੈ ਕੇ ਆਇਆ ਤੁਸੀਂ ਆਪਣੇ ਮੂੰਹ ਉਸ ਵਲ ਕਰਨ ਤੋਂ ਇਨਕਾਰੀ ਹੋ ਗਏ ਤੇ ਆਪਣੇ ਮਨ ਪਰਚਾਵੇ ਤੇ ਕਲਪਨਾ 'ਚ ਆਪਣੀ ਦਿਲ ਲਗੀ ਵਾਸਤੇ ਅੜੇ ਰਹੇ। ਤੁਸੀਂ ਉਸਨੂੰ ਜੀ ਆਇਆਂ



ਨਹੀਂ ਆਖਿਆ ਤੇ ਨਾਂ ਹੀ ਉਸ ਦੀ ਹਜ਼ੂਰੀ ਚਾਹੀ ਨਹੀਂ ਤਾਂ ਤੁਸੀਂ ਰੱਬੀ ਬਾਣੀ ਉਸ ਦੇ ਮੂੰਹੋਂ ਸੁਣਦੇ ਤੇ ਉਸ ਸਰਵਸ਼ਕਤੀਮਾਨ, ਮਿਹਰ-ਦਾਤਾ ਤੇ ਪੂਰਨ ਸੂਝ ਬੂਝ ਵਾਲੇ ਦੀ ਬਹੁਭਾਂਤੀ ਸਿਆਣਪ ਅੰਗੀਕਾਰ ਕਰਦੇ। ਅਪਣੀ ਨਾਬਰੀ ਕਾਰਨ ਤੁਸੀਂ ਉਸਦੇ ਸਾਹ ਦੀ ਮਹਿਕ ਆਪਣੇ ਉਦਾਲੇ ਨਹੀਂ ਆਉਣ ਦਿੱਤੀ ਤੇ ਆਪਣੀਆਂ ਰੂਹਾਂ ਨੂੰ ਉਸ ਦੀ ਪਿਆਰੀ ਸੁਗੰਧੀ ਤੋਂ ਵਾਂਝੇ ਰਖਿਆ। ਤੁਸੀਂ ਆਪਣੀਆਂ ਭੈੜੀਆਂ ਖਾਹਿਸ਼ਾਂ ਦੀ ਘਾਟੀ 'ਚ ਭਟਕ ਕੇ ਖੁਸ਼ ਹੋ। ਤੁਸੀਂ ਤੇ ਜੋ ਕੁਝ ਤੁਹਾਡੇ ਪਾਸ ਹੈ ਬੀਤ ਜਾਵੇਗਾ। ਤੁਸੀਂ ਨਿਰਸੰਦੇਹ ਮੁੜ ਰੱਬ ਕੋਲ ਜਾਉਗੇ ਤੇ ਆਪਣੇ ਕਰਮਾਂ ਦਾ ਉਸ ਅੱਗੇ ਜੋ ਸਾਰੀ ਸ੍ਰਿਸ਼ਟੀ ਇਕੱਠੀ ਕਰੇਗਾ, ਲੇਖਾ ਦੇਵੋਗੇ। ਪਰਮ ਪੁਰਖ ਨੇ ਦੁਨੀਆਂ ਦੀ ਸ਼ਾਂਤੀ ਤੇ ਅਮਨ ਦੀਆਂ ਪਹਿਲੀਆਂ ਸ਼ਰਤਾਂ ਨੂੰ ਜਾਹਰ ਕਰਨ ਦੀ ਇਛਾ ਨਾਲ ਨਾਲ ਮਨੁੱਖ ਜਾਤੀ ਦੀ ਉੱਨਤੀ ਵਾਸਤੇ ਇਹ ਲਿਖਿਆ :

46. "ਉਹ ਵੇਲਾ ਆ ਜਾਣਾ ਚਾਹੀਦਾ ਹੈ, ਜਦੋਂ ਇੱਕ ਬੜਾ ਭਾਰੀ ਤੇ ਵਿਸ਼ਾਲ ਸਮੇਲਨ ਬੁਲਾਣ ਦੀ ਅਤਿ ਜ਼ਰੂਰੀ ਲੋੜ ਹਰ ਥਾਂ ਸਮਝੀ ਜਾਵੇ। ਦੁਨੀਆਂ ਦੇ ਹਾਕਮ ਤੇ ਪਾਦਸ਼ਾਹ ਅਵੱਸ਼ ਇਸ 'ਚ ਹਾਜ਼ਰ ਹੋਣ ਤੇ ਸਲਾਹ ਮਸ਼ਵਰੇ 'ਚ ਸ਼ਾਮਲ ਹੁੰਦੇ ਹੋਏ ਇਹੋ ਜਿਹੇ ਤਰੀਕੇ ਤੇ ਵਸੀਲਿਆਂ ਤੇ ਵਿਚਾਰ ਕਰਨ ਜਿਨ੍ਹਾਂ ਨਾਲ ਮਨੁੱਖ ਜਾਤੀ ਦੀ ਮਹਾਨ ਸ਼ਾਂਤੀ ਦੀ ਨੀਂਹ ਰੱਖੀ ਜਾਵੇ। ਇਹੋ ਜਿਹੀ ਸ਼ਾਂਤੀ ਇਹ ਮੰਗਦੀ ਹੈ ਕਿ ਵੱਡੀਆਂ ਤਾਕਤਾਂ, ਦੁਨੀਆਂ ਵਿਚ ਅਮਨ ਕਾਇਮ ਕਰਨ ਵਾਸਤੇ ਇੱਕ ਦੂਜੇ ਨਾਲ ਰਾਜ਼ੀ ਰਹਿਣ ਦਾ ਮਤਾ ਕਰ ਲੈਣ। ਜੇ ਕੋਈ ਪਾਦਸ਼ਾਹ ਦੂਸਰੇ ਦੇ ਖਿਲਾਫ ਹਥਿਆਰ ਚੁਕੇ ਤਾਂ ਸਾਰੇ ਇਕ ਮੁੱਠ ਹੋਕੇ ਉਠ ਖੜ੍ਹਨ ਤੇ ਉਸ ਨੂੰ ਰੋਕ ਦੇਣ। ਜੇ ਇੰਜ ਕੀਤਾ ਜਾਵੇ ਤਾਂ ਦੁਨੀਆਂ ਦੀਆਂ ਕੌਮਾਂ ਨੂੰ ਹਥਿਆਰਾਂ ਦੀ ਲੋੜ ਨਹੀਂ ਪਵੇਗੀ ਸਵਾਏ ਆਪਣੇ ਰਾਜ ਵਿੱਚ ਸੁਰੱਖਿਆ ਕਾਇਮ ਰੱਖਣ ਵਾਸਤੇ ਜਾਂ ਆਪਣੇ ਇਲਾਕਿਆਂ ਵਿਚ ਸ਼ਾਂਤੀ ਬਣਾਈ ਰੱਖਣ ਵਾਸਤੇ। ਇਸ ਤਰ੍ਹਾਂ ਹਰ ਕੌਮ, ਹਰ ਹਕੂਮਤ ਤੇ ਜਨਤਾ ਦੀ ਸ਼ਾਂਤੀ ਤੇ ਧੀਰਜ ਸੁਰੱਖਿਅਤ ਹੋ ਜਾਣਗੇ। ਅਸੀਂ ਪ੍ਰਸਨਤਾ ਪੂਰਵਕ ਆਸ ਕਰਦੇ ਹਾਂ ਕਿ ਦੁਨੀਆਂ ਦੇ ਪਾਦਸ਼ਾਹ

ਤੇ ਹੁਕਮਰਾਨ ਜੋ ਪ੍ਰਮਾਤਮਾਂ ਦੇ ਮਿਹਰਬਾਨ ਤੇ ਸਰਵ ਸ਼ਕਤੀਮਾਨ ਨਾਮ ਦਾ ਅਕਸ ਹਨ, ਇਸ ਅਸਥਾਨ ਨੂੰ ਅਪੜ ਜਾਣ ਤੇ ਮਨੁੱਖ ਜਾਤੀ ਨੂੰ ਜ਼ੁਲਮ ਦੇ ਹੱਲੇ ਤੋਂ ਬਚਾ ਲੈਣ। ਉਹ ਦਿਨ ਨੇੜੇ ਆ ਰਿਹਾ ਹੈ ਜਦੋਂ ਦੁਨੀਆਂ ਦੇ ਸਾਰੇ ਲੋਕ ਇਕ ਸਰਬੰਗੀ ਭਾਸ਼ਾ ਤੇ ਸਾਂਝੀ ਲਿੱਪੀ ਅਪਣਾ ਲੈਣਗੇ। ਜਦੋਂ ਇਹ ਮਨੋਰਥ ਪੂਰਾ ਹੋ ਗਿਆ ਤਾਂ ਜਿੱਥੇ ਭੀ ਕੋਈ ਜਾਵੇਗਾ ਉਸ ਨੂੰ ਇੰਜ ਲਗੇਗਾ ਜਿਵੇਂ ਉਹ ਆਪਣੇ ਘਰ ਜਾ ਰਿਹਾ ਹੋਵੇ। ਇਹ ਚੀਜ਼ਾਂ ਲਾਜ਼ਮੀ ਤੇ ਜ਼ਰੂਰੀ ਹਨ। ਹਰ ਦੂਰ ਅਦੇਸ਼ ਤੇ ਸਿਆਣੇ ਮਨੁੱਖ ਵਾਸਤੇ ਇਹ ਉਚਿਤ ਹੈ ਕਿ ਜੋ ਕੁੱਝ ਲਿਖਤ ਵਿਚ ਆਇਆ ਹੈ ਉਸਨੂੰ ਪ੍ਰਤੱਖ ਹੋਂਦ ਦਾ ਅਮਲੀ ਰੂਪ ਦੇਵੇ। ਵਾਸਤਵ ਵਿਚ ਮਨੁੱਖ ਉਹ ਹੀ ਹੈ ਜੋ ਆਪਣੇ ਆਪ ਨੂੰ ਸਾਰੀ ਮਨੁਖ ਜਾਤੀ ਦੀ ਸੇਵਾ ਵਾਸਤੇ ਅਰਪਣ ਕਰ ਦੇਵੇ। ਪਰਮ ਪੁਰਖ ਨੇ ਕਿਹਾ ਹੈ: ਉਹ ਮਨੁੱਖ ਸੁਭਾਗਾ ਤੇ ਧੰਨ ਹੈ। ਜੋ ਧਰਤੀ ਦੇ ਲੋਕਾਂ ਤੇ ਉਨ੍ਹਾਂ ਦੇ ਭਰਾ ਭਾਈਆਂ ਦਾ ਭਲਾ ਕਰਨ ਵਾਸਤੇ ਉਠ ਖੜਾ ਹੁੰਦਾ ਹੈ। ਇਕ ਹੋਰ ਥਾਂ ਉਸਨੇ ਏਲਾਨ ਕੀਤਾ: ਜੋ ਆਪਣੇ ਹੀ ਦੇਸ਼ ਨੂੰ ਪਿਆਰ ਕਰਦਾ ਹੈ ਉਸ ਨੂੰ ਮਾਣ ਨਹੀਂ ਕਰਨਾ ਚਾਹੀਦਾ। ਸਗੋਂ ਉਸਨੂੰ ਮਾਣ ਕਰਨ ਯੋਗ ਹੈ ਜੋ ਸਾਰੇ ਸੰਸਾਰ ਨੂੰ ਪਿਆਰ ਕਰਦਾ ਹੈ। ਇਹ ਧਰਤੀ ਇਕ ਦੇਸ਼ ਹੈ ਤੇ ਸਾਰੀ ਲੋਕਾਈ ਇਸ ਦੀ ਨਾਗਰਿਕ ਹੈ।

47. ਹੇ! ਧਰਤੀ ਦੇ ਹੁਕਮਰਾਨ ਤੁਸੀਂ ਕਿਉਂ ਸੂਰਜ ਦੀ ਰੋਸ਼ਨੀ ਨੂੰ ਕੱਜਿਆ ਹੋਇਆ ਹੈ ਤੇ ਇਸ ਨੂੰ ਚਮਕਣ ਨਹੀਂ ਦੇਂਦੇ? ਜੋ ਸਲਾਹ ਸਭ ਤੋਂ ਉੱਚੇ ਦੀ ਕਲਮ ਤੁਹਾਨੂੰ ਦੇਂਦੀ ਹੈ ਉਸ ਨੂੰ ਗਹੁ ਨਾਲ ਸੁਣੋ, ਸ਼ਾਇਦ ਤੁਸੀਂ ਤੇ ਗਰੀਬ ਲੋਕ ਦੋਨੋਂ ਅਮਨ ਚੈਨ ਪਾ ਸਕੋ। ਅਸੀਂ ਪ੍ਰਮਾਤਮਾ ਅਗੇ ਨਿਮਰ ਬੇਨਤੀ ਕਰਦੇ ਹਾਂ ਕਿ ਉਹ ਧਰਤੀ ਤੇ ਰਾਜ ਕਰਨ ਵਾਲਿਆਂ ਦਾ ਸ਼ਾਂਤੀ ਸਥਾਪਣ 'ਚ ਸਹਾਈ ਹੋਵੇ। ਉਹ ਜੋ ਚਾਹੇ ਕਰ ਸਕਦਾ ਹੈ।

ਹੇ! ਧਰਤੀ ਦੇ ਪਾਦਸ਼ਾਹੋ ਅਸੀਂ ਦੇਖਦੇ ਹਾਂ ਕਿ ਤੁਸੀਂ ਹਰ ਸਾਲ ਆਪਣੇ ਖਰਚ ਦਾ ਵਾਧਾ ਕਰ ਰਹੇ ਹੋ ਤੇ ਖਰਚਾਂ ਦਾ ਭਾਰ



ਆਪਣੀ ਪਰਜਾ ਤੇ ਪਾ ਰਹੇ ਹੋ। ਸਚ ਮੁਚ ਇਹ ਸਾਰਾ ਸਮੁੱਚੇ ਤੌਰ ਤੇ ਅਨਿਆਏ ਹੈ। ਇਸ ਦੁਖੀਆ ਦੇ ਹੌਕਿਆਂ ਤੇ ਹੰਝੂਆਂ ਤੋਂ ਡਰੋ ਤੇ ਆਪਣੀ ਪਰਜਾ ਤੇ ਬਹੁਤ ਭਾਰ ਨਾ ਪਾਓ। ਆਪਣੇ ਵਾਸਤੇ ਮਹਿਲ ਉਸਾਰਨ ਲਈ ਉਨ੍ਹਾਂ ਨੂੰ ਨਾ ਲੁੱਟੋ ਬਲਕਿ ਉਨ੍ਹਾਂ ਵਾਸਤੇ ਓਹੀ ਪਸੰਦ ਕਰੋ ਜੋ ਆਪਣੇ ਵਾਸਤੇ ਕਰਦੇ ਹੋ। ਸੋ ਇਸ ਪ੍ਰਕਾਰ ਅਸੀਂ ਤੁਹਾਨੂੰ ਦਿਖਾਉਂਦੇ ਹਾਂ, ਜੋ ਤੁਹਾਨੂੰ ਲਾਭਦਾਇਕ ਹੈ—ਜੇ ਤੁਸੀਂ ਦੇਖੋ। ਤੁਹਾਡੀ ਪਰਜਾ ਤੁਹਾਡੇ ਖਜ਼ਾਨੇ ਹਨ। ਖਬਰਦਾਰ: ਕਿਤੇ ਤੁਹਾਡੀ ਹਕੂਮਤ ਰੱਬੀ ਹੁਕਮਾਂ ਦੀ ਉਲੰਘਣਾ ਕਰੇ ਤੇ ਤੁਹਾਡੀ ਸੰਭਾਲ ਵਿਚ ਦਿੱਤੇ ਲੋਕਾਂ ਨੂੰ ਤੁਸੀਂ ਡਾਕੂਆਂ ਦੇ ਹਵਾਲੇ ਕਰ ਦੇਵੋ। ਉਨ੍ਹਾਂ ਕਰਕੇ ਹੀ ਤੁਸੀਂ ਹਕੂਮਤ ਕਰਦੇ ਹੋ, ਉਨ੍ਹਾ ਦੇ ਕਾਰਨ ਤੁਸੀਂ ਜੀਂਦੇ ਹੋ ਤੇ ਉਨ੍ਹਾਂ ਦੀ ਮੱਦਦ ਨਾਲ ਤੁਸੀਂ ਫਤਿਹ ਪਾਉਂਦੇ ਹੋ, ਫੇਰ ਭੀ ਤੁਸੀਂ ਉਨ੍ਹਾਂ ਨੂੰ ਬੜੀ ਘਿਰਣਾ ਨਾਲ ਦੇਖਦੇ ਹੋ। ਇਹ ਹੈਰਾਨੀ ਦੀ ਗੱਲ ਹੈ ਬਹੁਤ ਹੈਰਾਨੀ ਦੀ।

ਤੁਸੀਂ ਇਕ ਮਹਾਨ ਸ਼ਾਂਤੀ ਨੂੰ ਅਸਵੀਕਾਰ ਕਰ ਦਿਤਾ ਹੈ ਹੁਣ ਤੁਸੀਂ ਇਸ ਥੋੜੀ ਸ਼ਾਂਤੀ ਨੂੰ ਹੱਥੋਂ ਨਾ ਗੁਆਓ ਸ਼ਾਇਦ ਤੁਸੀਂ ਕਿਸੇ ਹੱਦ ਤਕ ਆਪਣੀ ਤੇ ਆਪਣੇ ਅਧੀਨ ਬੰਦਿਆਂ ਦੀ ਹਾਲਤ ਸੁਧਾਰ ਸਕੋ।

ਹੇ ਧਰਤੀ ਦੇ ਹੁਕਮਰਾਨੋ! ਤੁਸੀਂ ਇੱਕ ਦੂਜੇ ਨਾਲ ਰਾਜ਼ੀ ਰਹੋ ਤਾਂ ਜੋ ਤੁਹਾਨੂੰ ਉਨੇ ਹੀ ਹਥਿਆਰਾਂ ਦੀ ਲੋੜ ਪਵੇ ਜਿਨੇ ਤੁਹਾਡੇ ਇਲਾਕੇ ਤੇ ਰਾਜ ਦੀ ਸੁਰੱਖਿਆ ਵਾਸਤੇ ਲੋੜੀਂਦੇ ਹੋਣ। ਖਬਰਦਾਰ ਮਤੇ ਤੁਸੀਂ ਜਾਣੀ ਜਾਣ ਤੇ ਸਿਦਕਵਾਨ ਦੀ ਸਲਾਹ ਠੁਕਰਾ ਦੇਵੋਂ।

ਹੇ ਧਰਤੀ ਦੇ ਪਾਦਸ਼ਾਹੋ! ਏਕਤਾ ਕਰ ਲਵੋ ਇਸ ਤਰ੍ਹਾਂ ਤੁਹਾਡੇ ਦਰਮਿਆਨ ਜੋ ਫੁਟ ਦਾ ਤੂਫਾਨ ਹੈ ਸ਼ਾਂਤ ਹੋ ਜਾਵੇਗਾ ਤੇ ਤੁਹਾਡੀ ਪਰਜਾ ਨੂੰ ਚੈਨ ਮਿਲੇਗੀ, ਜੇ ਤੁਸੀਂ ਸਮਝਦਾਰਾਂ ਵਿਚੋਂ ਹੋ ਤਾਂ ਸਮਝ ਲਵੋ। ਜੇ ਤੁਹਾਡੇ ਵਿਚੋਂ ਕੋਈ ਦੂਸਰੇ ਦੇ ਖਿਲਾਫ ਹਥਿਆਰ ਚੁੱਕੇ ਤਾਂ ਤੁਸੀਂ ਸਾਰੇ ਉਸਦੇ ਖਿਲਾਫ ਖੜ੍ਹੇ ਹੋ ਜਾਵੋ, ਇਹ ਪ੍ਰਤਖ

ਨਿਆਏ ਹੈ।

48. ਹੇ ਹਰ ਦੇਸ਼ ਦੀ ਜਨਤਾ ਦੇ ਚੁਣੇ ਹੋਏ ਨਮਾਇੰਦਿਓ : ਜੇ ਤੁਸੀਂ ਸਾਵਧਾਨੀ ਨਾਲ ਗੌਰ ਕਰਨ ਵਾਲਿਆਂ ਵਿਚੋਂ ਹੋ ਤਾਂ ਰਲ ਕੇ ਸਲਾਹ ਮਸ਼ਵਰਾ ਕਰੋ ਤੇ ਤੁਹਾਡਾ ਵਾਸਤਾ ਉਸ ਗੱਲ ਨਾਲ ਹੋਣਾ ਚਾਹੀਦਾ ਹੈ ਜੋ ਜਨਤਾ ਵਾਸਤੇ ਲਾਭਦਾਇਕ ਹੋਵੇ ਤੇ ਲੋਕਾਂ ਦੀ ਹਾਲਤ ਵਿਚ ਸੁਧਾਰ ਲਿਆਵੇ। ਦੁਨੀਆਂ ਨੂੰ ਮਨੁੱਖੀ ਸਰੀਰ ਵਾਂਗ ਸਮਝੋ ਜੋ ਪੈਦਾ ਹੋਣ ਸਮੇਂ ਬਗੈਰ ਨੁਕਸ ਤੇ ਬੇ ਐਬ ਸੀ ਪਰ ਕਈ ਕਾਰਨਾਂ ਕਰਕੇ ਇਹ ਬੜੀਆਂ ਖਰਾਬੀਆਂ ਤੇ ਬੀਮਾਰੀਆਂ ਦਾ ਸ਼ਿਕਾਰ ਹੋ ਗਿਆ ਹੈ। ਇਸ ਨੂੰ ਇਕ ਦਿਨ ਵੀ ਅਰਾਮ ਨਹੀਂ ਮਿਲਿਆ। ਸਗੋਂ ਇਸਦੀ ਬੀਮਾਰੀ ਵੱਧਦੀ ਗਈ ਜਦੋਂ ਇਹ ਬੇਸਮਝ ਡਾਕਟਰਾਂ ਦੇ ਇਲਾਜ਼ ਹੇਠ ਆਇਆ ਜਿਨ੍ਹਾਂ ਨੇ ਆਪਣੀਆਂ ਜਾਤੀ ਖਾਹਿਸ਼ਾਂ ਦੀ ਬਾਗਡੋਰ ਢਿਲੀ ਛੱਡ ਦਿੱਤੀ ਤੇ ਭਾਰੀ ਗਲਤੀ ਕੀਤੀ। ਅਤੇ ਜੇ ਕਿਸੇ ਸਮੇਂ ਕਿਸੇ ਲਾਇਕ ਡਾਕਟਰ ਦੇ ਗਹੁ ਕਰਨ ਨਾਲ ਸ਼ਰੀਰ ਦਾ ਇੱਕ ਅੰਗ ਰਾਜ਼ੀ ਹੋ ਗਿਆ ਤਾਂ ਦੂਜੇ ਅੰਗ ਉਸੇ ਤਰ੍ਹਾਂ ਬੀਮਾਰ ਰਹੇ। ਇੰਜ ਤੁਹਾਨੂੰ ਦਸਦਾ ਹੈ ਜੋ ਜਾਣੀ ਜਾਣ ਤੇ ਪੂਰਨ ਬੁੱਧੀਮਾਨ ਹੈ।

ਅਸੀਂ ਵੇਖਦੇ ਹਾਂ ਕਿ ਅੱਜ ਦੁਨੀਆਂ ਉਨ੍ਹਾਂ ਹੁਕਮਰਾਨਾਂ ਦੇ ਰਹਿਮ ਤੇ ਹੈ ਜੋ ਅਪਣੇ ਹੰਕਾਰ ਦੇ ਨਸ਼ੇ ਵਿਚ ਏਨੇ ਮਸਤ ਹਨ ਕਿ ਉਹ ਇਹ ਭੀ ਨਹੀਂ ਦੇਖ ਸਕਦੇ ਕਿ ਉਨ੍ਹਾਂ ਦਾ ਲਾਭ ਕਿਸ ਚੀਜ ਵਿਚ ਹੈ। ਇਸ ਹੋਸ਼ ਗੁਆਊ ਤੇ ਵੰਗਾਰ ਦੇਣ ਵਾਲੇ ਇਲਹਾਮ ਦੀ ਪਹਿਚਾਣ ਤਾਂ ਦੂਰ ਰਹੀ। ਜਦੋਂ ਉਨ੍ਹਾਂ ਚੋਂ ਕੋਈ ਇਸ ਦੀ ਹਾਲਤ ਸੁਧਾਰਨ ਵਾਸਤੇ ਵਾਹ ਲਾਂਦਾ ਹੈ ਭਾਵੇਂ ਉਸ ਦੀ ਨੀਤ 'ਚ ਆਪਣਾ ਲਾਭ ਹੁੰਦਾ ਭਾਵੇਂ ਉਹ ਮੰਨੇ ਚਾਹੇ ਨਾ ਮੰਨੇ। ਤੇ ਆਪਣੇ ਨਖਿੱਧ ਮੰਤਵ ਕਾਰਨ ਉਸਦੀ ਰਾਜ਼ੀ ਕਰਨ ਦੀ ਸ਼ਕਤੀ ਬਹੁਤ ਘਟ ਜਾਂਦੀ ਹੈ।

ਮਾਲਕ ਨੇ ਇਹ ਭਾਗਾਂ 'ਚ ਲਿਖਿਆ ਹੈ ਕਿ ਸਾਰੀ ਦੁਨੀਆਂ ਦੀਆਂ ਤਕਲੀਫਾਂ ਦੂਰ ਕਰਨ ਵਾਸਤੇ ਸਭ ਤੋਂ ਉੱਤਮ ਦਾਰੂ ਤੇ ਜ਼ਬਰਦਸਤ ਵਸੀਲਾ ਏਹੀ ਹੈ ਕਿ ਦੁਨੀਆਂ ਭਰ ਦੀ ਜਨਤਾ ਦਾ ਇਕ



ਸੰਗ, ਇਕ ਮਨੋਰਥ ਤੇ ਇਕ ਧਰਮ ਹੋਵੇ। ਪਰ ਇਹ ਕਦੀ ਭੀ ਪ੍ਰਾਪਤ ਨਹੀਂ ਹੋ ਸਕਦਾ ਬਿਨਾਂ ਇਕ ਅਜਿਹੇ ਡਾਕਟਰ ਦੀ ਜਾਂਚ-ਸ਼ਕਤੀ ਦੇ ਜੋ ਸਰਵ-ਸ਼ਕਤੀਮਾਨ ਹੋਵੇ ਤੇ ਈਸ਼ਵਰੀ ਪ੍ਰੇਰਨਾ ਰੱਖਦਾ ਹੋਵੇ। ਵਾਸਤਵ ਵਿੱਚ ਸੱਚ ਇਹੋ ਹੀ ਹੈ ਬਾਕੀ ਸਭ ਭੁਲ ਭੁਲੇਖਾ ਹੈ।

49. ਉਹ ਮੇਰੇ ਭਰਾ ! ਜਦੋਂ ਕੋਈ ਭਲਾ ਕਰਨ ਵਾਲਾ ਉਸ ਰਸਤੇ ਦੀ ਭਾਲ ਕਰਨ ਦੀ ਪੱਕੀ ਧਾਰ ਲਵੇ ਜੋ ਬ੍ਰਹਮਗਿਆਨ ਨੂੰ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਉਸਨੂੰ ਆਪਣੇ ਮਨ ਨੂੰ ਜੰਮੀ ਹੋਈ ਸਿਖੀ—ਵਿਦਿਆ ਦੀ ਮੈਲ, ਤੇ ਦੁਸ਼ਟ ਭਾਵੀ ਖਿਆਲਾਂ ਦੀ ਖਿੱਚ ਤੋਂ ਪਾਕ ਕਰਨਾ ਚਾਹੀਦਾ ਹੈ। ਕਿਉਂ ਜੋ ਮਨ ਉਹ ਅਸਥਾਨ ਹੈ ਜਿਥੇ ਰੱਬ ਦੇ ਭੇਦਾਂ ਦਾ ਪ੍ਰਕਾਸ਼ ਹੁੰਦਾ ਹੈ। ਅਪਣੀ ਹਿਕ ਨੂੰ ਹਰ ਪਲੀਤੀ ਤੋਂ ਸਾਫ ਕਰੋ ਕਿਉਂ ਜੋ ਇਹ ਪਿਆਰੇ ਦੇ ਪਿਆਰ ਦਾ ਮੰਦਰ ਹੈ। ਆਪਣੀ ਰੂਹ ਨੂੰ ਸ਼ਰੀਰਕ ਕਮਜ਼ੋਰੀਆਂ ਡੇ ਬਾਵਜੂਦ ਥੋੜ-ਚਿਰੀ ਮੋਹ ਤੇ ਲਗਨਾਂ ਤੋਂ ਪਾਕ ਕਰੋ। ਮਨ ਇਤਨਾਂ ਸਾਫ ਕਰਨਾ ਚਾਹੀਦਾ ਹੈ ਕਿ ਮੋਹ ਜਾਂ ਘਿਰਨਾਂ ਦਾ ਕੋਈ ਨਿਸ਼ਾਨ ਬਾਕੀ ਨਾ ਰਹਿ ਜਾਵੇ ਤਾਂ ਜੋ ਇਹ ਮੋਹ ਅੰਨ੍ਹੇ-ਵਾਹ ਉਸਨੂੰ ਗਲਤੀ ਵਲ ਨਾ ਲੈ ਜਾਵੇ ਯਾ ਇਹ ਘਿਰਨਾਂ ਉਸਨੂੰ ਸਚਾਈ ਤੋਂ ਪਰ੍ਹਾਂ ਨਾ ਲੈ ਜਾਵੇ। ਤੂੰ ਅੱਜ ਭੀ ਦੇਖਦਾ ਹੋਵੇਗਾ ਕਿ ਬਹੁਤ ਸਾਰੇ ਮਨੁੱਖ ਇਸ ਮੋਹ ਤੇ ਘਿਰਣਾਂ ਕਾਰਨ ਉਸ ਅਕਾਲ ਪੁਰਖ ਤੋਂ ਵਿਛੜੇ ਹਨ, ਤੇ ਰੱਬੀ ਭੇਦਾਂ ਦੇ ਰੂਪ ਤੋਂ ਦੂਰ ਹੋ ਗਏ ਹਨ ਤੇ ਗੁਰੂ ਤੋਂ ਬਗੈਰ ਭੁੱਲਾਂ ਤੇ ਗਲਤੀਆਂ ਦੇ ਉਜਾੜ ਧਰਤੀ ਤੇ ਭੌਂਦੇ ਫਿਰਦੇ ਹਨ।

ਭਾਲਣ ਵਾਲੇ ਨੂੰ ਹਮੇਸ਼ਾ ਰੱਬ ਤੇ ਭਰੋਸਾ ਕਰਨਾ ਚਾਹੀਦਾ ਹੈ, ਦੁਨੀਆਂ ਦੇ ਲੋਕਾਂ ਨਾਲੋਂ ਸਬੰਧ ਤੋੜ ਲੈਣਾ ਚਾਹੀਦਾ ਹੈ ਤੇ ਇਸ ਮਿੱਟੀ ਦੀ ਦੁਨੀਆਂ ਤੋਂ ਨਿਰਲੇਪ ਹੋ ਜਾਣਾ ਚਾਹੀਦਾ ਹੈ ਤੇ ਉਸ ਨਾਲ ਜੁੜ ਜਾਣਾ ਚਾਹੀਦਾ ਹੈ। ਜੋ ਸਭਦਾ ਮਾਲਕ ਹੈ। ਉਸਨੂੰ ਕਦੇ ਭੀ ਕਿਸੇ ਤੋਂ ਉੱਚਾ ਹੋਣ ਦੀ ਚਾਹਨਾਂ ਨਹੀਂ ਕਰਨੀ ਚਾਹੀਦੀ ਤੇ ਆਪਣੇ ਮਨ ਦੀ ਪੱਟੀ ਤੋਂ ਹੰਕਾਰ ਤੇ ਝੂਠੀ ਸ਼ਾਨ ਦੇ ਨਸ਼ਾਨ ਧੋ ਦੇਣੇ ਚਾਹੀਦੇ ਹਨ। ਅਤੇ ਧੀਰਜ਼ ਤੇ ਰਜ਼ਾ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ। ਨਾਲੇ ਉਸ

ਨੂੰ ਚੁਪ ਰਹਿਣਾ ਚਾਹੀਦਾ ਹੈ। ਤੇ ਫਜ਼ੂਲ ਗਲ ਨਹੀਂ ਕਰਨੀ ਚਾਹੀਦੀ ਜ਼ਬਾਨ ਧੁਖਦੀ ਅੱਗ ਹੈ ਤੇ ਬਾਹਲਾ ਬੋਲਣਾ ਘਾਤਕ ਜ਼ਹਿਰ ਹੈ। ਅੱਗ ਤਾਂ ਸਿਰਫ ਸਰੀਰ ਨੂੰ ਹੀ ਜਾਲਦੀ ਹੈ। ਪਰ ਜ਼ਬਾਨ ਦੀ ਅੱਗ ਮਨ ਤੇ ਰੂਹ ਦੋਹਾਂ ਨੂੰ ਫੂਕ ਦੇਂਦੀ ਹੈ।— ਪਹਿਲੀ ਅੱਗ ਦੀ ਤੇਜ਼ੀ ਤਾਂ ਕੁੱਝ ਸਮੇਂ ਤੱਕ ਹੀ ਰਹਿੰਦੀ ਹੈ ਪਰ ਦੂਜੀ ਅੱਗ ਦਾ ਅਸਰ ਸੌ ਸਾਲ ਤਕ ਨਹੀਂ ਜਾਂਦਾ।

ਭਾਲ ਕਰਨ ਵਾਲੇ ਨੂੰ ਚਾਹੀਦਾ ਹੈ ਕਿ ਨਿੰਦਿਆ ਕਰਨ ਨੂੰ ਇਕ ਸਖਤ ਗਲਤੀ ਸਮਝੇ ਤੇ ਨਿੰਦਿਆ ਤੋਂ ਦੂਰ ਰਹੇ ਕਿਉਂ ਜੋ ਨਿੰਦਿਆ ਮਨ ਦੇ ਉਜਾਲੇ ਨੂੰ ਮਿਟਾ ਦੇਂਦੀ ਹੈ ਤੇ ਰੂਹ ਦੀ ਜਾਨ ਮਾਰ ਦੇਂਦੀ ਹੈ। ਉਸਨੂੰ ਥੋੜੇ ਤੇ ਸਬਰ ਕਰਨਾ ਚਾਹੀਦਾ ਹੈ ਤੇ ਵਾਧੂ ਕਾਮਨਾ ਤੋਂ ਰਹਿਤ ਹੋਣਾ ਚਾਹੀਦਾ ਹੈ। ਉਹ ਉਨ੍ਹਾਂ ਦੀ ਸੰਗਤ ਦੀ ਕਦਰ ਕਰੇ ਜਿਨ੍ਹਾਂ ਨੇ ਦੁਨੀਆਂ ਤਿਆਗ ਦਿੱਤੀ ਹੈ। ਤੇ ਸ਼ੇਖੀਖੋਰੇ ਤੇ ਦੁਨੀਦਾਰ ਲੋਕਾਂ ਤੋਂ ਪਰ੍ਹੇ ਰਹਿਣ ਨੂੰ ਇਕ ਅਮੁੱਲ ਲਾਭ ਸਮਝੇ। ਅਮ੍ਰਿਤ ਵੇਲੇ ਉਠਕੇ ਰੱਬ ਵਲ ਧਿਆਨ ਜੋੜੇ ਤੇ ਇਕ ਮਨ ਹੋਕੇ ਪਿਆਰੇ ਦੀ ਭਾਲ 'ਚ ਲਗਿਆ ਰਹੇ। ਹਰ ਭੈੜੇ ਖਿਆਲ ਨੂੰ ਉਸਦੇ ਨਾਮ ਦੀ ਅੱਗ ਵਿੱਚ ਸਾੜ ਦੇਵੇ ਤੇ ਬਿਜਲੀ ਵਾਂਗ ਤੇਜ਼ੀ ਨਾਲ ਸਭ ਕਾਸੇ ਨੂੰ ਲਾਂਭੇ ਛੱਡ ਕੇ ਰੱਬ ਨਾਲ ਜੁੜਿਆ ਰਹੇ। ਜਿਨ੍ਹਾਂ ਤੋਂ ਮਾਲ ਖੋਹ ਲਿਆ ਗਿਆ ਹੈ ਉਨ੍ਹਾਂ ਦੀ ਮੱਦਦ ਕਰੋ ਤੇ ਮੁਥਾਜਾਂ ਤੇ ਦਯਾ ਕਰਨ ਤੋਂ ਕਦੇ ਨਾ ਚੁੱਕੇ। ਜਾਨਵਰਾਂ ਤੇ ਤਰਸ ਖਾਣਾ ਚਾਹੀਦਾ ਹੈ ਪਰ ਮਨੁੱਖ ਤੇ ਉਸ ਤੋਂ ਭੀ ਜ਼ਿਆਦਾ ਕਿਉਂ ਜੋ ਉਹ ਬੋਲਣ ਸ਼ਕਤੀ ਨਾਲ ਨਵਾਜਿਆ ਗਿਆ ਹੈ। ਪਿਆਰੇ ਰੱਬ ਵਾਸਤੇ ਆਪਣੀ ਜਾਨ ਦੇਣ 'ਚ ਭੀ ਸੰਕੋਚ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਲੋਕਾਂ ਦੀ ਮਲਾਮਤ ਤੋਂ ਡਰ ਕੇ ਸੱਚਿ ਛੋਡਣਾ ਚਾਹੀਦਾ ਹੈ। ਦੂਸਰਿਆ ਵਾਸਤੇ ਉਸਨੂੰ ਉਹ ਨਹੀਂ ਚਾਹਣਾ ਚਾਹੀਦਾ ਜੋ ਆਪਣੇ ਵਾਸਤੇ ਨਾ ਚਾਹਵੇ, ਤੇ ਨਾ ਹੀ ਅਜਿਹਾ ਬਚਨ ਦੇਵੇ ਜਿਸ ਦੀ ਪਾਲਣਾ ਨਾ ਕਰ ਸਕੇ। ਆਪਣੇ ਦਿਲੋਂ



ਬਦਕਾਰਾਂ ਦੀ ਸੰਗਤ ਤੋਂ ਬਚੋ ਤੇ ਉਨ੍ਹਾਂ ਦੇ ਗੁਨਾਹਾਂ ਦੀ ਮਾਫੀ ਵਾਸਤੇ ਪ੍ਰਾਰਥਨਾ ਕਰੋ। ਗੁਨਾਹਗਾਰ ਨੂੰ ਬਖਸ਼ ਦਵੋ ਤੇ ਉਨ੍ਹਾਂ ਦੀ ਨੀਚ ਹਾਲਤ ਤੇ ਘਿਰਨਾਂ ਨਾ ਕਰੋ ਕਿਉਂ ਜੋ ਕਿਸੇ ਨੂੰ ਭੀ ਇਹ ਖਬਰ ਨਹੀਂ ਹੁੰਦੀ ਕਿ ਉਸਦਾ ਅਪਣਾ ਅੰਤ ਕਿਹੋ ਜਿਹਾ ਹੋਵੇਗਾ, ਕਈ ਵਾਰੀ ਏਹ ਹੋਇਆ ਹੈ ਕਿ ਗੁਨਾਹਗਾਰ ਮਰਦੇ ਸਮੇਂ ਧਰਮ ਦੇ ਤੱਤ ਨੂੰ ਪਹੁੰਚ ਗਿਆ ਤੇ ਅਮ੍ਰਿਤ ਦਾ ਘੁਟ ਪੀਕੇ ਸਵਰਗ ਦੀ ਭੀੜ ਵਿਚ ਉਡਾਰੀ ਮਾਰਕੇ ਰਲ ਗਿਆ। ਅਤੇ ਕਿੰਨੀ ਵਾਰੀ ਮਰਦੇ ਵੇਲੇ ਇਕ ਪੱਕਾ ਸ਼ਰਧਾਲੂ ਏਨਾ ਬਦਲ ਗਿਆ ਕਿ ਦੋਜ਼ਖ ਦੀ ਅੱਗ 'ਚ ਜਾ ਡਿੱਗਾ। ਏਨ੍ਹਾਂ ਪ੍ਰੇਰਨਾਇਕ ਤੇ ਪ੍ਰਭਾਵਸ਼ਾਲੀ ਬੋਲ ਉਚਾਰਨ 'ਚ ਸਾਡਾ ਮੰਤਵ ਭਾਲਣ ਵਾਲੇ ਦੇ ਮਨ ਤੇ ਇਹ ਅਸਰ ਪਾਉਣਾ ਹੈ ਕਿ ਉਹ ਸਵਾਏ ਰੱਬ ਦੇ ਜੋ ਭਗਤੀ ਦਾ ਮੁੱਖ ਮੰਤਵ ਹੈ ਬਾਕੀ ਸਭ ਕੁਝ ਚਲਣਹਾਰ ਤੇ ਵਿਅਰਥ ਸਮਝੇ।

50. ਆਪਣੇ ਨਾਲ ਤੇ ਦੂਜਿਆਂ ਨਾਲ ਨੇਕੀ ਕਰੋ ਤਾਂ ਜੋ ਤੁਹਾਡੇ ਅਮਲਾਂ ਵਿਚੋਂ ਨਿਆਏ ਦਾ ਸਬੂਤ ਮਿਲੇ ਜੋ ਸਾਡੇ ਸ਼ਰਧਾਲੂ ਸੇਵਕਾਂ ਨੂੰ ਪ੍ਰਤੱਖ ਦਿਸੇ। ਖਬਰਦਾਰ ਕਿਤੇ ਤੁਸੀਂ ਆਪਣੇ ਗੁਆਂਢੀ ਦੇ ਮਾਲ ਤੇ ਛਾਪਾ ਮਾਰੋ। ਅਪਣੇ ਆਪਨੂੰ ਉਸ ਦੇ ਭਰੋਸੇ ਤੇ ਯਕੀਨ ਦੇ ਲਾਇਕ ਬਣਾਓ ਤੇ ਗਰੀਬਾਂ ਤੋਂ ਉਹ ਦਾਤਾਂ ਜੋ ਰੱਬ ਦੀ ਮਿਹਰ ਦੁਆਰਾ ਤੁਹਾਨੂੰ ਬਖਸ਼ੀਆਂ ਗਈਆਂ ਹਨ, ਬਚਾ ਕੇ ਨਾ ਰੱਖੋ। ਉਹ ਜਰੂਰ ਹੀ ਦਾਨੀ ਬੰਦਿਆਂ ਨੂੰ ਭਲਾ ਬਦਲਾ ਦੇਵੇਗਾ ਤੇ ਜੋ ਉਨ੍ਹਾਂ ਨੇ ਦਾਨ 'ਚ ਦਿੱਤਾ ਉਸ ਤੋਂ ਦੁਗਨਾਂ ਉਨ੍ਹਾਂ ਨੂੰ ਦੇਵੇਗਾ। ਸਵਾਏ ਉਸ ਤੋਂ ਹੋਰ ਕੋਈ ਰੱਬ ਨਹੀਂ। ਸਾਰੀ ਸ੍ਰਿਸ਼ਟੀ ਤੇ ਸਾਮਰਾਜ ਉਸਦੇ ਹਨ। ਉਹ ਜਿਸ ਨੂੰ ਚਾਹੇ ਆਪਣੀਆਂ ਦਾਤਾਂ ਬਖਸ਼ੇ ਤੇ ਜਿਸ ਨੂੰ ਚਾਹੇ ਵਾਂਝਾ ਰੱਖੇ।

ਉਹੀ ਮਹਾਨ ਦਾਤਾ ਹੈ, ਮਹਾਨ ਖੁੱਲ੍ਹ-ਦਿਲਾ ਤੇ ਦਿਆਲੂ।

ਹੇ ਬਹਾਈਓ! ਰੱਬ ਦੇ ਪੱਖ ਬਾਰੇ ਲੋਕਾਂ ਨੂੰ ਸਿੱਖਿਆ ਦਵੋ ਕਿਉਂ ਜੋ ਉਸਨੇ ਹਰੇਕ ਵਾਸਤੇ ਇਹ ਸੇਵਾ ਮੁਕੱਰਰ ਕੀਤੀ ਹੈ ਕਿ ਉਸ ਦੇ ਸੰਦੇਸ਼ ਦਾ ਢੰਡੋਰਾ ਦੇਵੋ ਤੇ ਇਸ ਕੰਮ ਨੂੰ ਸਾਰੇ ਕੰਮਾਂ ਤੋਂ ਵੱਧ

ਸ਼ਲਾਘਾਯੋਗ ਗਿਣਿਆ ਹੈ। ਅਜੇਹੀ ਸੇਵਾ ਤੱਦ ਹੀ ਮਨਜ਼ੂਰ ਕੀਤੀ ਜਾ ਸਕਦੀ ਹੈ ਜਦ ਸਿਖਿਆ ਦੇਣ ਵਾਲਾ ਪਹਿਲਾਂ ਆਪ ਰੱਬ ਦਾ ਪੱਕਾ ਸ਼ਰਧਾਲੂ ਹੋਵੇ ਜੋ ਰੱਬ ਕਿ ਮਹਾਨ ਰਾਖਾ, ਮਿਹਰਬਾਨ ਤੇ ਸਰਵਸ਼ਕਤੀ ਮਾਨ ਹੈ। ਨਾਲੇ ਰੱਬ ਦਾ ਇਹ ਹੁਕਮ ਹੈ ਕਿ ਉਸਦੇ ਪੱਖ ਦੀ ਸਿਖ-ਲਾਈ ਉਪਦੇਸ਼ ਰਾਹੀਂ ਕੀਤੀ ਜਾਵੇ ਨਾ ਕਿ ਧੀਂਗਾ ਜ਼ੋਰੀ ਨਾਲ। ਇਸ ਪ੍ਰਕਾਰ ਉਸਦਾ ਹੁਕਮ ਉਸਦੇ ਦਰਬਾਰ 'ਚੋਂ ਭੇਜਿਆ ਗਿਆ ਹੈ ਜੋ ਸਭ ਤੋਂ ਉੱਚਾ ਤੇ ਸਿਆਣਾ ਹੈ। ਖਬਰਦਾਰ ! ਜੇ ਤੁਸੀਂ ਕਿਸੇ ਨਾਲ ਲੜੋ ਝਗੜੋ, ਉਸ ਨੂੰ ਸਚਾਈ ਤੋਂ ਜਾਣੂੰ ਕਰਾਉਣ ਵਾਸਤੇ ਨਰਮਾਈ ਤੇ ਦਲੀਲ ਰਾਹੀਂ ਯਤਨ ਕਰੋ। ਜੇ ਤੁਹਾਡਾ ਸਰੋਤਾ ਹੁੰਗਾਰਾ ਭਰੇ ਤਾਂ ਉਹ ਆਪਣੇ ਲਾਭ ਵਾਸਤੇ ਅਜਿਹਾ ਕਰੇਗਾ ਜੇ ਨਾ ਸੁਣੇ ਮੰਨੇ, ਤਾਂ ਉਸ ਕੋਲੋਂ ਪਰਤ ਆਵੋ ਤੇ ਆਪਣਾ ਮੂੰਹ ਰੱਬ ਦੇ ਦਰਬਾਰ ਵਲ ਕਰੋ ਜੋ ਪਵਿੱਤਰਤਾ ਦਾ ਨੂਰਾਨੀ ਅਸਥਾਨ ਹੈ।

ਏਸ ਦੁਨੀਆਂ ਦੀਆਂ ਚੀਜਾਂ ਤੇ ਮਾਮਲਿਆਂ ਵਾਸਤੇ ਕਿਸੇ ਨਾਲ ਨਾਂ ਝਗੜੋ ਕਿਉਂ ਜੋ ਇਹ ਚੀਜਾਂ ਰੱਬ ਨੇ ਉਨ੍ਹਾਂ ਤੇ ਛੱਡ ਦਿੱਤੀਆਂ ਹਨ ਜਿਨ੍ਹਾਂ ਨੂੰ ਏਨ੍ਹਾਂ ਨਾਲ ਪਿਆਰ ਹੈ। ਸਾਰੀ ਦੁਨੀਆਂ ਵਿਚੋਂ ਉਸ ਨੇ ਆਪਣੇ ਵਾਸਤੇ ਮਨੁੱਖਾਂ ਦੇ ਦਿਲ ਛਾਂਟੇ ਹਨ—ਦਿਲ ਜੋ ਇਲਹਾਮਾਂ ਦੀ ਫੌਜ ਤੇ ਉਪਦੇਸ਼ਾਂ ਰਾਹੀਂ ਜਿੱਤੇ ਜਾਣ। ਇਸ ਪ੍ਰਕਾਰ ਬਹਾ ਦੀਆਂ ਉਂਗਲਾਂ ਨੇ ਰੱਬ ਦੇ ਅਟੱਲ ਹੁਕਮ ਨੂੰ ਪੱਟੀ ਤੇ ਲਿਖ ਦਿੱਤਾ ਹੈ ਉਸ ਦੀ ਆਗਿਆ ਨਾਲ ਜੋ ਪਰਮ ਉੱਚਾ ਤੇ ਮਹਾਨ ਸਿਆਣਾ ਹਾਕਮ ਹੈ।

51. ਖੁਸ਼ਹਾਲੀ 'ਚ ਉਪਕਾਰੀ ਬਣੋ ਤੇ ਗਰੀਬੀ 'ਚ ਸ਼ੁਕਰਗੁਜ਼ਾਰ ਆਪਣੇ ਗੁਆਂਢੀ ਦੇ ਭਰੋਸੇ ਯੋਗ ਬਣੋ ਤੇ ਉਸ ਨੂੰ ਖਿੜੇ ਮਥੇ ਤੇ ਮਿੱਤਰ ਭਾਵ ਨਾਲ ਵੇਖੋ। ਗਰੀਬਾਂ ਵਾਸਤੇ ਇਕ ਭੰਡਾਰਾ ਤੇ ਅਮੀਰਾਂ ਵਾਸਤੇ ਨਸੀਅਤ ਬਣ ਜਾਵੋ, ਲੋੜਵੰਦਾਂ ਦੀ ਪੁਕਾਰ ਸੁਣੋ ਤੇ ਪੂਰੀ ਕਰੋ, ਤੇ ਬਚਨ ਦੇ ਕੇ ਉਸਦੀ ਪਾਲਨਾ ਕਰੋ। ਅਪਣੇ ਨਿਰਣੇ ਵਿਚ ਨਿਆਂਕਾਰੀ ਹੋਵੋ ਤੇ ਅਪਣੀ ਗਲਬਾਤ ਵਿਚ ਬਚਾਵੇ ਸ਼ਬਦ ਵਰਤੋ



ਕਿਸੇ ਨਾਲ ਬਇਨਸਾਫੀ ਨਾਂ ਕਰੋ ਤੇ ਸੱਭ ਨਾਲ ਨਿਮਰਤਾ ਨਾਲ ਪੇਸ਼ ਆਵੋ। ਜੋ ਅੰਧੇਰੇ 'ਚ ਚਲ ਰਹੇ ਹਨ ਉਨ੍ਹਾਂ ਵਾਸਤੇ ਦੀਵਾ ਬਣੋ, ਜੋ ਸੋਗਵਾਨ ਹਨ ਓਨ੍ਹਾਂ ਨੂੰ ਖੁਸ਼ੀ ਦੇਵੋ। ਪਿਆਸਿਆਂ ਵਾਸਤੇ ਸਾਗਰ ਤੇ ਦੁਖੀਆਂ ਦੀ ਪਨਾਹ ਬਣੋ। ਜ਼ੁਲਮ ਦੇ ਸ਼ਕਾਰ ਹੋਏ ਦੀ ਢਾਰਸ ਤੇ ਬਚਾ ਹੋਵੋ। ਤੁਹਾਡੇ ਸਾਰੇ ਕੰਮਾਂ ਚੋਂ ਨੇਕਨੀਤੀ ਤੇ ਇਮਾਨਦਾਰੀ ਉਘੜਦੀ ਹੋਵੇ। ਪ੍ਰਦੇਸੀ ਵਾਸਤੇ ਠਕਾਣਾ, ਦੁੱਖੀਆਂ ਵਾਸਤੇ ਮਲ੍ਹੱਮ ਤੇ ਸ਼ਰਨਾਰਥੀ ਵਾਸਤੇ ਮਜ਼ਬੂਤ ਗੜ੍ਹ ਬਣੋ। ਅੰਨ੍ਹਿਆਂ ਦੀਆਂ ਅੱਖਾਂ ਬਣੋ ਤੇ ਗਲਤ ਰਾਹ ਚਲਣ ਵਾਲਿਆਂ ਵਾਸਤੇ ਰਾਹ ਦਿਖਾਉਣ ਵਾਲੀ ਰੋਸ਼ਨੀ ਬਣੋ। ਸਚਾਈ ਦੇ ਚਿਹਰੇ ਦਾ ਸ਼ਿੰਗਾਰ, ਵਫਾਦਾਰੀ ਦਾ ਤਾਜ ਤੇ ਸਤਵਾਕਤਾ ਦੇ ਮੰਦਰ ਦਾ ਥੰਮ ਤੇ ਮਨੁੱਖ ਜਾਤੀ ਦੇ ਸ਼ਰੀਰ ਦਾ ਸਾਹ, ਇਨਸਾਫ ਦੀ ਫੌਜ ਦਾ ਝੰਡਾ, ਨੇਕੀ ਦੇ ਅਸਮਾਨ ਦਾ ਚਮਕਦਾ ਤਾਰਾ, ਮਨੁੱਖ ਦੇ ਮਨ ਦੀ ਧਰਤੀ ਦੀ ਤਰੇਲ, ਗਿਆਨ ਦੇ ਸਮੁੰਦਰ ਦੀ ਕਿਸ਼ਤੀ, ਦਾਨ ਦੇ ਆਕਾਸ਼ ਦਾ ਸੂਰਜ, ਸਿਆਣਪ ਦੇ ਤਾਜ ਦਾ ਨਗ, ਅਜ ਦੀ ਪੀੜ੍ਹੀ ਦੇ ਅਸਮਾਨ ਦਾ ਚਾਨਣ, ਤੇ ਨਿ ਮਾਨਤਾ ਦੇ ਬਿਰਛ ਦਾ ਫਲ ਬਣੋ।

52. ਉਹ ਜੋ ਸਦੀਵੀ ਸੱਚ ਹੈ ਉਸਦੀ ਮਾਨਤਾ ਤੋਂ ਮਗਰੋਂ ਪਹਿਲਾਂ ਤੇ ਵੱਡਾ ਕਰਤੱਵ ਜੋ ਮਨੁੱਖ ਵਾਸਤੇ ਮੁਕੱਰਰ ਕੀਤਾ ਗਿਆ ਹੈ। ਉਸਦੇ ਪੱਖ 'ਚ ਦ੍ਰਿੜ੍ਹ ਰਹਿਣਾ। ਇਸ ਕੰਮ 'ਚ ਲੱਗੇ ਰਹੋ ਤੇ ਉਨ੍ਹਾਂ 'ਚ ਸ਼ਾਮਲ ਹੋਵੋ ਜਿਨ੍ਹਾਂ ਦੇ ਮਨ ਪਕੀ ਤਰ੍ਹਾਂ ਰੱਬ ਵਿਚ ਜਮੇ ਹੋਏ ਹਨ। ਹੋਰ ਕੋਈ ਅਮਲ ਚਾਹੇ ਉਹ ਕਿੰਨਾਂ ਵੀ ਸ਼ਲਾਘਾ ਯੋਗ ਹੋਵੇ ਇਸਦੇ ਬਰਾਬਰ ਨਹੀਂ ਹੋ ਸਕਦਾ। ਇਹ ਸਾਰੇ ਅਮਲਾਂ ਵਿਚੋਂ ਸਿਰਤਾਜ ਹੈ। ਤੇ ਇਸ ਗਲ ਦੀ ਤੇਰਾ ਮਾਲਕ ਜੋ ਸਭ ਤੋਂ ਉੱਚਾ ਤ ਸ਼ਕਤੀਮਾਨ ਹੈ, ਹਾਮੀ ਭਰੇਗਾ।

53. ਰਬ ਦੀ ਸਚਾਈ ਦੀ ਸਹੁੰ। ਇਹ ਦੁਨੀਆਂ ਤੇ ਇਸਦਾ ਝੂਠਾ ਦਿਖਾਵਾ ਤ ਸ਼ਾਨ ਤੇ ਮਨ—ਮੌਜਾਂ ਜੋ ਇਹ ਪੇਸ਼ ਕਰਦੀ ਹੈ, ਸਭ

ਬੇਕਾਰ ਹਨ ਬਲਕਿ ਸੁਆਹ ਨਾਲੋਂ ਭੀ ਤੁੱਛ। ਕਾਸ਼! ਮਨੁੱਖਾਂ ਦੇ ਮਨ ਇਹ ਜਾਣ ਸਕਦੇ। ਹੇ ਬਹਾ ਦੇ ਲੋਕੋ ਇਸ ਦੁਨੀਆ ਦੀ ਮੈਲ ਸ਼ਰੀਰਾਂ ਤੋਂ ਪੂਰੀ ਤਰ੍ਹਾਂ ਲਾਹ ਛਡੋ, ਨਾਲੇ ਦੁਨੀਆਂ ਦੀਆਂ ਸੰਬੰਧਤ ਚੀਜ਼ਾਂ ਦੀ। ਰੱਬ ਖੁਦ ਮੇਰਾ ਗਵਾਹ ਹੈ ਦੁਨਿਆਵੀ ਚੀਜਾਂ ਤੁਹਾਨੂੰ ਸ਼ੋਭਾਂ ਨਹੀਂ ਦੇਂਦੀਆ ਇਹ ਚੀਜਾਂ ਉਨ੍ਹਾਂ ਅੱਗੇ ਸੁੱਟ ਦੇਵੋ ਜੋ ਇਨ੍ਹਾਂ ਨੂੰ ਚਾਹੁੰਦੇ ਹਨ! ਤੇ ਅਪਣੀ ਨਜ਼ਰ ਇਸ ਪਵਿੱਤਰ ਤੇ ਤੇਜਸਵੀ (ਦ੍ਰਿਸ਼) ਤੇ ਜਮਾਓ।

ਜੋ ਤੁਹਾਨੂੰ ਜਚਦਾ ਹੈ ਉਹ ਹੈ ਰੱਬ ਨਾਲ ਪਿਆਰ। ਤੇ ਉਸ ਨਾਲ ਪਿਆਰ ਜੋ ਉਸ ਦੇ ਪ੍ਰਗਟਾਵੇ ਦਾ ਸ਼ਾਰੰਸ਼ ਹੈ ਤੇ ਉਸ ਤੇ ਅਮਲ ਕਰਨਾ ਜੋ ਉਹ ਤੁਹਾਡੇ ਵਾਸਤੇ ਆਗਿਆ ਕਰੇ—ਜੇ ਤੁਸੀਂ ਜਾਣੋ।

ਵੇਖੋ! ਸਚਾਈ ਤੇ ਮਿੱਠਤ ਤੁਹਾਡਾ ਗਹਿਣੇ ਹੋਣਾ ਚਾਹੀਦੇ ਹਨ। ਇਨਸਾਫ ਤੇ ਸ਼ਹਿਨਸ਼ੀਲਤਾ ਦਾ ਪੁਸ਼ਾਕਾ ਨਾ ਲਾਹੋ ਤਾਂ ਜੋ ਪਵਿੱਤ੍ਰਤਾ ਦੀ ਮਿੱਠੀ ਮਹਿਕ ਤੁਹਾਡੇ ਵਿਚੋਂ ਉਡ ਕੇ ਸਾਰੀ ਸ੍ਰਿਸ਼ਟੀ ਦੇ ਮਨ ਤੇ ਪਵੇ।

ਬਹਾ ਦੇ ਲੋਕੋ! ਖਬਰਦਾਰ, ਮਤੇ ਤੁਸੀਂ ਉਨ੍ਹਾਂ ਵਾਂਗ ਚਲੋ ਜਿਨ੍ਹਾਂ ਦੇ ਬਚਨ ਹੋਰ ਤੇ ਅਮਲ ਹੋਰ ਹੁੰਦੇ ਹਨ। ਤੁਸੀਂ ਵਾਹ ਲਾਵੋ ਤਾਂ ਜੋ ਤੁਸੀਂ ਮਨੁੱਖ ਜਾਤੀ ਨੂੰ ਰੱਬ ਦੀਆਂ ਨਸ਼ਾਨੀਆਂ ਵਖਾ ਸਕੋ ਤੇ ਉਸਦੇ ਹੁਕਮਾਂ ਦਾ ਅਕਸ ਦੇ ਸਕੋ। ਤੁਹਾਡੇ ਅਮਲ ਅਜਿਹੇ ਹੋਣੇ ਚਾਹੀਦੇ ਹਨ ਕਿ ਮਨੁੱਖ ਜਾਤੀ ਉਨ੍ਹਾਂ ਤੋਂ ਸਿਖਿਆ ਪ੍ਰਾਪਤ ਕਰੇ। ਬਹੁਤ ਲੋਕਾਂ ਦੇ ਕਹਿਣ ਤੇ ਵਰਤਾਓ ਵਿਚ ਬਹੁਤ ਫਰਕ ਹੁੰਦਾ ਹੈ ਭਾਵੇਂ ਉਹ ਲੋਕ ਉੱਚੇ ਹੋਣ ਭਾਵੇਂ ਨੀਚੇ। ਅਪਣੇ ਅਮਲਾਂ ਨਾਲ ਹੀ ਤੁਸੀਂ ਦੂਸਰਿਆਂ ਤੋਂ ਨਿਖੜਵੇ ਹੋਵੋਗੇ। ਤੁਹਾਡੇ ਅਮਲਾਂ ਰਾਹੀਂ ਹੀ ਤਹਾਡਾ ਪ੍ਰਕਾਸ਼ ਸਾਰੀ ਦੁਨੀਆਂ ਤੇ ਪਵੇਗਾ। ਉਹ ਮਨੁੱਖ ਸੁਭਾਗਾ ਹੈ ਜੋ ਮੇਰੇ ਉਪਦੇਸ਼ ਦਾ ਧਿਆਨ ਰਖਦਾ ਹੈ। ਤੇ ਉਸ ਸਿਖਿਆ ਤੇ ਚਲਦਾ ਹੈ ਜੋ ਉਸ ਨੇ ਜੋ ਪੂਰਨ ਗਿਆਨ ਤੇ ਸਿਆਣਪ ਹੈ, ਆਗਿਆ ਕੀਤੀ ਹੈ।



54. ਜੇ ਤੁਸੀਂ ਅਪਮਾਨਿਤ ਤੇ ਲਤਾੜੇ ਹੋਏ ਲੋਕਾਂ ਨੂੰ ਮਿਲੋ ਤਾਂ ਘਿਰਨਾ ਕਰਕੇ ਉਨ੍ਹਾਂ ਤੋਂ ਪਰ੍ਹਾਂ ਨਾ ਹੋ ਜਾਵੋ ਕਿਉਂ ਜੋ ਮਿਹਰਾਂ ਦਾ ਰਾਜਾ ਹਮੇਸ਼ਾ ਉਨ੍ਹਾਂ ਦੀ ਨਿਗਰਾਨੀ ਕਰਦਾ ਹੈ ਤੇ ਉਨ੍ਹਾਂ ਨੂੰ ਏਨੀ ਕੋਮਲ ਦਿਲੀ ਨਾਲ ਘੇਰ ਰੱਖਦਾ ਹੈ ਜਿਸਦੀ ਕਿ ਉਹ ਹੀ ਥਾਹ ਲੈ ਸਕਦੇ ਹਨ ਜਿਨ੍ਹਾਂ ਨੇ ਅਪਣੀਆਂ ਕਾਮਨਾਵਾਂ ਤੇ ਭਾਵਨਾਵਾਂ ਆਪਣੇ ਦਿਆਲੂ ਤੇ ਸਿਆਣੇ ਮਾਲਕ ਦੀ ਰਜ਼ਾ ਵਿਚ ਮੇਲ ਦਿਤੀਆਂ ਹਨ। ਹੇ! ਧੰਨੀ ਲੋਕੋ ਗਰੀਬ ਜੋ ਮਿੱਟੀ ਵਿਚ ਪਿਆ ਹੈ ਉਸ ਨੂੰ ਛੱਡਕੇ ਨਾ ਨੱਸੋ ਬਲਕਿ ਉਸ ਨਾਲ ਮਿਤਰਤਾ ਪਾਓ ਤੇ ਆਪਣੇ ਦੁੱਖਾਂ ਦੀ ਕਹਾਣੀ ਕਹਿਣ ਦੇਵੋ—ਦੁੱਖ ਜੋ ਰੱਬ ਦੇ ਅਗਾਧ ਹੁਕਮ ਨਾਲ ਉਸਨੂੰ ਪੀੜਤ ਕਰ ਰਹੇ ਹਨ। ਰੱਬ ਦੀ ਸਚਾਈ ਦੀ ਸਹੁੰ ਜਦੋਂ ਤੁਸੀਂ ਉਸ ਨਾਲ ਸੰਗ ਕਰਦੇ ਹੋ ਤਾਂ ਅਕਾਸ਼ ਤੇ ਫਰਿਸ਼ਤਿਆਂ ਦੀ ਭੀੜ ਤੁਹਾਨੂੰ ਤਕ ਰਹੀ ਹੋਵੇਗੀ ਤੇ ਵਿਚ ਪੈਹੇ ਤੁਹਾਡੇ ਨਾਵਾਂ ਦੀ ਮਹਿਮਾ ਕਰੇਗੀ। ਤੇ ਤੁਹਾਡੇ ਅਮਲ ਨੂੰ ਵਡਿ-ਆਵੇਗੀ। ਉਹ ਵਿਦਵਾਨ ਧੰਨ ਹਨ ਜੋ ਆਪਣੇ ਗੁਣਾਂ ਤੇ ਮਾਣ ਨਹੀਂ ਕਰਦੇ। ਤੇ ਉਹ ਈਮਾਨਦਾਰ ਕਿੰਨੇ ਚੰਗੇ ਹਨ ਜੋ ਗੁਨਾਹਗਾਰਾਂ ਤੇ ਨਹੀਂ ਹਸਦੇ ਸਗੋਂ ਉਨ੍ਹਾਂ ਦੇ ਕੁਕਰਮ ਲੋਕ ਛੱਡਦੇ ਹਨ। ਤਾਂ ਜੋ ਉਨ੍ਹਾਂ ਦੀਆਂ ਆਪਣੀਆਂ ਕਮੀਆਂ ਲੋਕਾਂ ਦੀਆਂ ਨਜ਼ਰਾਂ ਤੋਂ ਢਕੀਆਂ ਰਹਿਣ।

55. ਸਾਡੀ ਇਹ ਇੱਛਾ ਹੈ ਕਿ ਤੁਹਾਡੇ ਵਿਚੋਂ ਹਰ ਇਕ ਲੋਕਾਂ ਵਾਸਤੇ ਨੇਕੀ ਦਾ ਇਕ ਸੋਮਾ ਹੋਵੇ ਤੇ ਈਮਾਨਦਾਰੀ ਦਾ ਇੱਕ ਨਮੂਨਾ। ਹੋਸ਼ਿਆਰ! ਮਤੇ ਤੁਸੀਂ ਆਪਣੇ ਆਪਨੂੰ ਗੁਆਂਡੀਆਂ ਤੋਂ ਚੰਗੇਰਾ ਸਮਝੋ ਆਪਣੀ ਨਗਾਹ ਉਸ ਤੇ ਜਮਾਓ ਜੋ ਲੋਕਾਂ ਵਿਚੋਂ ਪ੍ਰਮਾਤਮਾ ਦਾ ਮੰਦਰ ਹੈ। ਉਸਨੇ ਸਚੋਂ ਹੀ ਆਪਣੀ ਜਾਨ ਦੁਨੀਆਂ ਦੀ ਮੁਕਤੀ ਵਾਸਤੇ ਦੇ ਦਿੱਤੀ ਹੈ। ਉਹ ਸਚੋਂ ਹੀ ਬੜਾ ਦਾਨੀ, ਮਿਹਰਬਾਨ ਤੇ ਸਭ ਤੋਂ ਉੱਚਾ ਹੈ। ਜੇ ਤੁਹਾਡੇ ਵਿਚ ਕਦੇ ਕੋਈ ਮਤਭੇਦ ਪੈਦਾ ਹੋ ਜਾਵੇ ਤਾਂ ਮੈਨੂੰ ਆਪਣ ਸਾਹਮਣੇ ਹਾਜ਼ਰ ਨਾਜ਼ਰ ਸਮਝਕੇ ਮੇਰੇ ਸਦਕੇ ਇਕ ਦੂਜੇ ਦੇ ਅਵਗੁਣ ਅਣਡਿੱਠੇ ਕਰ ਦਵੋ: ਇਹ ਇਕ ਨਿਸ਼ਾਨੀ ਹੋਵੇਗੀ ਤੁਹਾਡੇ

ਪਿਆਰ ਦੀ ਜੋ ਮੇਰੇ ਪ੍ਰਤੱਖ ਨੂਰਾਨੀ ਪੱਖ ਨਾਲ ਹੈ। ਅਸੀਂ ਬੜੇ ਪ੍ਰੇਮ ਨਾਲ ਇਹ ਦੇਖਣਾ ਚਾਹੁੰਦੇ ਹਾਂ ਕਿ ਤੁਸੀਂ ਹਰ ਸਮੇਂ ਇਕ ਦੂਜੇ ਨਾਲ ਸਾਡੀ ਪ੍ਰਸੰਨਤਾ ਦੇ ਸਵਰਗ ਵਿਚੋਂ ਰਹਿ ਕੇ, ਮਿੱਤਰਤਾ ਤੇ ਏਕਤਾ ਦੇ ਭਾਵ ਨਾਲ ਸੰਗ ਕਰੋ ਤਾਂ ਜੋ ਤੁਹਾਡੇ ਅਮਲਾਂ ਚੋਂ ਮਿੱਤਰਤਾ, ਏਕਤਾ, ਪ੍ਰੇਮ ਭਿਜੀ-ਦਯਾ ਤੇ ਭਾਈਚਾਰੇ ਦੀ ਸੁਗੰਧੀ ਲੈ ਸਕੋ। ਇਹ ਸਲਾਹ ਤੁਹਾਨੂੰ ਜਾਣੀ ਜਾਣ ਤੇ ਪ੍ਰਤੀਤਵਾਨ ਦੇਂਦਾ ਹੈ। ਅਸੀਂ ਹਰ ਵੇਲੇ ਤੁਹਾਡੇ ਸੰਗ ਹੋਵਾਂਗੇ ਜੋ ਸਾਨੂੰ ਤੁਹਾਡੇ ਭਾਈਚਾਰੇ ਦੇ ਜ਼ਜ਼ਬੇ ਦੀ ਮਹਿਕ ਆਵੇਗੀ ਤਾਂ ਸਾਡਾ ਮਨ ਪ੍ਰਸੰਨ ਹੋਵੇਗਾ ਹੋਰ ਕੋਈ ਚੀਜ਼ ਸਾਨੂੰ ਸੰਤੁਸ਼ਟ ਨਹੀਂ ਕਰ ਸਕਦੀ। ਹਰ ਸਮਝਦਾਰ ਮਨੁੱਖ ਏਸ ਗਲ ਦਾ ਗਵਾਹ ਹੈ।

56. ਜਦੋਂ ਜਿਤ ਹੋਵੇਗੀ ਤਾਂ ਹਰ ਮਨੁੱਖ ਦਾਅਵਾ ਕਰੇਗਾ ਕਿ ਉਹ ਸ਼ਰਧਾਲੂ ਹੈ ਤੇ ਕਾਹਲ ਨਾਲ ਰੱਬੀ ਧਰਮ ਦੀ ਓਟ ਲਵੇਗਾ। ਉਹ ਸੁਭਾਗੇ ਹਨ ਜੋ ਚੁਫੇਰੇ ਮੁਸੀਬਤਾਂ ਦੇ ਸਮੇਂ ਭੀ ਧਰਮ ਦੇ ਪੱਖ 'ਚ ਦ੍ਰਿੜ ਰਹੇ ਹਨ ਤੇ ਸਚਾਈ ਤੋਂ ਨਹੀਂ ਥਿੜਕੇ।

57. ਜਿਨ੍ਹਾਂ ਨੇ ਧਰਮ ਦੀ ਸਿਖਿਆ ਦੇਣ ਖਾਤਰ ਆਪਣਾ ਦੇਸ਼ ਛੱਡ ਦਿੱਤਾ ਉਨ੍ਹਾਂ ਨੂੰ ਪਰਤੀਤਵਾਨ ਰੂਹ ਸ਼ਕਤੀ ਬਖਸ਼ੇਗੀ। ਸਾਡੇ ਚੁਣੇ ਹਏ ਫਰਿਸ਼ਤਿਆਂ ਦਾ ਇਕ ਦਸਤਾ ਉਨ੍ਹਾਂ ਦੇ ਨਾਲ ਜਾਵੇਗਾ ਜਿਵੇਂ ਕਿ ਉਸ ਸਰਵਸ਼ਕਤੀਮਾਨ ਤੇ ਸੁਘੜ ਸਿਆਣੇ ਦਾ ਹੁਕਮ ਹੈ। ਕਿਤਨੀ ਭਾਰੀ ਮਿਹਰ ਉਹ ਪਾਵੇਗਾ ਜਿਸਨੂੰ ਰੱਬ ਦੀ ਸੇਵਾ ਕਰਨ ਦਾ ਮਾਣ ਪ੍ਰਾਪਤ ਹੈ। ਕੋਈ ਅਮਲ ਚਾਹੇ ਕਿਤਨਾ ਉੱਚਾ ਹੋਵੇ ਇਸਦਾ ਮੁਕਾਬਲਾ ਨਹੀਂ ਕਰ ਸਕਦਾ ਛੁੱਟ ਉਨ੍ਹਾਂ ਅਮਲਾਂ ਤੋਂ ਜੋ ਸਰਵ ਸ਼ਕਤੀਮਾਨ ਰੱਬ ਦੇ ਹੁਕਮ ਅਨੁਸਾਰ ਹੋਣ। ਅਜੇਹੀ ਸੇਵਾ ਸਾਰੇ ਭਲੇ ਕੰਮਾਂ ਦੀ ਸਿਰਤਾਜ ਹੈ ਤੇ ਚੰਗੇ ਕੰਮਾਂ ਦਾ ਸ਼ਿੰਗਾਰ। ਇਹ ਹੁਕਮ ਹੈ ਉਸਦਾ ਜੋ ਇਲਹਾਮ ਦੇਣ ਵਾਲਿਆਂ ਦਾ ਸਿਰਤਾਜ ਹੈ ਪ੍ਰਾਚੀਨ ਸਮੇਂ ਤੋਂ।

ਜੋ ਭੀ ਸਾਡੇ ਧਰਮ ਦੀ ਸਿਖਿਆ ਦੇਣ ਵਾਸਤੇ ਖੜਾ ਹੋਵੇ ਉਸਨੂੰ ਅਵੱਸ਼ ਹੀ ਦੁਨਿਆਵੀ ਚੀਜ਼ਾਂ ਤੋਂ ਨਿਰਮੋਹ ਹੋਣਾ ਚਾਹੀਦਾ ਹੈ ਤੇ ਹਰ



ਵੇਲੇ ਸਾਡੇ ਧਰਮ ਦੀ ਵਿਜੇ ਉਸਦਾ ਪਰਮ ਮਨੋਰਥ ਹੋਣਾ ਚਾਹੀਦਾ ਹੈ। ਇਹ ਹੁਕਮ ਪੱਟੀ 'ਚ ਦਰਜ਼ ਹੈ। ਤੇ ਜਦੋਂ ਉਹ ਧਰਮ ਵਾਸਤੇ ਆਪਣੇ ਘਰੋਂ ਤੁਰਨ ਦਾ ਪੱਕਾ ਇਰਾਦਾ ਕਰ ਲੈਂਦਾ ਹੈ ਤਾਂ ਉਸਨੂੰ ਰੱਬ ਤੇ ਪੂਰਾ ਭਰੋਸਾ ਕਰਨਾ ਚਾਹੀਦਾ ਹੈ। ਜੋ ਸਫਰ ਵਾਸਤੇ ਸਭ ਤੋਂ ਚੰਗਾ ਰਸਦ ਪਾਣੀ ਹੈ। ਤੇ ਨੇਕੀ ਦਾ ਪੁਸ਼ਾਕਾ ਸਜਾਉਣਾ ਚਾਹੀਦਾ ਹੈ। ਰੱਬ ਜੋ ਸਰਵਵਿਆਪੀ ਸਰਵਸ਼ਕਤੀਮਾਨ ਤੇ ਸਿਫਤੀ ਭਰਿਆ ਹੈ। ਉਸਦਾ ਇਹੋ ਹੁਕਮ ਹੈ।

ਜੇ ਉਸ ਨੂੰ ਰੱਬ ਦੇ ਪ੍ਰੇਮ ਦੀ ਭੜਕਨਾ ਹੈ ਤੇ ਦੁਨਿਆਵੀ ਚੀਜ਼ਾਂ ਨੂੰ ਛੱਡ ਦੇਵ ਤਾਂ ਜੋ ਸ਼ਬਦ ਉਹ ਬੋਲੇਗਾ ਸੁਨਣ ਵਾਲਿਆਂ ਦੇ ਦਿਲ ਪਿਘਲਾ ਦੇਣਗੇ। ਸੱਚੀਂ ਮਾਲਕ ਜਾਣੀ ਜਾਣ ਤੇ ਵਾਕਫੀ ਭਰਪੂਰ ਹੈ। ਉਹ ਮਨੁੱਖ ਸੁਭਾਗਾ ਹੈ ਜਿਸ ਨੇ ਸਾਡੀ ਆਵਾਜ਼ ਸੁਣੀ ਤੇ ਸਾਡੇ ਸੱਦੇ ਤੇ ਆਇਆ; ਉਹ ਹਕੀਕਤ ਵਿਚ ਉਨ੍ਹਾਂ ਚੋਂ ਹੈ ਜੋ ਸਾਡੇ ਨੇੜੇ ਲਿਆਂਦੇ ਜਾਣਗੇ।

58. ਲੋਕਾਂ ਦੀ ਥੋੜ-ਦਿਲੀ ਵੇਖੋ। ਉਹ ਨੁਕਸਾਨ ਕਰਨ ਵਾਲੀ ਚੀਜ ਮੰਗਦੇ ਹਨ ਤੇ ਜਿਸ ਤੋਂ ਉਨ੍ਹਾਂ ਨੂੰ ਲਾਭ ਮਿਲਦਾ ਹੈ ਉਸ ਨੂੰ ਵਗਾਹ ਮਾਰਦੇ ਹਨ। ਉਹ ਬਹੁਤ ਭਟਕੇ ਹੋਏ ਹਨ। ਅਸੀਂ ਵੇਖਦੇ ਹਾਂ ਕਿ ਬਾਜ਼ੇ ਮਨੁਖ ਆਜ਼ਾਦੀ ਚਾਹੁੰਦੇ ਹਨ ਪਰ ਆਪਣੇ ਆਪ ਨੂੰ ਹੰਕਾਰ ਕਰਕੇ ਗੁਨਾਹੀ ਬਣਾ ਲੈਂਦੇ ਹਨ। ਅਜਿਹੇ ਮਨੁੱਖ ਡੂੰਘੇ ਅਗਿਆਨ ਵਿਚ ਫਸੇ ਹਨ। ਆਜਾਦੀ ਓੜਕ ਅਵੱਸ਼ ਬਗਾਵਤ ਵਲ ਲੈ ਜਾਂਦੀ ਹੈ ਜਿਸਦੀ ਅੱਗ ਕੋਈ ਨਹੀਂ ਬੁਝਾ ਸਕਦਾ ਹੈ। ਏਦਾਂ ਤੁਹਾਨੂੰ ਸੁਚੇਤ ਕਰਦਾ ਹੈ ਜੋ ਲੇਖਾ ਕਰਦਾ ਹੈ ਤੇ ਜਾਣੀ ਜਾਣ ਹੈ। ਤੁਸੀਂ ਜਾਣ ਲਵੋ ਕਿ ਆਜ਼ਾਦੀ ਦਾ ਰੂਪ ਤੇ ਨਿਸ਼ਾਨ ਪਸ਼ੂ ਹੈ। ਜੋ ਮਨੁੱਖ ਨੂੰ ਸੋਂਹਦਾ ਹੈ ਉਹ ਹੈ ਅਜਿਹੀ ਪਾਬੰਦੀ ਦੇ ਅਧੀਨ ਹੋਣਾ ਜੋ ਉਸਨੂੰ ਉਸਦੇ ਅਗਿਆਨ ਦੇ ਖਤਰੇ ਤੋਂ ਤੇ ਫ਼ਸਾਦੀ ਬੰਦਿਆਂ ਦੇ ਹਾਣ ਤੋਂ ਬਚਾਵੇ। ਆਜ਼ਾਦੀ ਮਨੁੱਖ ਤੋਂ ਉਚਿਤ ਰਵੱਈਏ ਦੀ ਹੱਦਾਂ ਦੀਆਂ ਉਲੰਘਣਾ ਕਰਵਾਉਂਦੀ ਹੈ। ਤੇ ਉਸਦੀ ਪਦਵੀ ਦੀ ਸੋਭਾ ਘਟਾਉਂਦੀ ਹੈ। ਇਹ ਮਨੱਖ ਨੂੰ ਹੱਦ

ਦਰਜੇ ਦਾ ਘਟੀਆ ਤੇ ਬਦਕਾਰ ਬਣਾ ਦੇਂਦੀ ਹੈ।

ਲੋਕਾਂ ਨੂੰ ਇਕ ਭੇਡਾਂ ਦਾ ਇੱਜੜ ਸਮਝੋ ਜਿਸਨੂੰ ਆਜੜੀ ਦੀ ਲੋੜ ਹੈ। ਇਹ ਸੱਚ ਹੈ ਤੇ ਪੱਕੇ ਤੌਰ ਤੇ ਸੱਚ ਹੈ। ਖਾਸ ਹਾਲਤਾਂ ਵਿਚ ਅਸੀਂ ਆਜ਼ਾਦੀ ਨੂੰ ਚੰਗਾ ਸਮਝਦੇ ਹਾਂ ਤੇ ਹੋਰ ਹਾਲਤਾਂ ਵਿਚ ਅਸੀਂ ਇਸ ਨੂੰ ਮਨਜ਼ੂਰੀ ਨਹੀਂ ਦੇਂਦੇ ! ਅਸੀਂ ਸਚੀਂ ਜਾਣੀ ਜ਼ਾਣ ਹਾਂ।

ਅਸਲੀ ਆਜ਼ਾਦੀ ਤਾਂ ਏਸ ਵਿਚ ਹੈ ਕਿ ਮਨੁੱਖ ਮੇਰੇ ਹਜ਼ੂਰੀ ਹੁਕਮਾਂ ਦੀ ਤਾਬੇਦਾਰੀ ਕਰੇ ਪਰ ਤੁਸੀਂ ਇਹ ਨਹੀਂ ਜਾਣਦੇ। ਜੇ ਮਨੁੱਖ ਜਾਤੀ ਉਸ ਗਲ ਦੀ ਪਾਲਣਾ ਕਰਦੀ ਜੋ ਅਸੀਂ ਆਕਾਸ਼ ਤੋਂ ਇਲਹਾਮ ਰਾਹੀਂ ਭੇਜੀ ਹੈ ਤਾਂ ਉਹ ਜ਼ਰੂਰ ਪੂਰੀ ਅਜ਼ਾਦੀ ਪ੍ਰਾਪਤ ਕਰ ਲੈਂਦੀ। ਉਹ ਮਨੁੱਖ ਸੁਭਾਗਾ ਹੈ ਜਿਸ ਨੇ ਹਰ ਚੀਜ਼ ਵਿਚ ਜੋ ਉਸਦੀ ਆਕਾਸ਼ੀ ਰਜ਼ਾ ਦੇ ਅਨੁਸਾਰ ਇਲਹਾਮ ਰਾਹੀਂ ਪ੍ਰਗਟ ਹੋਈ, ਰੱਬ ਦਾ ਮਨੋਰਥ ਸਮਝ ਲਿਆ ਉਸ ਦੀ ਰਜ਼ਾ ਹਰ ਚੀਜ਼ ਵਿਚ ਵਿਆਪਕ ਹੈ। ਸੋ ਜੋ ਆਜ਼ਾਦੀ ਤੁਹਾਨੂੰ ਲਾਭਦਾਇਕ ਹੈ ਉਹ ਸਵਾਏ ਰੱਬ ਦੇ ਹੁਕਮ ਮੰਨਣ ਤੋਂ ਹੋਰ ਕਿਤੇ ਨਹੀਂ। ਰੱਬ ਜੋ ਆਦਿ ਸੱਚ ਹੈ। ਜਿਸ ਨੇ ਭੀ ਇਸਦੀ ਮਿਠਾਸ ਚੱਖੀ ਹੈ। ਉਹ ਜ਼ਮੀਨ ਅਸਮਾਨ ਦੇ ਰਾਜ ਬਦਲੇ ਭੀ ਇਸਨੂੰ ਨਹੀਂ ਵਟਾਵੇਗਾ।

59. ਜੋ ਕੋਈ ਭੀ ਰੱਬ ਵਲੋਂ ਆਏ ਇਲਹਾਮ ਦਾ ਦਾਵੇਦਾਰ ਹੋਵੇ, ਹਜ਼ਾਰ ਸਾਲ ਤੋਂ ਪਹਿਲਾਂ, ਉਹ ਧੋਖੇਬਾਜ਼ ਹੈ। ਅਸੀਂ ਰੱਬ ਅੱਗੇ ਬੇਨਤੀ ਕਰਦੇ ਹਾਂ ਕਿ ਉਹ ਅਜਿਹੇ ਆਦਮੀ ਦੀ ਆਪਣੇ ਦਾਅਵੇ ਤੋਂ ਮੁਕਰਨ ਤੇ ਖੰਡਨ ਕਰਨ ਵਿਚ ਆਪਣੀ ਕਿਰਪਾ ਦੁਆਰਾ ਸਹਾਇਤਾ ਕਰੇ। ਜੇ ਉਹ ਪਛਤਾਵਾ ਕਰੇ ਤਾਂ ਰੱਬ ਜ਼ਰੂਰ ਉਸ ਨੂੰ ਬਖਸ਼ ਦੇਵੇਗਾ। ਪਰ ਜੇ ਉਹ ਆਪਣੀ ਗਲਤੀ ਤੇ ਅੜਿਆ ਰਹੇਗਾ ਤਾਂ ਰੱਬ ਜ਼ਰੂਰ ਕਿਸੇ ਨੂੰ ਭੇਜੇਗਾ ਜੋ ਬੇਰਹਿਮੀ ਨਾਲ ਉਸ ਨਾਲ ਨਿਪਟੇਗਾ। ਰੱਬ ਡੰਡ ਦੇਣ ਵਿਚ ਬੜਾ ਭੇਦਾਇਕ ਹੈ। ਜੋ ਕੋਈ ਭੀ ਇਸ ਸ਼ਬਦ ਦਾ ਸਪਸ਼ਟ ਅਰਥ ਤੋਂ ਇਲਾਵਾ ਕੋਈ ਹੋਰ ਅਰਥ ਕਢੇਗਾ ਉਹ ਆਂਤਮ ਗਿਆਨ ਤੇ ਰੱਬ ਦੀ ਦਯਾ ਤੋਂ ਵਾਂਝਾਂ ਰਹੇਗਾ, ਜੋ ਸਾਰੀ ਸ੍ਰਿਸ਼ਟੀ ਤੇ ਛਾਈ ਹੋਈ ਹੈ।



ਰੱਬ ਤੋਂ ਡਰੋ ਤੇ ਵੇਹਿਲੀ ਮਨ ਤਰੰਗਾਂ ਦੇ ਮਗਰ ਨਾ ਲਗੋ। ਸਗੋਂ ਆਪਣੇ ਮਾਲਕ ਦਾ ਹੁਕਮ ਮੰਨੋ ਜੋ ਸਰਵਸ਼ਕਤੀਮਾਨ ਤੇ ਸੁਘੜ ਸਿਆਣਾ ਹੈ।

('ਅਕਦਸ' ਪਵਿੱਤਰ ਪੁਸਤਕ ਵਿਚੋਂ ਚੁਣੇ ਹੋਏ)

60. ਧੰਨ ਹੈ ਉਹ ਸੌਣ ਵਾਲਾ ਜੋ ਮੇਰੀ ਰੁਮਕਦੀ ਪੌਣ ਨਾਲ ਜਾਗਦਾ ਹੈ। ਧੰਨ ਹੈ ਉਹ ਮੁਰਦਾ ਜੋ ਮੇਰੇ ਸੁਰਜੀਤ ਕਰਨ ਵਾਲੇ ਸਾਹ ਨਾਲ ਜੀ ਉਠਦਾ ਹੈ। ਧੰਨ ਹੈ ਉਹ ਅੱਖ ਜੋ ਮੇਰੀ ਸੁੰਦਰਤਾ ਨੂੰ ਵੇਖ ਕੇ ਸੁਖਾਂਦੀ ਹੈ। ਧੰਨ ਹੈ ਉਹ ਰਾਹੀ ਜਿਸਦੇ ਕਦਮ ਮੇਰੇ ਪ੍ਰਤਾਪ ਤੇ ਸ਼ਾਨ ਦੇ ਮੰਦਰ ਵਲ ਉਠਦੇ ਹਨ! ਧੰਨ ਹੈ ਉਹ ਦੁਖੀਆ ਜੋ ਮੇਰੀ ਛੱਤਰ ਛਾਇਆ ਹੇਠ ਪਨਾਹ ਲੈਂਦਾ ਹੈ। ਧੰਨ ਹੈ ਉਹ ਪਿਆਸਾ ਜੋ ਮੇਰੀ ਪਿਆਰ ਭਰੀ ਮਿਹਰ ਦੇ ਰੁਮਕੇ ਰੁਮਕੇ ਚਲਦੇ ਪਾਣੀ ਵਲ ਕਾਹਲ ਨਾਲ ਆਉਂਦਾ ਹੈ। ਧੱਨ ਹੈ ਉਹ ਭੱਖਾ ਜੋ ਆਪਣੀ ਆਪ ਸੁਆਰਥੀ ਕਾਮਨਾਵਾਂ ਛੱਡ ਕੇ ਮੇਰੇ ਚਮਨ ਵਿੱਚ ਆ ਬੈਠਦਾ ਹੈ, ਜੋ ਮੈਂ ਆਪਣੇ ਚੁਣੇ ਹੋਇਆਂ ਵਾਸਤੇ ਅਪਣੀ ਆਕਾਸ਼ੀ ਦਾਤ ਵਿੱਚੋਂ ਭੇਜਿਆ ਹੈ। ਧੱਨ ਹੈ ਉਹ ਨਿਮਾਣਾ ਜੋ ਮੇਰੀ ਮਿਹਰ ਦੀ ਡੋਰ ਘੁੱਟ ਕੇ ਫੜ ਲੈਂਦਾ ਹੈ। ਤੇ ਧੱਨ ਹੈ ਓਹ ਲੱੜਵੰਦ ਜੋ ਮੇਰੀ ਦੌਲਤ ਦੇ ਮੰਦਰ ਦੀ ਛਾਂ ਹੇਠ ਨਿਵਾਸ ਕਰਦਾ ਹੈ। ਧੱਨ ਹੈ ਉਹ ਅਗਿਆਨੀ ਜੋ ਮੇਰੇ ਗਿਆਨ ਦੇ ਸੋਮੇ ਦੀ ਭਾਲ ਕਰਦਾ ਹੈ। ਤੇ ਧੱਨ ਲਾਪਰਵਾਹ ਜੋ ਮੇਰੀ ਯਾਦ ਦੀ ਡੋਰ ਨੂੰ ਹੱਥੋਂ ਨਹੀਂ ਛੱਡਦਾ। ਧੱਨ ਹੈ ਉਹ ਜੀਵ ਜੋ ਮੇਰੇ ਸੁਰਜੀਤ ਕਰਨ ਵਾਲੇ ਦਮ ਰਾਹੀਂ ਮੁੜ ਜੀ ਉਠਿਆ ਤੇ ਮੇਰੇ ਸਵਰਗੀ ਰਾਜ ਵਿਚ ਦਾਖਲ ਹੋ ਗਿਆ। ਧੱਨ ਹੈ ਉਹ ਮਨੁੱਖ ਜਿਸ ਨੂੰ ਮੇਰੇ ਮਿਲਾਪ ਦੇ ਮਿੱਠੇ ਸੁਆਦ ਨੇ ਟੁੰਬਿਆ ਤੇ ਮੇਰੇ ਇਲਹਾਮ ਦੇ ਸਵੇਰੇ ਦੇ ਨੇੜੇ ਲੈ ਆਂਦਾ। ਧੱਨ ਹੈ ਉਹ ਕੰਨ ਜਿਸਨੇ ਸੁਣਿਆ ਤੇ ਜ਼ਬਾਨ ਜਿਸਨੇ ਗਵਾਹੀ ਦਿੱਤੀ ਤੇ ਅੱਖ ਜਿਸਨੇ ਦੇਖਿਆ ਤੇ ਨੂੰ ਮਾਲਕ ਨੂੰ ਉਸਦੀ ਵਡਿਆਈ, ਤੇ ਸ਼ਾਨ ਦੇ ਰਾਜ ਨਾਲ ਸਜੇ ਹੋਏ ਨੂੰ ਪਹਿਚਾਣ ਲਿਆ। ਧੱਨ ਹਨ ਉਹ ਜੋ ਉਸਦੀ ਹਜ਼ੂਰੀ 'ਚ ਪਹੁੰਚ ਗਏ ਧੱਨ ਹੈ ਉਹ ਮਨੁੱਖ ਜਿਸਨੇ ਮੇਰੇ ਸ਼ਬਦ ਦੇ ਸੂਰਜ

ਦਾ ਚਾਨਣ ਢੂੰਡਿਆ। ਧੰਨ ਹੈ ਉਹ ਮਨੁੱਖ ਜਿਸ ਨੇ ਅਪਣੇ ਸਿਰ ਤੇ ਮੇਰੇ ਪਿਆਰ ਦਾ ਮੁਕਟ ਪਹਿਨਿਆ। ਧੰਨ ਹੈ ਉਹ ਜਿਸਨੇ ਮੇਰਾ ਸੱਗ ਸੁਣਿਆ ਤੇ ਮੇਰੇ ਲੋਕਾਂ ਵਿਚ ਮੇਰੀ ਮਦਦ ਵਾਸਤੇ ਉੱਠ ਖੜਾ ਹੋਇਆ। ਧੰਨ ਹੈ ਜਿਸਨੇ ਮੇਰੇ ਰਾਹ ਤੇ ਜਾਨ ਕੁਰਬਾਨ ਕਰ ਦਿੱਤੀ ਤੇ ਮੇਰੇ ਨਾਮ ਤੇ ਕਈ ਤਰ੍ਹਾਂ ਦੇ ਦੁਖ ਸਹੇ। ਧੰਨ ਹੈ ਉਹ ਮਨੁੱਖ ਜਿਸ ਨੇ ਮੇਰੇ ਨਾਮ ਦੇ ਭਰੋਸੇ ਮੁਰਦਿਆਂ ਵਿਚੋਂ ਉਠਕੇ ਮੇਰੀ ਮਹਿਮਾ ਗਾਈ। ਧੰਨ ਹੈ ਉਹ ਜੋ ਮੇਰੇ ਅਤੀ ਸੁਰੀਲੇ ਗੀਤਾਂ ਦੀ ਲੈ ਨਾਲ ਮਸਤ ਹੋ ਗਿਆ ਤੇ ਮੇਰੇ ਬਲ ਦੀ ਤੇਜ਼ੀ ਰਾਹੀਂ ਉਸਨੇ ਪੜਦੇ ਪਾੜ ਦਿੱਤੇ। ਧੰਨ ਹੈ ਉਹ ਜਿਸਨੇ ਮੇਰੇ ਇਕਰਾਰ ਦੀ ਵਫਾਦਾਰੀ ਨਾਲ ਪਾਲਨਾਂ ਕੀਤੀ ਤੇ ਦੁਨੀਆਵੀ ਚੀਜਾਂ ਉਸਨੂੰ ਮੇਰੇ ਪਾਕ ਦਰਬਾਰ ਦੀ ਪ੍ਰਾਪਤੀ ਤੋਂ ਨਾ ਰੋਕ ਸਕਿਆ। ਧੰਨ ਹੈ ਉਹ ਮਨੁੱਖ ਜੋ ਸਭਨਾਂ ਨਾਲੋਂ ਟੁੱਟ ਗਿਆ ਤੇ ਮੇਰੇ ਨਾਲ ਜੁੜ ਗਿਆ। ਤੇ ਮੇਰੇ ਪਿਆਰ ਦੇ ਆਕਾਸ਼ 'ਚ ਉੱਚਾ ਉੱਡ ਗਿਆ। ਤੇ ਮੇਰੇ ਰਾਜ ਵਿਚ ਆ ਗਿਆ। ਤੇ ਉਸਨੇ ਮੇਰੇ ਸ਼ਾਨ-ਮੰਡਲ ਨੂੰ ਨੀਝ ਲਾਕੇ ਤੱਕਿਆ, ਤੇ ਮੇਰੀ ਦਾਤ ਦੇ ਸਦਾ ਵਹਿੰਦੇ ਜਲ ਨਾਲ ਆਪਣੀ ਪਿਆਸ ਬੁਝਾਈ। ਤੇ ਮੇਰੀ ਪਿਆਰ ਭਰੀ ਮਿਹਰ ਦੀ ਆਕਾਸ਼ੀ ਨਦੀ ਦਾ ਰੱਜ ਕੇ ਪਾਣੀ ਪੀਤਾ, ਤੇ ਮੇਰੇ ਪੱਖ ਦੀ ਜਾਣਕਾਰੀ ਲੀਤੀ, ਤੇ ਮੇਰੇ ਸ਼ਬਦਾ ਦੇ ਖਜਾਨੇ 'ਚ ਛੁਪੇ ਹੋਏ ਭਾਵ ਸਮਝੇ ਤੇ ਬ੍ਰਹਮ ਗਿਆਨ ਦੇ ਦਿਗ ਮੰਡਲ ਵਿਚ ਚਮਕਿਆ ਜੋ ਮੰਡਲ ਕਿ ਮੇਰੀ ਮਹਿਮਾ ਤੇ ਵਡਿਆਈ ਵਿਚ ਰੁੱਝੇ ਹੋਏ ਹਨ। ਉਹ ਸੱਚੀ ਮੇਰਾ ਹੈ। ਮੇਰੀ ਦਿਆ, ਮੇਰੀ ਪਿਆਰ ਭਰੀ ਮਿਹਰ, ਸੰਗੀ ਦਾਤ ਤੇ ਵਡਿਆਈ ਉਸ ਤੇ ਨਿਰਭਰ ਹਨ।

ਬਸ਼ਾਰਤ (ਖੁਸ਼ਖਬਰੀ) ਨਾਮਕ ਪੁਸਤਕ ਵਿਚੋਂ : ਇਹ ਉਸ ਮਹਾਨ ਤੇਜ਼ ਪ੍ਰਤਾਪੀ ਦਾ ਸੱਦਾ ਹੈ ਜਿਸਦਾ ਐਲਾਨ ਪਰਮ ਉਚ ਦਿਗ ਮੰਡਲ ਤੋਂ ਅੱਕਾ ਦੇ ਜੇਲ੍ਹ ਖਾਨੇ ਵਿਖੇ ਹੋਇਆ।

61. ਉਹੀ ਵਿਆਖਿਆ ਕਰਨ ਵਾਲਾ ਉਹੀ ਜਾਣੀ ਜਾਣ ਤੇ ਸਰਵ ਵਿਦਤ ਹੈ।



ਸੱਚਾ ਰੱਬ ਜ਼ਾਹਰ ਕਰਦਾ ਹੈ ਤੇ ਉਸਦੇ ਨਾਮ ਤੇ ਗੁਣਾਂ ਦੇ ਇਲਹਾਮ ਦੱਸਨ ਵਾਲੇ ਗਵਾਹ ਹਨ ਕਿ ਸਾਡਾ ਨਿਰੋਲ ਮੰਤਵ ਸੱਦਾ ਦੇਣ ਤੇ ਉਸਦੇ ਪਵਿੱਤਰ ਸ਼ਬਦ ਦਾ ਹੋਕਾ ਦੇਣ ਵਿਚ ਇਹੀ ਹੈ ਕਿ ਸਾਰੀ ਸ੍ਰਿਸ਼ਟੀ ਦੇ ਕੰਨ੍ਹਾਂ ਵਿਚੋਂ ਝੂਠੀ ਕਹਾਣੀਆਂ ਦੀ ਮੈਲ ਆਕਾਸ਼ ਬਾਣੀ ਦੇ ਸਦਾ ਵਹਿੰਦੇ ਉੱਜਲ ਜਲ ਨਾਲ ਧੋਤੀ ਜਾਵੇ ਤੇ ਉਹ ਪਵਿੱਤਰ ਤੇ ਉਚ ਵਾਕ ਨੂੰ ਸੁਨਣ ਜੋ ਆਕਾਸ਼ ਬਣਾਉਣ ਵਾਲੇ ਤੇ ਉਘੇ ਨਾਮ ਪੈਦਾ ਕਰਨ ਵਾਲੇ ਦੇ ਗਿਆਨ ਦੇ ਭੰਡਾਰ ਵਿਚੋਂ ਆ ਰਿਹਾ ਹੈ। ਉਹ ਸੁਭਾਗੇ ਹਨ ਜੋ ਨਿਆਂਕਾਰੀ ਨਿਰਣਾਂ ਕਰਦੇ ਹਨ

ਹੇ ਧਰਤੀ ਦੇ ਲੋਕੋ :

ਪਹਿਲੀ ਖੁਸ਼ਖਬਰੀ ਜੋ ਮਾਤ--ਪੁਸਤਕ ਇਸ ਮਹਾਨ ਇਲਹਾਮ ਦੇ ਕਾਲ ਵਿਚ ਦੇਂਦੀ ਹੈ। ਉਹ ਹੈ ਕਿ ਧਰਮ ਯੁੱਧ (ਜਿਹਾਦ) ਬਾਰੇ ਨੇਮ ਦੀ ਅਲਖ ਮੁਕਾ ਦਿੱਤੀ ਹੈ। ਉਸਦੇ ਨਾਮ ਦੀ ਵਡਿਆਈ ਹੋਵੇ ਜੋ ਪਰਮ ਦਿਆਵਾਨ ਤੇ ਭਰਪੂਰ ਮਿਹਰਬਾਨ ਹੈ ਜਿਸਦੇ ਰਾਹੀਂ ਆਕਾਸ਼ੀ ਦਾਤਾਂ ਦਾ ਦਰ ਖੁੱਲ੍ਹ ਗਿਆ ਹੈ ਸਭ ਵਾਸਤੇ ਜੋ ਆਕਾਸ਼ ਜਾਂ ਧਰਤੀ ਤੇ ਹਨ।

## "ਦੂਜੀ ਖੁਸ਼ਖਬਰੀ"

ਏਸ ਗੱਲ ਦੀ ਖੁੱਲ੍ਹ ਹੈ ਕਿ ਦੁਨੀਆਂ ਦੇ ਲੋਕ ਤੇ ਉਨ੍ਹਾਂ ਦੇ ਭਰਾ ਭਾਈ ਇਕ ਦੂਜੇ ਦੀ ਸੰਗਤ ਖੁਸ਼ੀ ਤੇ ਪ੍ਰਤਿਭਾ ਨਾਲ ਕਰ ਸਕਦੇ ਹਨ। ਹੇ ! ਲੋਕੋ ਸਭ ਧਰਮਾਂ ਦੇ ਬੰਦਿਆਂ ਨਾਲ ਮਿੱਤਰਤਾ ਤੇ ਭਾਈਚਾਰਕ ਭਾਵ ਨਾਲ ਸੰਗ ਕਰੋ। ਏਦਾਂ ਉਸਦੇ ਹੁਕਮ ਤੇ ਅਖਤਿਆਰ ਦਾ ਸੂਰਜ ਰੱਬ ਦੇ ਦਿਗ ਮੰਡਲ ਤੋਂ ਪ੍ਰਕਾਸ਼ਵਾਨ ਹੋਇਆ ਹੈ ਜੋ ਸਾਰੇ ਜਹਾਨਾਂ ਦਾ ਮਾਲਕ ਹੈ।

## "ਤੀਸਰੀ ਖੁਸ਼ਖਬਰੀ"

ਵੱਖ ਵੱਖ ਭਾਸ਼ਾਵਾਂ ਦੀ ਪੜ੍ਹਾਈ ਬਾਬਤ ਹੈ। ਏਹ ਹੁਕਮ ਪਹਿਲਾਂ ਉਸ ਸਭ ਤੋਂ ਉੱਚ ਦੀ ਕਲਮ ਚੋਂ ਨਿੱਕਲਿਆ। ਦੁਨੀਆਂ ਦੇ ਸਿਰਤਾਜ਼ ਪਾਦਸ਼ਾਹਾਂ ਵਾਸਤੇ ਇਹ ਉਚਿੱਤ ਹੈ—ਰੱਬ ਉਨ੍ਹਾਂ ਦੀ ਮਦਦ

ਕਰੇ, ਜਾਂ ਦੁਨੀਆਂ ਦੇ ਵਜੀਰ ਇਕੱਠੇ ਬੈਠ ਕਿ ਸਲਾਹ ਮਸ਼ਵਰਾ ਕਰਨ ਤੇ ਵਰਤਮਾਨ ਭਾਸ਼ਾਵਾਂ ਵਿਚੋਂ ਇੱਕ ਨੂੰ ਅਪਣਾ ਲੈਣ ਜਾਂ ਕੋਈ ਨਵੀਂ ਭਾਸ਼ਾ ਕੱਢ ਲੈਣ ਤੇ ਸਾਰੀ ਦੁਨੀਆਂ ਦੇ ਸਕੂਲਾਂ ਦੇ ਬੱਚਿਆਂ ਨੂੰ ਪੜ੍ਹਾਉਣ ਤੇ ਇਸੇ ਤਰ੍ਹਾਂ ਇੱਕ ਲਿਪੀ ਪੜ੍ਹਾਈ ਜਾਵੇ। ਇਸ ਪ੍ਰਕਾਰ ਸਾਰੀ ਦੁਨੀਆਂ ਇਕ ਦੇਸ਼ ਵਾਂਗ ਜਾਪੇਗੀ। ਜੋ ਇਸ ਸੱਦੇ ਨੂੰ ਗਹੁ ਨਾਲ ਸੁਣਦਾ ਹੈ ਅਤੇ ਜੋ ਰੱਬ ਨੇ ਹੁਕਮ ਕੀਤਾ ਹੈ ਉਸਦੀ ਪਾਲਨਾ ਕਰਦਾ ਹੈ ਉਹ ਚੰਗਾ ਕਰਦਾ ਹੈ।

## "ਚੌਥੀ ਖੁਸ਼ਖਬਰੀ"

ਜੇ ਕੋਈ ਪਾਦਸ਼ਾਹ : ਰੱਬ ਉਸਦੀ ਮੱਦਦ ਕਰੇ ਇਸ ਦੁਖੀ ਜਨਤਾ ਦੇ ਬਚਾ ਤੇ ਸਹਾਇਤਾ ਵਾਸਤੇ ਉੱਠ ਖੜਾ ਹੋਵੇ ਤਾਂ ਸਭ ਨੂੰ ਇਕ ਦੂਜੇ ਤੋਂ ਵੱਧ ਚੜ੍ਹਕੇ ਉਸਦੇ ਕੰਮ ਆਉਣਾਂ ਤੇ ਉਸ ਨਾਲ ਹਿਤ ਕਰਨਾ ਚਾਹੀਦਾ ਹੈ। ਇਹ ਗੱਲ ਸਭ ਵਾਸਤੇ ਜ਼ਰੂਰੀ ਹੈ। ਜੋ ਅਜੇਹਾ ਕਰਦੇ ਹਨ ਉਹ ਚੰਗਾਂ ਕਰਦੇ ਹਨ।

## "ਪੰਜਵੀ ਖੁਸ਼ਖਬਰੀ"

ਏਸ ਦੇਸ਼ ਦੇ ਲੋਕ ਭਾਂਵੇਂ ਕਿਸੇ ਦੇਸ਼ ਵਿੱਚ ਰਹਿਣ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਉਸ ਦੇਸ਼ ਦੀ ਸਰਕਾਰ ਨਾਲ ਵਫਾਦਾਰੀ ਈਮਾਨਦਾਰੀ ਤੇ ਸਚਾਈ ਦਾ ਰਵੱਯਾ ਅਪਣਾਉਣ। ਇਸ ਚੀਜ਼ ਦਾ ਇਲਹਾਮ ਉਸਦੇ ਹੁਕਮ ਰਾਹੀਂ ਹੋਇਆ ਹੈ ਜੋ ਮੁੱਢ ਕਦੀਮ ਤੋਂ ਹੁਕਮਰਾਨ ਹੈ।

ਦੁਨੀਆਂ ਦੇ ਸਭ ਲੋਕਾਂ ਵਾਸਤੇ ਇਹ ਲਾਜ਼ਮੀ ਤੇ ਉਚਿਤ ਹੈ ਕਿ ਇਸ ਮਹਾਨ ਧਰਮ ਦੇ ਸਹਾਈ ਹੋਣ ਕਿਉਂ ਜੋ ਇਹ ਅਬਿਨਾਸ਼ੀ ਰੱਬ ਦੀ ਆਕਾਸ਼ੀ ਰਜ਼ਾ ਨਾਲ ਚਲਿਆ ਹੈ। ਖਵਰੇ ਵੈਰ ਦੀ ਅੱਗ ਜੋ ਦੁਨੀਆਂ ਦੀਆਂ ਕੁੱਝ ਕੌਮਾਂ ਦੇ ਦਿਲਾਂ ਵਿਚ ਬੱਲ ਰਹੀ ਹੈ। ਅਗੰਮ ਗਿਆਨ ਦੇ ਸਦਾ ਵਹਿਏ ਜਲ ਤੇ। ਆਕਾਸ਼ੀ ਮਤ ਤੇ ਉਪਦੇਸ਼ਾਂ ਰਾਹੀ ਬੁਝਾਈ ਜਾ ਸਕੇ। ਤੇ ਏਕਤਾ ਤੇ ਮੇਲਜੋਲ ਦਾ ਚਾਨਣ ਚਮਕ ਉੱਠੇ ਤੇ ਅਪਣਾ ਚਾਨਣ ਦੁਨੀਆਂ ਤੇ ਪਾਵੇ।



ਅਸੀਂ ਆਸ਼ਾ ਕਰਦੇ ਹਾਂ ਅਜਿਹੇ ਬੰਦਿਆਂ ਦੀ ਸਿਰ ਤੋੜ ਕੋਸ਼ਿਸ਼ ਨਾਲ ਜੋ ਰੱਬ ਦੀ ਸ਼ਕਤੀ ਦੇ ਸੂਚਕ ਹਨ—ਉਸਦੀ ਸ਼ਾਨ ਉੱਚੀ ਹੋਵੇ-ਦੁਨੀਆਂ ਭਰ ਵਿਚ ਜੰਗੀ ਹਥਿਆਰ ਬਦਲ ਕੇ ਪੁਨਰ ਨਿਰਮਾਣ ਦੇ ਹਥਿਆਰ ਬਣ ਜਾਣ ਤੇ ਲੜਾਈ ਝੱਗੜਾ ਤੇ ਵਿਰੋਧ ਮੁੱਕ ਜਾਵੇ।

## "ਛੇਵੀਂ ਖੁਸ਼ਖਬਰੀ"

ਹੈ ਛੋਟੀ ਸ਼ਾਨਤੀ ਕਾਇਮ ਕਰਨੀ ਜਿਸਦਾ ਵੇਰਵਾ ਪਹਿਲਾਂ ਹੀ ਸਾਡੀ ਮਹਾਨ ਉੱਚੀ ਕਲਮ ਨੇ ਦਿਰਸਾਇਆ ਹੈ। ਉਸ ਮਨੁੱਖ ਤੇ ਬੜੀ ਭਾਰੀ ਮਿਹਰ ਹੈ ਜੋ ਇਸ ਦੀ ਪਾਲਨਾ ਕਰਦਾ ਹੈ ਤੇ ਜੋ ਜਾਣੀਜਾਣ ਸੁਘੜ ਸਿਆਣੇ ਰੱਬ ਨੇ ਹੁਕਮ ਕੀਤਾ ਹੈ ਉਸਤੇ ਚਲਦਾ ਹੈ।

## "ਸੱਤਵੀਂ ਖੁਸ਼ਖਬਰੀ"

ਪੁਸ਼ਾਕ ਦੀ ਪਸੰਦ ਤੇ ਦਾੜ੍ਹੀ ਦੀ ਕਾਂਟ ਛਾਂਟ ਮਨੁੱਖਾਂ ਦੀ ਮਰਜੀ ਤੇ ਛੱਡ ਦਿੱਤੀ ਗਈ ਹੈ। ਪਰ ਲੋਕੋ ਖਬਰਦਾਰ ਮਤੇ ਤੁਸੀਂ ਗੁਮਰਾਹ ਲੋਕਾਂ ਦਾ ਖਡੌਣਾ ਬਨ ਜਾਓ।

## "ਅੱਠਵੀਂ ਖੁਸ਼ਖਬਰੀ"

ਹਜ਼ਰਤ ਈਸਾ ਦੇ ਨਾਮ ਲੇਵਿਆਂ ਵਿਚੋਂ (ਰੱਬ ਉਸਤੇ ਅਪਣੀ ਸ਼ਾਨਤੀ ਬਰਸਾਵੇ) ਜੋ ਸਾਧੂ ਤੇ ਪੁਜ਼ਾਰੀ ਹਨ ਉਨ੍ਹਾਂ ਦੇ ਚੰਗੇ ਕਰਮ ਉਸ ਦੀ ਹਜੂਰੀ ਵਿਚ ਯਾਦ ਕੀਤੇ ਜਾਂਦੇ ਹਨ। ਪਰ ਅੱਜਕਲ ਉਨ੍ਹਾਂ ਸਾਧੂਆਂ ਤੇ ਪੁਜਾਰੀਆਂ ਨੂੰ ਚਾਹੀਦਾ ਹੈ ਕਿ ਅਪਣੀ ਇਕਾਂਤ ਦੀ ਜ਼ਿੰਦਗੀ ਤਿਆਗ ਕਿ ਆਪਣੇ ਕਦਮ ਦੁਨਿਆਂ ਦੇ ਖੁੱਲੇ ਮੈਦਾਨ ਵਲ ਚੁਕਣ ਤੇ ਅਜਿਹੇ ਕੰਮ ਵਿੱਚ ਰੁੱਝ ਜਾਣ ਜਿਸ ਤੋਂ ਉਨ੍ਹਾਂ ਨੂੰ ਤੇ ਦੂਸਰਿਆਂ ਨੂੰ ਲਾਭ ਹੋਵੇ। ਅਸੀਂ ਉਨ੍ਹਾਂ ਨੂੰ ਵਿਆਹ ਕਰਾਉਣ ਦੀ ਆਗਿਆ ਦੇ ਦਿੱਤੀ ਹੈ ਤਾਂ ਜੋ ਉਹ ਇਕ ਬੱਚਾ ਪੈਦਾ ਕਰ ਸਕਣ ਜੋ ਰੱਬ ਦਾ ਨਾਂ ਲਵੇ ਜੋ ਦਿਖ ਤੇ ਅਦਿੱਖ ਦਾ ਮਾਲਕ ਹੈ ਤੇ ਉੱਚੇ ਸਿੰਘਾਸ਼ਨ ਦਾ ਵਾਲੀ ਹੈ।

## "ਨੌਵੀ ਖੁਸ਼ਖਬਰੀ"

ਜਦੋਂ ਗੁਨਾਹਗਾਰ ਅਪਣੇ ਆਪ ਨੂੰ ਸਭ ਕਾਸੇ ਤੋਂ ਨਿਰਮੋਹ ਬਣਾ ਲਵੇ ਤੇ ਸਿਰਫ ਰੱਬ ਨਾਲ ਜੁੜ ਜਾਵੇ ਤਾਂ ਉਸਨੂੰ ਰੱਬ ਕੋਲੋਂ, ਮਾਫੀ ਤੇ ਬਖਸ਼ਿਸ਼ ਮੰਗਣੀ ਚਾਹਿਦੀ ਹੈ। ਬੰਦਿਆਂ ਸਾਮ੍ਹਣੇ ਪਾਪਾਂ ਤੇ ਅਪਰਾਧਾਂ ਦੇ ਇਕਬਾਲ ਕਰਨ ਦੀ ਆਗਿਆ ਨਹੀਂ ਹੈ ਕਿਉਂ ਜੋ ਇਹ ਗੱਲ ਕਦੇ ਵੀ ਦੈਵੀ ਬਖਸ਼ਿਸ਼ ਦੀ ਸਹਾਈ ਨਹੀਂ ਹੋਈ ਤੇ ਨਾਂ ਰਵੇਗੀ। ਨਾਲੇ ਬੰਦਿਆਂ ਅੱਗੇ ਇੱਕਬਾਲ ਦਾ ਨਤੀਜਾ ਮਨੁੱਖ ਦੀ ਖੁਆਰੀ ਤੇ ਨੀਵਾਂਪਣ ਹੁੰਦਾ ਹੈ। ਤੇ ਰੱਬ ਜਿਸਦੀ ਸ਼ਾਨ ਹੋਰ ਉੱਚੀ ਹੋਵੇ—ਨਹੀਂ ਚਾਹੁੰਦਾ ਕਿ ਉਸਦੇ ਸੇਵਕਾਂ ਦੀ ਖੁਆਰੀ ਹੋਵੇ। ਉਹ ਸੱਚੀਂ ਹੀ ਦਿਆਵਾਨ ਤੇ ਤਰਸਵਾਨ ਹੈ। ਗੁਨ੍ਹਾਗਾਰ ਨੂੰ ਇੱਕਲੇ ਹੀ ਉਸ ਦਿਆ ਦੇ ਸਾਗਰ ਤੋਂ ਦਿਆ ਮੰਗਣੀ ਚਾਹਿਦੀ ਹੈ ਤੇ ਉਸ ਆਕਾਸ਼ੀ ਉਪਕਾਰੀ ਤੋਂ ਖਿਮਾਂ ਮੰਗਣਾ ਚਾਹੀਦਾ ਹੈ ਤੇ ਇੰਜ ਕਹਿਣਾ ਚਾਹਿਦਾ ਹੈ।

"ਹੇ ਰੱਬਾ ! ਮੇਰੇ ਰੱਬਾ ! ਮੈਂ ਤੇਰੀ ਮਿੰਨਤ ਕਰਦਾ ਤੇਰੇ ਸੱਚੇ ਆਸ਼ਕਾਂ ਦੇ ਸਦਕੇ ਜੋ ਤੇਰੀ ਮਿੱਠ ਬੋਲੀ ਨਾਲ ਏਨੇ ਮਸਤ ਹੋ ਗਏ ਸਨ ਕਿ ਓਹ ਤੇਰੀ ਵਡਿਆਈ ਦੇ ਸਿਖਰ ਵਲ ਉਤਾਵਲੇ ਹੋ ਕੇ ਗਏ ਜੋ ਸ਼ਹਾਦਤ ਦਾ ਸਭ ਤੋਂ ਸ਼ਾਨਦਾਰ ਅਸਥਾਨ ਹੈ, ਮੈਂ ਉਨ੍ਹਾਂ ਭੇਦਾਂ ਦੇ ਸਦਕੇ ਜੋ ਤੇਰੇ ਗਿਆਨ–ਮੰਦਰ ਵਿਚ ਸਜੇ ਹਨ ਤੇ ਉਨ੍ਹਾਂ ਸੁਚੇ ਮੋਤੀਆਂ ਦੇ ਸਦਕੇ ਜੋ ਤੇਰੀ ਦਾਤ ਦੇ ਸਾਗਰ ਵਿਚ ਸਾਂਭੇ ਪਏ ਹਨ। ਤੇਰੀ ਮਿੰਨਤ ਕਰਦਾ ਹਾਂ ਕਿ ਮੈਨੂੰ ਤੇ ਮੇਰੇ ਮਾਂ ਬਾਪ ਨੂੰ ਬਖਸ਼ ਦੇ। ਦਿਆਵਾਨਾਂ ਜੋ ਤੂੰ ਸੱਚੀ ਸਭ ਤੋਂ ਵੱਡਾ ਦਿਆਵਾਨ ਹੈ ਤੇਰੇ ਸਿਵਾ ਹੋਰ ਕੋਈ ਰੱਬ ਨਹੀਂ ਤੂੰ ਹਮੇਸ਼ਾ ਬਖਸ਼ਿੰਦ ਤੇ ਪਰਮ ਦਾਤਾਰ ਹੈ। ਹੇ ਮਾਲਿਕ ਤੂੰ ਵੇਖਦਾ ਹੈ ਕਿ ਇਹ ਗੁਨਾਹ ਦਾ ਵਜੂਦ ਤੇਰੇ ਕਰਮ ਦੇ ਸਾਗਰ ਵਲ ਪਰਤਿਆਂ ਹੈ ਤੇ ਇਹ ਨਿਤਾਣਾਂ ਤੇਰੀ ਦੈਵੀ ਸ਼ਕਤੀ ਦੀ ਭਾਲ ਕਰ ਰਿਹਾ ਹੈ ਤੇ ਇਹ ਗਰੀਬ ਤੇਰੀ ਦੌਲਤ ਦੇ ਸੂਰਜ ਵੱਲ ਝੁਕ ਗਿਆ ਹੈ। ਅਪਣੀ ਦਿਆ ਤੇ ਮਿਹਰ ਦੇ ਸਦਕੇ ਇਸ ਨੂੰ



ਨਿਰਾਸ਼ਾ ਨਾ ਕਰ ਤੇ ਹੇ ਮਾਲਿਕ ਨਾ ਇਸ ਨੂੰ ਆਪਣੀ ਬਖਸ਼ਿਸ਼ ਦੇ ਪ੍ਰਕਾਸ਼ ਤੋਂ ਵਾਂਝਾ ਰੱਖ ਨਾ ਹੀ ਇਸ ਨੂੰ ਆਪਣੇ ਦਰ ਤੋਂ ਪਰ੍ਹਾਂ ਕਰ— ਉਹ ਦਰ ਜੋ ਤੂੰ ਆਪਣੇ ਆਕਾਸ਼ ਤੇ ਧਰਤੀ ਤੇ ਰਹਿਣ ਵਾਲਿਆਂ ਵਾਸਤੇ ਖੁੱਲ੍ਹਾ ਰੱਖਿਆ ਹੈ।

ਹਾਏ ! ਹਾਏ ! ਮੇਰੇ ਗੁਨਾਹਾਂ ਨੇ ਮੈਨੂੰ ਤੇਰੇ ਪਵਿੱਤਰ ਦਰਬਾਰ ਵਿੱਚ ਆਉਣ ਤੋਂ ਰੋਕੀ ਰੱਖਿਆ ਤੇ ਮੇਰੇ ਅਪਰਾਧਾਂ ਨੇ ਮੈਨੂੰ ਤੇਰੀ ਵਡਿਆਈ ਦੇ ਮੰਦਰ ਦਾ ਰਾਹ ਭੁਲਾ ਦਿੱਤਾ। ਮੈਂ ਉਹ ਕੁੱਝ ਕੀਤਾ ਜਿਸ ਤੋਂ ਤੂੰ ਮੈਨੂੰ ਵਰਜਿਆ ਸੀ ਤੇ ਜੋ ਤੂੰ ਮੈਨੂੰ ਕਰਨ ਵਾਸਤੇ ਹੁਕਮ ਦਿੱਤਾ ਸੀ ਉਹ ਨਹੀਂ ਕੀਤਾ।

ਮੈਂ ਉਸ ਨੂੰ ਜਾਣਕੇ ਜੋਸ ਸਭ ਨਾਮਾਂ ਦਾ ਸਿਰਤਾਜ਼ ਹੈ ਪ੍ਰਾਰਥਨਾ ਕਰਦਾ ਹਾਂ ਤੂੰ ਅਪਣੀ ਬਖਸ਼ਿਸ਼ ਦੀ ਕਲਮ ਨਾਲ ਮੇਰੇ ਵਾਸਤੇ ਅਜਿਹਾ ਲਿਖ ਦੇ ਜਿਸ ਨਾਲ ਇਸ ਯੋਗ ਬਣ ਜਾਵਾਂ ਕਿ ਤੇਰੇ ਨੇੜੇ ਆ ਸਕਾਂ ਤੇ ਮੇਰੇ ਅਪਰਾਧਾਂ ਦੀ ਸਫਾਈ ਹੋ ਜਾਵੇ ਜੋ ਮੇਰੇ ਤੇ ਤੇਰੀ ਰਹਿਮਤ ਤੇ ਬਖਸ਼ੀਸ਼ ਦੇ ਵਿਚਾਲੇ ਅੜੇ ਹੋਏ ਹਨ। ਤੂੰ ਸੱਚੀ ! ਸ਼ਕਤੀਵਾਨ ਤੇ ਬਖਸ਼ਿੰਦ ਹੈ। ਤੇਰੇ ਸਿਵਾ ਹੋਰ ਕੋਈ ਰੱਬ ਨਹੀਂ ਤੂੰ ਹੀ ਡਾਢਾ ਤੇ ਮਿਹਰਬਾਨ ਹੈ।

## "ਦੱਸਵੀਂ ਖੁਸ਼ਖਬਰੀ"

ਰੱਬ ਦੇ ਫਜ਼ਲ ਦੀ ਨਿਸ਼ਾਨੀ ਵਜੋਂ, ਜੋ ਇਸ ਮਹਾਨ ਨਿਵੇਦਨ ਦਾ ਪ੍ਰਗਟ ਕਰਨ ਵਾਲਾ ਹੈ, ਅਸੀਂ ਇਸ ਧਾਰਮਕ ਪੁਸਤਕ ਤੇ ਪੱਟੀਆਂ ਵਿਚੋਂ ਉਹ ਨੇਮ ਜਿਸ ਰਾਹੀਂ ਪੁਸਤਕਾਂ ਦਾ ਨਾਸ਼ ਕਰਨਾ ਤਜਵੀਜ਼ ਕੀਤਾ ਗਿਆ ਹੈ, ਕੱਢ ਦਿੱਤਾ ਹੈ।

## "ਗਿਆਰਵੀਂ ਖੁਸ਼ਖਬਰੀ"

ਵਿਗਿਆਨ ਤੇ ਹੋਰ ਮਜ਼ਬੂਨਾਂ ਦੇ ਪੜ੍ਹਨ ਦੀ ਖੁੱਲ ਹੈ। ਪਰ ਉਨ੍ਹਾਂ ਵਿਗਿਆਨਾਂ ਦੀ ਜੋ ਕੰਮ ਆਉਣ ਵਾਲੇ ਹੋਣ ਤੇ ਮਨੁੱਖ ਜਾਤੀ ਦੀ ਤਰੱਕੀ ਤੇ ਉੱਨਤੀ 'ਚ ਵਾਧੇ ਦਾ ਕਾਰਣ ਬਣ ਸਕਦੇ ਹੋਣ। ਇੰਜ

ਉਸਨੇ ਹੁਕਮ ਦਿੱਤਾ ਹੈ ਜੋ ਹੁਕਮ ਦੇਣ ਵਾਲਾ ਤੇ ਧਰਮ ਸਿਆਣਾ ਹੈ।

### "ਬਾਰ੍ਹਵੀਂ ਖ਼ੁਸ਼ਖਬਰੀ"

ਤੁਹਾਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਹਰੇਕ ਕਿਸੇ ਨਾ ਕਿਸੇ ਧੰਦੇ ਵਿਚ ਰੁਝਿਆ ਰਹੇ ਜਿਵੇਂ ਕਿ ਕਾਰੀਗਰੀ, ਵਪਾਰ, ਵਿਹਾਰ ਆਦਿ। ਅਸੀਂ ਤੁਹਾਡੇ ਕਿੱਤੇ ਦੇ ਰੁਝੇਵੇਂ ਨੂੰ ਭਗਤੀ ਦੇ ਸਮਾਨ ਵਡਿਆਈ ਬਖਸ਼ੀ ਹੈ। ਅਪਣੇ ਮਨ ਵਿਚ ਰੱਬ ਦੀ ਮਿਹਰ ਤੇ ਬਰਕਤ ਤੇ ਵਿਚਾਰ ਕਰੋ। ਤੇ ਸਵੇਰੇ ਤੇ ਆਪਣੇ ਉਸ ਦਾ ਸ਼ੁਕਰ ਕਰੋ। ਅਪਣਾ ਵਕਤ ਸੁਸਤੀ ਤੇ ਆਲਸ ਵਿਚ ਨਾ ਗਵਾਓ। ਅਜਿਹੇ ਆਹਰ ਲੱਗੇ ਰਹੋ ਜਿਸ ਨਾਲ ਤੁਹਾਨੂੰ ਤੇ ਦੂਸਰਿਆਂ ਨੂੰ ਲਾਭ ਹੋਵੇ। ਇੰਜ ਉਸਨੇ ਇਸ ਪੱਟੀ ਵਿਚ ਹੁਕਮ ਦਿੱਤਾ ਹੈ ਜਿਸ ਦੇ ਦਿਗ ਮੰਡਲ ਚੋਂ ਬੁੱਧ ਤੇ ਬਚਨਾਂ ਦਾ ਸੂਰਜ ਪ੍ਰਕਾਸ਼ਮਾਨ ਹੁੰਦਾ ਹੈ।

ਰੱਬ ਦੀ ਨਜ਼ਰ ਵਿਚ ਸਭ ਤੋਂ ਘਿਰਣਾਂ ਯੋਗ ਬੰਦੇ ਉਹ ਹਨ ਜੋ ਵੇਹਿਲੇ ਬੈਠਕੇ ਭੀਖ ਮੰਗਦੇ ਹਨ। ਲੋੜ ਦੇ ਸਾਧਨਾਂ ਦੀ ਡੋਰ ਘੁੱਟ ਕੇ ਫੜੀ ਰੱਖੋ ਤੇ ਰੱਬ ਤੇ ਪੂਰਾ ਭਰੋਸਾ ਰੱਖੋ—ਉਹੀ ਸਭ ਸਾਧਨ ਬਨਾਉਣ ਵਾਲਾ ਹੈ। ਜਦੋਂ ਕੋਈ ਕਿਸੇ ਕਿਤੇ ਜਾਂ ਵਿਹਾਰ ਵਿਚ ਰੁੱਝਾ ਹੋਵੇ ਤਾਂ ਅਜੇਹਾ ਰੁਝੇਵਾਂ ਰੱਬ ਦੀ ਜਾਂਚ ਵਿਚ ਭਗਤੀ ਦੇ ਸਮਾਨ ਹੈ ਤੇ ਇਹ ਗੱਲ ਉਸਦੀ ਬੇਅੰਤ ਤੇ ਸਭਨੀ ਥਾਂਈ ਫੈਲੀ ਰਹਿੱਮਤ ਦੀ ਨਸ਼ਾਨੀ ਹੈ।

### "ਤੇਰ੍ਹਵੀਂ ਖੁਸਖਬਰੀ"

ਲੋਕਾਂ ਦੇ ਮੁਆਮਲੇ ਨਿਆਂਏ ਘਰ (ਹਾਉਸ ਆਫ ਜਸਟਿਸ) ਦੇ ਮੈਂਬਰਾਂ ਦੇ ਸਪੁਰਦ ਹਨ। ਉਹ ਦਰਅਸਲ ਲੋਕਾਂ ਵਿਚ ਰੱਬ ਦੇ ਨਿਆਸੀ ਹਨ ਤੇ ਵੱਖ ਵੱਖ ਦੇਸ਼ਾਂ ਵਿਚ ਉਸ ਦੇ ਅਧਿਕਾਰ ਦਾ ਸਵੇਰਾ ਹਨ।

ਹੇ ਰੱਬ ਦੇ ਬੰਦਿਓ! ਜੋ ਚੀਜ਼ ਲੋਕਾਂ ਵਿਚ ਲੋੜੀ ਦੀ ਸਮਰੱਥਾ ਪੈਦਾ ਕਰਦੀ ਹੈ ਉਹ ਹੈ ਨਿਆਂ, ਕਿਉ ਜੋ ਇਹ ਦੋ ਥੰਮਾਂ ਤੇ ਖੜ੍ਹਾ ਹੈ। ਇਨਾਮ ਤੇ ਸਜ਼ਾ, ਇਹ ਦੋਨੋਂ ਥੰਮ ਦੁਨੀਆਂ ਦੇ ਜੀਵਨ ਦੀ ਜੜ੍ਹ ਹਨ।



ਕਿਉਂ ਜੋ ਨਿਤ ਨਵੀਂ ਸਮੱਸਿਆ ਪੈਦਾ ਹੁੰਦੀ ਹੈ ਤੇ ਹਰ ਸਮੱਸਿਆ ਦਾ ਇਕ ਬਣਦਾ ਹਲ ਹੁੰਦਾ ਹੈ ਇਸ ਕਰਕੇ ਅਜਿਹੇ ਮੁਆਮਲੇ ਨਿਆਏ ਘਰ ਦੇ ਮੰਤਰੀਆਂ ਕੋਲ ਭੇਜਨੇ ਚਾਹੀਦੇ ਹਨ ਤਾਂ ਜੋ ਉਹ ਸਮੇਂ ਦੀ ਲੋੜ ਅਨੁਸਾਰ ਕਾਰਵਾਈ ਕਰਨ। ਓਹ ਜੋ ਰੱਬ ਦੀ ਖਾਤਰ ਉਸਦੇ ਪੱਖ ਦੀ ਸੇਵਾ ਵਾਸਤੇ ਉਠ ਖੜ੍ਹੇ ਹੁੰਦੇ ਹਨ ਉਹ ਉਸਦੇ ਅਣਡਿਠ ਦਰਬਾਰ ਵਿਚੋਂ ਆਕਾਸ਼ੀ ਪ੍ਰੇਰਨਾ ਦੇ ਪਾਤਰ ਹੁੰਦੇ ਹਨ। ਸਭ ਵਾਸਤੇ ਜ਼ਰੂਰੀ ਹੈ ਕਿ ਉਨ੍ਹਾਂ ਦੇ ਆਗਿਆਕਾਰੀ ਹੋਣ। ਰਾਜ ਦੇ ਸਾਰੇ ਮੁਆਮਲੇ ਨਿਆਂਏ ਘਰ ਭੇਜਣੇ ਚਾਹੀਦੇ ਹਨ। ਪਰ ਪੂਜਾ ਸੰਬੰਧੀ ਕੰਮ ਉਸੀ ਤਰ੍ਹਾਂ ਕਰਨੇ ਚਾਹੀਦੇ ਹਨ ਜਿਵੇਂ ਕਿ ਕਿਤਾਬ ਵਿਚ ਰੱਬ ਵਲੋਂ ਪ੍ਰਗਟ ਕੀਤਾ ਗਿਆ ਹੈ।

ਹੇ ਬਹਾ ਦੇ ਲੋਕੋ! ਤੁਸੀਂ ਰੱਬ ਦੇ ਪਿਆਰ ਦਾ ਤੇ ਉਸਦੀ ਪਿਆਰ ਭਰੀ ਮਿਹਰ ਦਾ ਸਵੇਰਾ ਅਪਣੀ ਜ਼ਬਾਨਾਂ ਨੂੰ ਕਿਸੇ ਤੇ ਫਿਟਕਾਰ ਪਾਕੇ ਜਾਂ ਮੰਦਾ ਬੋਲ ਕੇ ਪਲੀਦ ਨਾ ਕਰੋ ਤੇ ਅਪਣੀ ਅੱਖਾਂ ਨੂੰ ਮਾੜਾ ਦੇਖਣ ਤੋਂ ਬਚਾਓ। ਜੋ ਮਨ ਵਿਚ ਹੈ ਬਿਆਨ ਕਰੋ, ਜੇ ਇਹ ਪ੍ਰਵਾਨ ਹੋਵੇ ਤਾਂ ਤੁਹਾਡਾ ਮਨੋਰਥ ਪੂਰਾ ਹੋ ਗਿਆ ਜੇ ਨਹੀਂ ਤਾਂ ਰੋਸ਼ ਪ੍ਰਗਟ ਕਰਨਾ ਵਿਅਰਥ ਹੈ। ਉਸ ਜੀਵ ਆਤਮਾ ਨੂੰ ਛੱਡੋ। ਤੇ ਮਾਲਕ ਵਲ ਮੁੱਖ ਮੋੜੋ ਜੋ ਬਚਾਉਣ ਵਾਲਾ ਤੇ ਸਵੈ ਭੂੰ ਹੈ। ਸ਼ੋਕ ਦਾ ਕਾਰਨ ਨਾ ਬਣੋ ਤੇ ਨਾ ਹੀ ਫੁੱਟ ਤੇ ਝਗੜੇ ਦਾ। ਆਸ ਰੱਖੀ ਜਾਂਦੀ ਹੈ ਕਿ ਤੁਸੀਂ ਉਸ ਦੀ ਪਿਆਰੀ ਰਹਿਮਤ ਦੇ ਬਿਰਛ ਦੀ ਪਨਾਹ ਹੇਠ ਸੱਚੀ ਸਿਖਿਆ ਪ੍ਰਾਪਤ ਕਰੋਗੇ ਤੇ ਰੱਬ ਦੀ ਰਜ਼ਾ ਦੇ ਅਨੁਸਾਰ ਅਮਲ ਕਰੋਗੇ। ਤੁਸੀਂ ਸਾਰੇ ਇਕੋ ਬਿਰਛ ਦੇ ਪੱਤੇ ਹੋ ਤੇ ਇਕ ਸਾਗਰ ਦੇ ਪਾਣੀ ਦੀਆਂ ਬੂੰਦਾ ਹੋ।

### "ਚੋਧਵੀਂ ਖ਼ੁਸ਼ਖਬਰੀ"

ਮੋਏ ਹੋਇਆਂ ਦੀ ਮੜ੍ਹੀਆਂ ਦੇ ਦਰਸ਼ਨਾਂ ਵਾਸਤੇ ਉਚੇਚੇ ਸਫਰ ਕਰਨਾ ਜ਼ਰੂਰੀ ਨਹੀਂ ਹੈ। ਜੇ ਮਾਲਦਾਰ ਬੰਦੇ ਅਜਿਹੇ ਸਫਰਾਂ ਦਾ ਖਰਚ ਨਿਆਏ ਘਰ ਨੂੰ ਦੇ ਦੇਣ ਤਾਂ ਰੱਬ ਦੇ ਹਜ਼ੂਰ ਇਹ ਪ੍ਰਸਨਤਾ ਪੂਰਬਕ

ਮਨਜ਼ੂਰ ਹੋਵੇਗਾ । ਉਹ ਸੁਭਾਗੇ ਹਨ ਜੋ ਉਸਦੀ ਮਤ ਤੇ ਚਲਦੇ ਹਨ ।

### "ਪੰਦਰਵੀਂ ਖੁਸ਼ਖਬਰੀ"

ਭਾਵੇ ਗਣ ਰਾਜਕ ਬਣਾਉਣ ਵਾਲੀ ਸਰਕਾਰ ਦੁਨੀਆਂ ਦੀ ਮਨੁੱਖ ਜਾਤੀ ਵਾਸਤੇ ਲਾਭਦਾਇਕ ਹੈ । ਪਰ ਬਾਦਸ਼ਾਹਤ ਦੀ ਸ਼ਾਨ ਭੀ ਰੱਬ ਦੀ ਨਸ਼ਾਨੀਆਂ ਵਿਚੋਂ ਇਕ ਹੈ । ਅਸੀਂ ਨਹੀਂ ਚਾਹੁੰਦੇ ਦੁਨੀਆਂ ਦੇ ਦੇਸ਼ ਇਸ ਤੋਂ ਵਾਂਝੇ ਰਹਿਣ । ਜੇ ਸੂਝਵਾਨ ਮਨੁੱਖ ਦੋਨੋਂ ਤਰ੍ਹਾਂ ਦੀ ਸਰਕਾਰਾਂ ਇਕ ਸ਼ਕਲ ਵਿਚ ਬਦਲ ਦੇਣ ਤਾਂ ਰੱਬ ਦੇ ਹਜ਼ੂਰ ਉਹ ਬੜਾ ਫਲ ਪਾਉਣਗੇ ।

ਪਹਿਲੇ ਮਜਹਬਾਂ ਵਿਚ ਇਹੋ ਜਿਹੇ ਫਰਮਾਨ ਜਿਵੇਂ ਕਿ ਧਰਮ-ਯੁੱਧ ਕਿਤਾਬਾਂ ਦਾ ਨਾਸ਼, ਦੂਜੇ ਲੋਕਾਂ ਨਾਲ ਮੇਲ ਜੋਲ ਤੇ ਪਾਬੰਦੀ ਯਾ ਖਾਸ ਕਿਤਾਬਾਂ ਪੜ੍ਹਨ ਤੇ ਪਾਬੰਦੀ, ਜ਼ਾਰੀ ਕੀਤੀ ਗਈ ਸੀ ਤੇ ਅਚਾਨਕ ਲੋੜ ਅਨੁਸਾਰ ਉਨ੍ਹਾਂ ਦੀ ਪਰੋੜ੍ਹਤਾ ਕੀਤੇ ਗਏ ਸੀ ਪਰੰਤੂ ਇਸ ਮਹਾਨ ਇਲਹਾਮ ਵਿਚ ਇਸ ਮਹੱਤਵ ਪੂਰਨ ਐਲਾਨ ਰਾਹੀਂ ਰੱਬ ਦੀਆਂ ਬੇਅੰਤ ਦਾਤਾਂ ਤੇ ਮਿਹਰਾਂ ਨੇ ਸਾਰੀ ਮਨੁੱਖ ਜਾਤੀ ਨੂੰ ਪਰਛਾਉ ਦਿੱਤਾ ਹੈ । ਅਤੇ ਸਦੀ ਵੀ ਮਾਲਕ ਦੀ ਰਜ਼ਾ ਦੇ ਦਿਗ-ਮੰਡਲ ਚੋਂ ਉਸਦੇ ਅਭੁੱਲ ਹੁਕਮ ਨੇ ਜੋ ਮੁਕੱਰਰ ਕੀਤਾ ਹੈ ਉਹ ਅਸੀਂ ਉਪਰ ਬਿਆਨ ਕਰ ਦਿੱਤਾ ਹੈ ।

ਅਸੀਂ ਉਸ ਪ੍ਰਮਾਤਮਾ ਦੀ ਉਸਤਤਿ ਕਰਦੇ ਹਾਂ, ਉਸਦੇ ਨਾਮ ਦੀ ਮਹਿਮਾ ਹੋਵੇ—ਜਿਸ ਨੇ ਆਪਣੀ ਮਿਹਰ ਦੁਆਰਾ ਇਸ ਸੁਭਾਗੇ, ਸ਼ਾਨਦਾਰ, ਅਤੇ ਅਨਾਪ ਦਿਨ ਏਨਾ ਕੁੱਝ ਆਕਾਸ਼ਬਾਣੀ ਰਾਹੀਂ ਪ੍ਰਗਟ ਕਰ ਦਿੱਤਾ । ਸੱਚ ਮੁੱਚ ਜੇ ਧਰਤੀ ਤੇ ਹਰੇਕ ਮਨੁੱਖ ਨੂੰ ਲੱਖਾਂ ਕਰੋੜਾਂ ਜੀਭਾਂ ਲੱਗ ਜਾਣ ਤੇ ਸਾਰੇ ਦਿੱਨ ਰਾਤ ਉਸ ਦੀ ਵਡਿਆਈ ਤੇ ਉਸਤਤਿ ਉਸ ਕਾਲ ਤੱਕ ਕਰਨ ਜਿਸ ਦਾ ਕੋਈ ਅੰਤ ਨਹੀਂ ਤਾਂ ਭੀ ਉਨ੍ਹਾਂ ਦਾ ਸ਼ੁਕਰਾਨਾ ਇਕ ਵੀ ਦਾਤਾ ਦੇ (ਜੋ ਪੱਟੀ 'ਚ ਦਰਜ਼ ਹਨ) ਯੋਗ ਨਹੀਂ ਹੋਵੇਗਾ । ਇਸ ਗੱਲ ਦਾ ਹਰ ਸਿਆਣਾਂ ਸੁਚੇਤ, ਸਮਝਦਾਰ ਤੇ ਸੂਝ ਵਾਲਾ ਗਵਾਹ ਹੈ ।



ਅਸੀਂ ਦਿਲੋਂ ਰੱਬ ਅੱਗੇ ਬੇਨਤੀ ਕਰਦੇ ਹਾਂ—ਉਸ ਦੀ ਸ਼ਾਨ ਉੱਚੀ ਹੋਵੇ—ਕਿ ਉਹ ਦੁਨੀਆਂ ਦੇ ਪਾਦਸ਼ਾਹ ਤੇ ਸ਼ਹਿਨਸ਼ਾਹਾਂ ਦਾ—ਜੋ ਕਿ ਉਸ ਦੀ ਸ਼ਕਤੀ ਤੇ ਸ਼ਾਨ ਦੇ ਸਵੇਰੇ ਹਨ—ਉਸਦੇ ਕਾਨੂੰਨ ਤੇ ਹੁਕਮ ਲਾਗੂ ਕਰਨ ਵਿਚ ਉਨ੍ਹਾਂ ਦਾ ਸਹਾਈ ਹੋਵੇ । ਉਹ ਵਾਸਤਵ ਵਿਚ ਸਰਬ ਸਮ੍ਰੱਥ ਤੇ ਸਰਵ ਸ਼ਕਤੀਮਾਨ ਹੈ । ਉਹ ਲੋਕਾਂ ਦੀ ਮੰਗ ਪੂਰੀ ਕਰਨ ਦਾ ਚਾਹਵਾਨ ਹੈ ।

### "ਤਰਾਜ਼ਤ ਨਾਮੀ ਪੁਸਤਕ ਵਿਚੋਂ"

62. ਹੇ ਬੰਦੇ ਤੂੰ ਮੇਰੇ ਗਿਆਨ ਦੇ ਪਿਆਲੇ ਵਿਚੋਂ ਮੇਰੇ ਸ਼ਬਦਾਂ ਦੀ ਰੂਹਾਨੀ ਸ਼ਰਾਬ ਪੀਤੀ ਹੈ ਇਹ ਮਹਾਨ ਵਾਕ ਉਸ ਆਕਾਸੀ ਤੂਬਾਂ ਬਿਰਛ ਦੇ ਪੱਤਿਆਂ ਦੀ ਖੜਖੜ ਚੋਂ ਪੈਦਾ ਹੋਏ ਸਨ ਜਿਸ ਨੂੰ ਆਕਾਸ਼ੀ ਸ਼ਕਤੀ ਨੇ ਸਭ ਤੋਂ ਉੱਚੇ ਸਵਰਗ ਵਿਚ ਲਗਾਇਆ ਹੈ ।

### ਪਹਿਲੀ ਤਰਾਜ਼

ਤੇ ਪਹਿਲੀ ਚਮਕ ਜੋ ਮਾਤ-ਪੁਸਤਕ ਦੇ ਦਿਗ—ਮੰਡਲ 'ਚੋਂ ਉਦੇ ਹੋਈ ਉਹ ਇਹ ਹੈ ਕਿ ਮਨੁੱਖ ਆਪਣੇ ਆਪ ਦੀ ਪਹਿਚਾਣ ਕਰੇ ਤੇ ਇਹ ਜਾਣੇ ਕਿ ਕਿਹੜੀ ਚੀਜ਼ ਬੰਦੇ ਨੂੰ ਉੱਚਾ ਕਰਦੀ ਹੈ ਤੇ ਕਿਹੜੀ ਨੀਵਾਂ ਕਰਦੀ ਹੈ, ਕਿਹੜੀ ਵਡਿਆਈ ਦੇਂਦੀ ਹੈ ਤੇ ਕਿਹੜੀ ਨਮਾਣਾਂ ਬਣਾਂਦੀ ਹੈ, ਕਿਹੜੀ ਅਮੀਰੀ ਲਿਆਉਂਦੀ ਹੈ ਤੇ ਕਿਹੜੀ ਗਰੀਬੀ । ਪੂਰਤੀ ਦੀ ਅਵਸਥਾ ਪਾਕੇ ਤੇ ਬਾਲਗ ਹੋਕੇ ਮਨੁੱਖ ਨੂੰ ਧਨ ਦੀ ਲੋੜ ਪੈਂਦੀ ਹੈ ਤੇ ਅਜਿਹਾ ਧਨ ਜੋ ਉਹ ਕੋਈ ਕਿਤਾ ਯਾ ਕੰਮ ਕਰਕੇ ਕਮਾਵੇ ਸ਼ਲਾਘਾ ਤੇ ਵਡਿਆਈ ਯੋਗ ਹੈ ਸਿਆਣੇ ਬੰਦਿਆਂ ਦੇ ਅਨੁਮਾਨ ਵਿਚ ਖਾਸਕਰ ਉਨ੍ਹਾਂ ਸੇਵਕਾਂ ਦੀ ਨਜ਼ਰਾਂ ਵਿਚ ਜੋ ਆਪਣੇ ਆਪ ਨੂੰ ਸੰਸਾਰ ਦੀ ਸਿਖਿਆ ਤੇ ਜਨਤਾ ਦੇ ਆਤਮਕ ਲਾਭ ਵਾਸਤੇ ਅਰਪਣ ਕਰ ਦੇਂਦੇ ਹਨ । ਉਹ ਵਾਸਤਵ ਵਿਚ ਜਾਨ ਪਾਉਣ ਵਾਲੇ ਗਿਆਨ ਦੇ ਪਾਣੀ ਦੇ ਕਟੋਰੇ ਹਨ ਤੇ ਆਦਰਸ਼ਕ ਰਾਹ ਦੇ ਆਗੂ ਹਨ । ਉਹ ਲੋਕਾਂ ਨੂੰ ਸਿੱਧੇ ਰਸਤੇ ਪਾਉਂਦੇ ਹਨ ਤੇ ਜੋ ਕੰਮ ਲੋਕ ਸੁਧਾਰ ਤੇ ਉੱਚੀ ਸੂਰਤ ਵਲ ਲਿਜਾਂਦੇ ਹਨ ਉਨ੍ਹਾਂ ਕੰਮਾਂ ਦੀ ਜਾਣਕਾਰੀ ਦੇਂਦੇ ਹਨ ।

ਸਿੱਧਾ ਰਸਤਾ ਉਹੀ ਹੈ ਜੋ ਮਨੁੱਖ ਨੂੰ ਉਪਲਭਦ ਦੇ ਸਵੇਰੇ ਵਲ ਤੋਂ ਸੱਚੀ ਸੂਝ ਦੇ ਉਦੇ-ਅਸਥਾਨ ਵਲ ਲੈ ਜਾਵੇ ਅਤੇ ਉਸ ਨੂੰ ਉਸ ਪਾਸ ਲੈ ਚਲੋ ਜਿਹੜਾ ਕਿ ਵਡਿਆਈ ਮਾਣ ਤੇ ਉੱਚਤਾ ਵਿਚ ਵਾਧੇ ਦਾ ਕਾਰਨ ਬਣੇ।

ਅਸੀਂ ਆਸ ਕਰਦੇ ਹਾਂ ਕਿ ਉਸ ਜਾਣੀ ਜਾਣ ਦੀ ਪਿਆਰ ਭਰੀ ਮਿਹਰ ਦੁਆਰਾ ਹਨੇਰਾ ਕਰਨ ਵਾਲੀ ਗਰਦ ਹਟ ਜਾਵੇਗੀ। ਤੇ ਅਨੁਭਵ ਕਰਨ ਦੀ ਸ਼ਕਤੀ ਵੱਧ ਜਾਵੇਗੀ ਤੇ ਮਨੁੱਖ ਜਾਤੀ ਮਾਲੂਮ ਕਰ ਲਵੇਗੀ ਕਿ ਉਸ ਨੂੰ ਕਿਸ ਮਨੋਰਥ ਲਈ ਪੈਦਾ ਕੀਤਾ ਗਿਆ ਹੈ। ਅੱਜ ਦੇ ਸਮੇਂ ਜੋ ਕੁਝ ਭੀ ਅਗਿਆਨ ਘਟਾਵੇ ਤੇ ਸੂਝ ਵਧਾਵੇ ਵਿਚਾਰ ਯੋਗ ਹੈ। ਇਹ ਸੂਝ ਅਸਲੀ ਗਿਆਨ ਦਾ ਕਾਰਨ ਤੇ ਆਗੂ ਦਾ ਕੰਮ ਕਰਦੀ ਹੈ। ਵਾਸਤਵ ਵਿਚ ਸਿਆਣੇ ਬੰਦਿਆਂ ਦੇ ਖਿਆਲ ਵਿਚ ਸਮਝ ਦੀ ਤੇਜ਼ੀ ਸੂਝ ਦੀ ਤ੍ਰਿਖ ਕਾਰਨ ਹੁੰਦੀ ਹੈ। ਬਹਾਂਈਆਂ ਨੂੰ ਚਾਹਿਦਾ ਹੈ ਕਿ ਹਰ ਹਾਲਤ ਵਿਚ ਜੋ ਸੋਭਦਾ ਤੇ ਢੁਕਵਾਂ ਹੋਵੇ ਉਹੀ ਕਰਨ ਤੇ ਲੋਕਾਂ ਨੂੰ ਭੀ ਇਸ ਵਾਸਤੇ ਪ੍ਰੇਰਨਾ ਚਾਹੀਦਾ ਹੈ।

## ਦੂਸਰੀ ਤਰਾਜ਼

ਹੈ ਸਭ ਧਰਮਾਂ ਦੇ ਲੋਕਾਂ ਨਾਲ ਮਿੱਤ੍ਰਤਾਈ ਤੇ ਭਾਈਚਾਰੇ ਦੇ ਜਜ਼ਬੇ ਨਾਲ ਸੰਗ ਕਰਨਾ ਤੇ ਜੋ ਐਲਾਨ ਤੂਰ ਦੇ ਪਹਾੜ ਤੇ ਬੋਲਨ ਵਾਲੇ (ਹਜ਼ਰਤ ਮੂਸਾ) ਨੇ ਕੀਤਾ ਸੀ ਉਸਦੀ ਮੁਨਾਦੀ ਕਰਨਾ ਤੇ ਸਭ ਮਾਮਲਿਆਂ ਵਿਚ ਇਨਸਾਫ ਬਰਤਨਾ।

ਹੈ ਜਿਹੜੇ ਸੁਹਿਰਦਤਾ ਤੇ ਵਫਾਦਾਰੀ ਦੇ ਗੁਣਾਂ ਨਾਲ ਸਜੇ ਹੋਏ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਸੰਸਾਰ ਦੇ ਕੁਲ ਲੋਕਾਂ ਨਾਲ ਤੇ ਉਨ੍ਹਾਂ ਦੇ ਭੈਣ ਭਰਾਵਾਂ ਨਾਲ ਖਿੜੇ ਮੱਥੇ ਤੇ ਖਸ਼ੀ ਨਾਲ ਮੇਲ ਜੋਲ ਕਰਨ ਕਿਉਂ ਜੋ ਸਤ ਸੰਗ ਕਰਨ ਨਾਲ ਏਕਤਾ ਤੇ ਸਦ ਭਾਵ ਪੈਦਾ ਹੁੰਦੇ ਹਨ ਤੇ ਇਹ ਦੋਨੋਂ ਸ਼ਾਂਤੀ ਤੇ ਕੌਮਾਂ ਦੇ ਸੁਧਾਰ ਵਿਚ ਸਹਾਈ ਹੁੰਦੇ ਹਨ। ਉਹ ਧੰਨ ਹਨ ਜੋ ਦਿਆ ਤੇ ਪਿਆਰ ਭਰੇ ਤਰਸ ਦੀ ਡੋਰ ਘੁਟਕੇ ਫੜੀ ਰੱਖਦੇ ਹਨ ਤੇ ਦੁਸ਼ਮਨੀ ਤੇ ਨਫਰਤ ਤੋਂ ਬਚੇ ਹੋਏ ਹਨ।



ਇਸ ਮਜਲੂਮ ਨੇ ਦੁਨੀਆਂ ਦੇ ਲੋਕਾਂ ਨੂੰ ਜ਼ੋਰ ਲਾਕੇ ਸਮਝਾਇਆ ਕਿ ਸਹਨਸ਼ੀਲਤਾ ਤੇ ਸਤਵਾਦਤਾ ਦੀ ਪਾਲਨਾ ਕਰੋ—ਏਹੀ ਦੋ ਦੁਨੀਆ ਦੇ ਅਧਕਾਰ ਵਿੱਚ ਚਾਨਣ ਮੁਨਾਰੇ ਹਨ ਤੇ ਏਹੀ ਦੋ ਮਨੁੱਖ ਜਾਤੀ ਵਾਸਤੇ ਵਿਦਿਆ ਅਤੇ ਆਤਮਕ ਲਾਭ ਦੇਣ ਵਾਲੇ ਹਨ। ਸੁਭਾਗੇ ਹਨ ਜਿਨ੍ਹਾਂ ਨੇ ਇਹ ਪ੍ਰਾਪਤ ਕਰ ਲਿਆ ਤੇ ਲਾਅਨਤ ਹੈ ਉਨ੍ਹਾਂ ਤੇ ਜਿਨ੍ਹਾਂ ਨੇ ਲਾਪਰਵਾਹੀ ਕੀਤੀ।

## ਤੀਸਰੀ ਤਰਾਜ਼

ਆਚਰਨ ਬਾਰੇ ਹੈ। ਅੱਛਾ ਆਚਰਨ ਬੰਦਿਆਂ ਵਾਸਤੇ ਰੱਬ ਦਾ ਦਿੱਤਾ ਇੱਕ ਓਢਨ ਹੈ। ਇਸ ਨਾਲ ਉਹ ਅਪਣੇ ਪਿਆਰਿਆਂ ਦੇ ਸ਼ਰੀਰ ਸਜਾਉਂਦਾ ਹੈ। ਜਾਨ ਸਦਕੇ। ਚੰਗੇ ਆਚਰਨ ਦਾ ਪ੍ਰਕਾਸ਼ ਸੂਰਜ ਦੀ ਰੋਸ਼ਨੀ ਤੇ ਚਮਕ ਨੂੰ ਭੀ ਮਾਤ ਕਰਦਾ ਹੈ। ਜੋ ਭੀ ਇਸ ਨੂੰ ਪਾ ਲਵੇ ਉਹ ਮਨੁੱਖਾਂ ਵਿਚ ਹੀਰਾ ਸਮਝਿਆ ਜਾਂਦਾ ਹੈ। ਸੰਸਾਰ ਦੀ ਸ਼ਾਨ ਤੇ ਸੁਧਾਰ ਇਸ ਤੇ ਨਿਰਭਰ ਕਰਦੇ ਹਨ। ਅੱਛਾ ਆਚਰਨ ਇਕ ਵਸੀਲਾ ਹੈ ਜਿਸ ਕਰਕੇ ਲੋਕ ਸਿੱਧੇ ਰਸਤੇ ਪੈ ਜਾਂਦੇ ਹਨ। ਤੇ ਮਹਾਨ ਏਲਾਨ ਵਲ ਖਿੱਚੇ ਜਾਂਦੇ ਹਨ। ਜੋ ਸੰਤ ਸੁਭਾ ਗੁਣਾਂ ਨਾਲ ਤੇ ਫਰਿਸਤਿਆਂ ਵਰਗੇ ਆਚਰਨ ਨਾਲ ਸਜਿਆ ਹੋਇਆ ਹੈ। ਉਹ ਕਿੰਨਾ ਚੰਗਾ ਹੈ।

ਤੁਹਾਨੂੰ ਇਹ ਸ਼ੋਭਾ ਦਿੰਦਾ ਹੈ ਕਿ ਹਰ ਹਾਲ ਵਿਚ ਨਿਆਏ ਤੇ ਚੰਗਿਆਈ ਤੇ ਨਗਾਹ ਰੱਖੋ। 'ਛੁਪੇ ਸ਼ਬਦਾਂ' ਵਿਚ ਇਹ ਉੱਚੇਰਾ ਬਿਆਨ ਸਾਡੀ ਪ੍ਰਭਤਾ ਵਾਲੀ ਕਲਮ ਨੇ ਇੰਜ ਪ੍ਰਗਟ ਕੀਤਾ :—

ਹੇ ਮਨੁੱਖ : ਮੇਰੀ ਨਿਗ੍ਹਾ ਵਿਚ ਸਭ ਤੋਂ ਪਿਆਰੀ ਚੀਜ਼ ਨਿਆਏ ਹੈ; ਜੇ ਤੂੰ ਮੈਂਨੂੰ ਚਾਹੁੰਦਾ ਹੈ ਤਾਂ ਇਸ ਤੋਂ ਮੁੱਖ ਨਾਂ ਮੋੜ ਤੇ ਇਸ ਬਾਰੇ ਲਾਪ੍ਰਵਾਹੀ ਨਾਂ ਕਰ ਤਾਂ ਜੋ ਮੈਂ ਤੇਰੇ ਤੇ ਵਿਸ਼ਵਾਸ਼ ਕਰ ਸਕਾਂ। ਇਸ ਨਿਆਏ ਰਾਹੀਂ ਤੂੰ ਆਪਣੀ ਅੱਖਾਂ ਨਾਲ ਵੇਖੇਗਾ ਨਾਂ ਕਿ ਦੂਸਰਿਆਂ ਦਿਆਂ ਅੱਖਾਂ ਨਾਲ ਤੇ ਅਪਣੀ ਸਮਝ ਨਾਲ ਜਾਣੇਗਾ ਨਾਂ ਕਿ ਦੂਸਰਿਆਂ ਦੀ ਅਕਲ ਨਾਲ। ਇਸ ਗੱਲ ਨੂੰ ਅਪਣੇ ਮਨ ਵਿਚ ਸੋਚ ਕਿ ਤੈਂਨੂੰ

ਕਿਦਾਂ ਦਾ ਹੋਣਾਂ ਜੱਚਦਾ ਹੈ। ਸੱਚੀ ਮੁੱਚੀ ਨਿਆਏ ਮੇਰੇ ਵਲੋਂ ਤੈਨੂੰ ਇਕ ਸੋਗਾਤ ਹੈ ਤੇ ਮੇਰੀ ਪਿਆਰੀ ਮਿਹਰ ਦੀ ਨਸ਼ਾਨੀ। ਤੇਰੀ ਹਮੇਸ਼ਾ ਇਸ ਤੇ ਨਿਗ੍ਹਾ ਰਹਿਣੀ ਚਾਹਿਦੀ ਹੈ।

ਜੋ ਆਪਣੇ ਫੈਸਲੇ ਵਿਚ ਨਿਆਏਕਾਰੀ ਤੇ ਚੰਗੀ ਸੂਰਤ ਵਾਲੇ ਹਨ ਉਨ੍ਹਾਂ ਦੀ ਪਦਵੀ ਉੱਚੀ ਹੈ ਤੇ ਉਹ ਉਚੇਰਾ ਦਰਜਾ ਪਾਉਂਦੇ ਹਨ। ਦੀਨਦਾਰੀ ਤੇ ਈਮਾਨਦਾਰੀ ਦਾ ਚਾਨਣ ਉਨ੍ਹਾਂ ਦੀ ਰੂਹਾਂ ਨੂੰ ਪ੍ਰਕਾਸ਼ਮਾਨ ਕਰਦਾ ਹੈ। ਸਾਨੂੰ ਪੂਰੀ ਆਸ ਹੈ ਦੁਨੀਆਂ ਦੇ ਲੋਕ ਤੇ ਦੇਸ਼ ਇਨ੍ਹਾਂ ਦੋਨਾਂ ਪ੍ਰਕਾਸ਼ਮਾਨ ਚੀਜਾਂ ਤੋਂ ਵਾਂਝੇ ਨ ਰਹਿਣਗੇ।

## ਚੌਥੀ ਤਰਾਜ

ਭਰੋਸੇ—ਯੋਗਤਾ ਬਾਰੇ ਹੈ। ਸੱਚੀ ਮੁੱਚੀ ਇਹ ਇਸ ਧਰਤੀ ਦੇ ਵਾਸੀਆਂ ਦੇ ਬਚਾਓ ਦਾ ਦਰਵਾਜ਼ਾ ਹੈ। ਤੇ ਉਸ ਪਰਮ ਦਿਆਲੂ ਦੀ ਮਿਹਰ ਦੀ ਨਸ਼ਾਨੀ। ਜੋ ਭੀ ਇਸਨੂੰ ਅੰਗੀਕਾਰ ਕਰਦਾ ਹੈ ਉਹ ਨਿਰਸੰਦੇਹ ਧਨ ਤੇ ਮਾਲ ਦੇ ਖਜ਼ਾਨਿਆਂ ਦਾ ਹਿਸੇਦਾਰ ਬਣਦਾ ਹੈ। ਲੋਕਾਂ ਦੀ ਸ਼ਾਂਤੀ ਤੇ ਰੱਖਿਆ ਦੇ ਰਾਹ ਦਾ ਸਭ ਤੋਂ ਵੱਡਾ ਦਰਵਾਜ਼ਾ ਭਰੋਸੇ-ਯੋਗਤਾ ਹੈ। ਵਾਸਤਵ ਵਿਚ ਹਰੇਕ ਮਾਮਲੇ ਦੀ ਸਥਿਰਤਾ ਇਸ ਤੇ ਆਧਾਰਤ ਰਹੀ ਹੈ ਤੇ ਰਹਿੰਦੀ ਹੈ। ਸ਼ਕਤੀ, ਸ਼ਾਨ ਤੇ ਧਨ ਦੇ ਸਾਰੇ ਖੰਡ ਇਸਦੇ ਚਾਨਣ ਨਾਲ ਜਗਮਗਾਉਂਦੇ ਹਨ।

ਬਾਹਲਾ ਸਮਾਂ ਨਹੀਂ ਬੀਤਿਆ ਕਿ ਇਹ ਉੱਚੇ ਸ਼ਬਦ ਉਸ ਮਹਾਨ ਉੱਚੇ ਦੀ ਕਲਮ ਚੋਂ ਨਿਕਲੇ :

"ਹੁਣ ਅਸੀਂ ਤੈਨੂੰ ਭਰੋਸੇਯੋਗ ਹੋਣ ਦਾ ਤੇ ਉਸਦੇ ਸਥਾਨ ਦਾ ਵਰਨਣ ਕਰਾਂਗੇ ਕਿ ਇਸਦਾ ਤੇਰੇ ਮਾਲਕ ਰੱਬ ਦੇ ਅਨੁਮਾਨ ਵਿਚ ਕੀ ਦਰਜਾ ਹੈ। ਇਕ ਦਿਨ ਅਸੀਂ ਅਪਣੇ ਹਰੇ ਭਰੇ ਟਾਪੂ ਗਏ। ਪਹੁੰਚਣ ਤੇ ਅਸੀਂ ਦੇਖਿਆ ਕਿ ਇਸ ਦੀਆਂ ਨਦੀਆਂ ਵਹਿ ਰਹਿਆਂ ਸਨ ਇਸ ਦੇ ਬਿਰਛ ਹਰੇ ਭਰੇ ਸਨ ਤੇ ਧਪ ਹਰ ਥਾਂ ਪੈ ਰਹੀ ਸੀ। ਸੱਜੇ ਪਾਸੇ ਮੁੜਕੇ ਅਸੀਂ ਜੋ ਕੁੱਝ ਵੇਖਿਆ ਕਲਮ ਅਸਮਰਥ ਹੈ ਉਸਦਾ ਬਿਆਨ ਕਰਨ ਤੋਂ ਤੇ ਜੋ ਕੁਝ ਸਰਿਸਟੀ ਦੇ ਮਾਲਕ ਨੇ ਇਸ ਪਵਿੱਤਰ



ਉੱਚੇ ਤੇ ਸੁਭਾਗੇ ਅਸਥਾਨ ਵਿਚ ਅੱਖੀ ਵੇਖਿਆ ਬਿਆਨ ਤੋਂ ਬਾਹਰ ਹੈ। ਫਿਰ ਖੱਬੇ ਮੁੜਕੇ ਅਸੀਂ ਸਭ ਤੋਂ ਉੱਚੇ ਸਵਰਗ ਦੀ ਇਕ ਹੂਰ ਨੂੰ ਦੇਖਿਆ ਜੋ ਇਕ ਨੂਰਾਨੀ ਥੰਮ ਤੇ ਖੜੀ ਸੀ। ਤੇ ਉੱਚੀ ਆਵਾਜ਼ ਨਾਲ ਕਹਿ ਰਹੀ ਸੀ : ਹੇ ਧਰਤੀ ਤੇ ਸਵਰਗ ਦੇ ਵਾਸਿਓ ! ਮੇਰੀ ਸੁੰਦਰਤਾ, ਮੇਰੀ ਚਮਕ ਦਮਕ, ਮੇਰਾ ਪ੍ਰਕਾਸ਼, ਮੇਰਾ ਤੇਜ਼ ਤੱਕੋ। ਸੱਚੇ ਰੱਬ ਨੂੰ ਜਾਣਕੇ ਕਹਿੰਦੀ ਹਾਂ ਕਿ ਮੈਂ ਭਰੋਸੇ-ਯੋਗਤਾ ਹਾਂ, ਤੇ ਉਸਦਾ ਪ੍ਰਗਟਾਵਾ ਹਾਂ ਤੇ ਉਸਦੀ ਸੁੰਦਰਤਾ ਜੋ ਮੈਨੂੰ ਨਹੀਂ ਛਡੇਗਾ ਮੇਰੇ ਦਰਜ਼ੇ ਤੇ ਪਦਵੀ ਦੀ ਸਵਾਣ ਕਰੇਗਾ, ਤੇ ਮੇਰਾ ਲੜ ਫੜੀ ਰਖੇਗਾ, ਮੈਂ ਉਸਦਾ ਹਰਜ਼ਾ ਦੇਵਾਂਗੀ। ਮੈਂ ਬਹਾ ਦੇ ਲੋਕਾਂ ਦਾ ਸਭ ਤੋਂ ਵੱਡਾ ਗਹਿਣਾਂ ਹਾਂ, ਤੇ ਕੁਲ ਸ੍ਰਿਸ਼ਟੀ ਦੀ ਵਡਿਆਈ ਦੀ ਪੁਸ਼ਾਕ ਹਾਂ। ਮੈਂ ਦੁਨਿਆਂ ਦੀ ਖੁਸ਼ਹਾਲੀ ਦਾ ਸਾਧਨ ਹਾਂ ਤੇ ਸਭ ਮਨੁੱਖਾਂ ਦੇ ਸਵੈ-ਵਿਸ਼ਵਾਸ਼ ਦਾ ਦਿਗ-ਮੰਡਲ"।

ਇੰਜ ਅਸੀ ਥੱਲੇ ਇਹ ਸੁਨੇਹਾ ਭੇਜਿਆ, ਹੈ, ਜੋ ਮਨੁੱਖਾਂ ਨੂੰ ਸ੍ਰਿਸ਼ਟੀ ਦੇ ਮਾਲਕ ਦੇ ਨੇੜੇ ਲਿਆਵੇਗਾ। ਹੇ ਬਹਾਈਓ ਭਰੋਸੇਯੋਗ ਬਨਣਾਂ ਵਾਸਤਵ 'ਚ ਤੁਹਾਡੇ ਮੰਦਰਾਂ ਦਾ ਸਭ ਤੋਂ ਵਧੀਆ ਪੁਸ਼ਾਕਾ ਹੈ। ਤੇ ਤੁਹਾਡੇ ਸਿਰਾਂ ਦਾ ਸ਼ਾਨਦਾਰ ਮੁਕਟ। ਏਸ ਕਰਕੇ ਤੂੰ ਇਸ ਨੂੰ ਘੁੱਟ ਕਿ ਹੱਥ ਪਾਈ ਰੱਖ ਅਜਿਹਾ ਹੁਕਮ ਹੈ ਉਸਦਾ ਜੋ ਹਾਕਮ ਹੈ ਤੇ ਜਾਣੀ ਜਾਣ ਹੈ।

## ਪੰਜਵੀ ਤਰਾਜ਼

ਰੱਬ ਦੇ ਦਾਸਾਂ ਦੀ ਰੱਖਿਆ ਤੇ ਪ੍ਰਤਿਪਾਲਨਾਂ ਨਾਲ ਸਬੰਧ ਰੱਖਦੀ ਹੈ। ਬੰਦੇ ਨੂੰ ਕਿਸੇ ਮਾਮਲੇ ਦੀ ਸਚਾਈ ਆਈ ਗਈ ਨਹੀਂ ਕਰਨੀ ਚਾਹਿਦੀ ਸਗੋਂ ਜੋ ਠੀਕ ਤੇ ਸੱਚ ਹੈ ਜਾਹਰ ਕਰ ਦੇਣਾ ਚਾਹੀਦਾ ਹੈ। ਬਹਾਇਆਂ ਨੂੰ ਕਿਸੇ ਵਿਅਕਤੀ ਦੇ ਹੱਕ ਤੋਂ ਨਾਂਹ ਨਹੀਂ ਕਰਨੀ ਚਾਹਿਦੀ ਤੇ ਕਾਰੀਗਰਾਂ ਦੀ ਕਦਰ ਕਰਨੀ ਚਾਹੀਦੀ ਹੈ। ਤੇ ਪਹਿਲੇ ਜ਼ਮਾਨੇ ਦੇ ਲੋਕਾਂ ਵਾਂਗੂ ਅਪਣੀ ਜ਼ਬਾਨ ਗਾਲ੍ਹਾਂ ਕੱਢ ਕਿ ਗੰਦੀ ਨਹੀਂ ਕਰਨੀ ਚਾਹਿਦੀ।

ਅੱਜ ਤੇ ਦਿਨ ਕਾਰੀਗਰੀ ਦਾ ਸੂਰਜ ਪੱਛਮੀ ਦੇਸਾਂ ਦੇ ਆਕਾਸ਼ ! ਵਿਚ ਚਮਕ ਰਿਹਾ ਹੈ । ਤੇ ਹੁਨਰਾਂ ਦਾ ਦਰਿਆ ਉਸ ਇਲਾਕੇ ਦੇ ਸਾਗਰ ਚੋਂ ਨਿਕਲ ਕੇ ਵਹਿ ਰਿਹਾ ਹੈ । ਹਰ ਵਿਅਕਤੀ ਨੂੰ ਸਾਫ ਗਲ ਕਰਨੀ ਚਾਹੀਦੀ ਹੈ । ਤੇ ਅਜੇਹੀ ਦਾਤ ਦੀ ਕਦਰ ਕਰਨੀ ਚਾਹਿਦੀ ਹੈ । ਰੱਬ ਨੂੰ ਜਾਣ ਕਿ ਕਹਿੰਦਾ ਹਾਂ ਕਿ 'ਹੱਕ-ਨਿਆਂ' ਅੱਖਰ ਸੂਰਜ ਵਾਂਗੂ ਚਮਕਦਾ ਹੈ । ਅਸੀਂ ਰੱਬ ਅੱਗੇ ਪ੍ਰਾਰਥਣਾਂ ਕਰਦੇ ਹਾਂ ਕਿ ਇਸਦਾ ਪ੍ਰਕਾਸ਼ ਹਰ ਵਿਅਕਤੀ ਤੇ ਪਵੇ । ਉਹ ਸੱਚੀ ਸਭ ਤੋਂ ਵੱਧ ਸ਼ਕਤੀਮਾਨ ਹੈ ਜੋ ਸਭਨਾ ਦੀ ਪ੍ਰਾਰਥਨਾਂ ਮੰਨਣ ਦਾ ਆਦੀ ਹੈ । ਅੱਜ ਕੱਲ ਦੇ ਜੁਗ ਵਿਚ ਸਚਾਈ ਤੇ ਸਾਫ ਦਿਲੀ ਝੂਠ ਦੇ ਪੰਜੇ ਵਿਚ ਫੱਸ ਕੇ ਬਿਪਤਾ ਭੋਗ ਰਹੀਆਂ ਹਨ । ਤੇ ਇਨਸਾਫ ਬੇ ਇਨਸਾਫੀ ਦੇ ਹੱਥੋ ਦੁਖੀ ਹੋਇਆ ਪਿਆ ਹੈ । ਭ੍ਰਿਸ਼ਟਾਚਾਰ ਦੇ ਧੂਏ ਨੇ ਸਾਰੀ ਦੁਨੀਆਂ ਐਸੀ ਬੁਰੀ ਤਰ੍ਹਾਂ ਘੇਰ ਰੱਖੀ ਹੈ ਕਿ ਕਿਸੇ ਪਾਸੇ ਭੀ ਸਵਾਏ ਫੌਜੀ ਪਲਟਨਾਂ ਦੇ ਕੁੱਝ ਦਖਾਈ ਨਹੀਂ ਦੇਂਦਾ ਤੇ ਕਿਸੇ ਦੇਸ ਤੋਂ ਭੀ ਸਵਾਏ ਤਲਵਾਰਾਂ ਦੀ ਖੜਕ ਦੇ ਕੋਈ ਹੋਰ ਆਵਾਜ਼ ਨਹੀਂ ਆਉਂਦੀ । ਅਸੀਂ ਸੱਚੇ ਰੱਬ ਅੱਗੇ ਨਿਮਰ ਬੇਨਤੀ ਕਰਦੇ ਹਾਂ, ਕਿ ਜਿਨ੍ਹਾ ਦੇ ਹੱਥਾਂ ਵਿਚ ਉਸਦੀ ਦਿਤੀ ਸ਼ਕਤੀ ਹੈ । ਉਨ੍ਹਾਂ ਦੇ ਹੱਥ ਮਜਬੂਤ ਕਰੇ ਤਾਂ ਜੋ ਦੁਨੀਆਂ ਮੁੜ ਵਸਾਈ ਜਾਵੇ ਤੇ ਕੌਮਾਂ ਵਿਚ ਅਮਨ ਅਮਾਨ ਥਾਪਿਆ ਜਾਵੇ ।

### "ਛੇਵੀ ਤਾਰਾਜ਼

ਗਿਆਨ ਰੱਬ ਦੀ ਇਕ ਅਨੋਖੀ ਦੇਣ ਹੈ । ਸਭ ਵਾਸਤੇ ਲਾਜ਼ਮੀ ਹੈ ਕਿ ਗਿਆਨ ਪ੍ਰਾਪਤ ਕਰਨ । ਅਜਿਹੇ ਹੁਨਰ ਤੇ ਲੋੜੀਦੇ ਸਾਧਨ ਜੋ ਹੁਣ ਪ੍ਰਤੱਖ ਨਜ਼ਰ ਆ ਰਹੇ ਹਨ ਰੱਬੀ ਗਿਆਨ ਤੇ ਸਮਝ ਰਾਂਹੀਂ ਪ੍ਰਾਪਤ ਹੋਏ ਹਨ ਜਿਹੜੀ ਕਿ ਚਿੱਠੀਆਂ ਤੇ ਪੱਟੀਆਂ ਵਿਚ ਉਸ ਉੱਚੀ ਕਲਮ ਨੇ ਪ੍ਰਗਟ ਕੀਤੀ : ਏਸ ਕਲਮ ਦੇ ਖਜ਼ਾਨੇ ਵਿਚੋਂ ਅਕਲ ਤੇ ਉਪਦੇਸ਼ ਦੇ ਸੁੱਚੇ ਮੋਤੀ ਤੇ ਦੁਨੀਆਂ ਦੇ ਹੁਨਰ ਤੇ ਪੇਸ਼ੇ ਉਤਪੰਨ ਹੋਏ ।

ਅੱਜ ਧਰਤੀ ਦੇ ਭੇਦ ਮਨੁੱਖਾਂ ਦੀ ਅੱਖਾਂ ਅੱਗੇ ਉਘੜ ਗਏ ਹਨ । ਅਖਬਾਰਾਂ ਦੇ ਸਫੇ ਨਿਰੰਸਦੇਹ ਦੁਨੀਆਂ ਦੀ ਤਸਵੀਰ ਹਨ । ਓਹ



ਵਖ ਵੱਖ ਕੌਮਾਂ ਤੇ ਬਰਾਦਰੀਆਂ ਦੇ ਕਾਰਨਾਮੇ ਤੇ ਕੰਮ- ਧੰਦੇ ਦਾ ਅਕਸ ਦਿਖਾਉਂਦੇ ਹਨ । ਉਹ ਨਾਲ ਦਖਾਉਂਦੇ ਹਨ ਤੇ ਨਾਲੇ ਮਸਹੂਰ ਕਰਦੇ ਹਨ । ਉਹ ਇਕ ਅਜਿਹਾ ਸ਼ੀਸਾ ਹਨ ਜੋ ਸੁਨਣ, ਦੇਖਣ ਤੇ ਬੋਲਣ ਦਾ ਗੁਣ ਰੱਖਦਾ ਹੈ । ਇਹ ਇਕ ਹੈਰਾਨ ਕਰਨ ਵਾਲੀ ਤੇ ਜ਼ੋਰ-ਦਾਰ ਅਣੋਖੀ ਘਟਨਾ ਹੈ । ਐਪਰ ਅਖਬਾਰ ਲਿਖਨ ਵਾਲਿਆਂ ਵਾਸਤੇ ਇਹ ਯੋਗ ਹੈ ਕਿ ਉਹ ਭੈੜੇ ਜੋਸ਼ ਤੇ ਕਾਮਨਾਂ ਦੀ ਉਕਸਾਹਟ ਤੋਂ ਬਰੀ ਹੋਣ ਨਿਆਏ ਤੇ ਹੱਕ-ਨਿਆਏ ਦਾ ਜ਼ਾਮਾ ਸਜਾਉਣ । ਉਹ ਜਿਥੋਂ ਤਕ ਹੋ ਸਕੇ ਹਾਲਾਤ ਦੀ ਪੜਤਾਲ ਕਰਨ ਤੇ ਅਸਲੀ ਗੱਲ ਦਾ ਪਤਾ ਲਗਾਉਣ ਤੇ ਫੇਰ ਉਨ੍ਹਾਂ ਨੂੰ ਲਿਖਤ ਵਿਚ ਲਿਆਉਣ ।

### 63. ਕਲਮਾਂ ਤੇ ਫਿਰਦੋਸੀਆ (Words of Paradise) ਵਿਚੋਂ

ਅਜਕਲ ਹਰੇਕ ਵਾਸਤੇ ਲਾਜ਼ਮੀ ਹੈ ਕਿ ਏਕਤਾ ਤੇ ਮੇਲ ਮਲਾਪ ਪੈਦਾ ਕਰਨ ਵਿਚ ਲਗਿਆ ਰਹੇ ਤੇ ਰੱਬ ਦੇ ਪੱਖ ਦੀ ਤਰੱਕੀ ਵਾਸਤੇ ਉਦਮ ਕਰੇ ਸ਼ਾਇਦ ਇੰਜ ਭਟਕੀਆਂ ਰੂਹਾਂ ਸਦੀਵੀ ਖੁਸ਼ਹਾਲੀ ਦੇ ਰਾਹ ਤੇ ਆ ਜਾਣ ।

ਸੰਖੇਪ ਤੌਰ ਤੇ ਅੱਡ ਅੱਡ ਫਿਰਕਿਆਂ ਵਿਚ ਮਤਭੇਦ ਨੁਕਸ ਤੇ ਕਮਜ਼ੋਰੀ ਦੇ ਮਾਰਗ ਵਲ ਲੈ ਜਾਂਦਾ ਹੈ । ਹਰੇਕ ਫਿਰਕੇ ਨੇ ਇਕ ਰਾਹ ਚੁਣ ਲਿਆ ਹੈ ਤੇ ਇਕ ਛੋਰ ਨੂੰ ਚੰਬੀੜਆ ਹੋਇਆ ਹੈ । ਪ੍ਰਤੱਖ ਅੰਧਘੋਰ ਦੇ ਬਾਵਜੂਦ ਤੇ ਬੇ ਸਮਝੀ ਦੇ ਬਾਵਜੂਦ ਉਹ ਆਪਣੀ ਸੂਝ ਤੇ ਅਗਿਆਨ ਤੇ ਮਾਣ ਕਰਦੇ ਹਨ । ਉਨ੍ਹਾਂ ਵਿਚ ਰਹੱਸਵਾਦੀ ਭੀ ਹਨ ਜੋ ਇਸਲਾਮ ਦੇ ਵਫਾਦਾਰ ਹਨ । ਤੇ ਉਨ੍ਹਾਂ ਚੋਂ ਕੁਝ ਕੁ ਅਜੇਹੇ ਤਰ੍ਹਾਂ ਰਹਿੰਦੇ ਹਨ ਜੋ ਨਿਕੰਮੇ ਤੇ ਇਕੱਲੇ ਬਣੇ ਰਹਿੰਦੇ ਹਨ । ਮੈਂ ਰੱਬ ਦੀ ਸਹੁੰ ਖਾ ਕੇ ਕਹਿੰਦਾ ਹਾਂ ਇਹ ਗਲ ਆਦਮੀ ਦਾ ਦਰਜ਼ਾ ਨੀਵਾਂ ਕਰਦੀ ਹੈ ਤੇ ਉਸਨੂੰ ਹੰਕਾਰ ਨਾਲ ਫੁਲਾ ਦੇਂਦੀ ਹੈ । ਇਨਸਾਨ ਨੂੰ ਔਲਾਦ ਪੈਦਾ ਕਰਨੀ ਚਾਹੀਦੀ ਹੈ । ਜੋ ਔਲਾਦ ਨਹੀਂ ਪੈਦਾ ਕਰਦਾ ਉਹ ਹਜ਼ਰਤ ਈਸਾ ਦੇ ਕਹਿਣ ਦੇ ਅਨੁਸਾਰ ਇਕ ਨਿਸਫਲ ਬਿਰਛ ਵਾਂਗੂ

ਹੈ ਤੇ ਅਜਿਹਾ ਬਿਰਛ ਬਾਲਨ ਯੋਗ ਹੈ।

64. **ਲੋਹਏ ਦੁਨਿਆ ਵਿਚੋਂ** ਹੇ ਰੱਬ ਦੇ ਬੰਦਿਓ ਮੈਂ ਤੁਹਾਨੂੰ ਤਾੜਨਾਂ ਕਰਦਾ ਹਾਂ ਕਿ ਅਦਬ ਦੀ ਪਾਲਣਾ ਕਰੋ। ਇਹ ਸਭ ਗੁਣਾਂ ਦੀ ਸਿਰਤਾਜ਼ ਹੈ। ਉਹ ਮਨੁੱਖ ਕਿੰਨਾਂ ਚੰਗਾ ਹੈ ਜੋ ਅਦਬ ਦੀ ਰੌਸ਼ਨੀ ਨਾਲ ਜਗਮਗਾਉਂਦਾ ਹੈ ਤੇ ਈਮਾਨਦਾਰੀ ਦੇ ਪੁਸ਼ਾਕੇ ਨਾਲ ਸੱਜਿਆ ਹੋਇਆ ਹੈ। ਜੋ ਅਦਬ ਦੇ ਗੁਣ ਨਾਲ ਸਜਿਆ ਹੋਇਆ ਹੈ ਉਹ ਵਾਸਤਵ ਵਿਚ ਇਕ ਉੱਚੀ ਪਦਵੀ ਪ੍ਰਾਪਤ ਕਰ ਚੁੱਕਾ ਹੈ। ਆਸ ਕੀਤੀ ਜਾਂਦੀ ਹੈ ਕਿ ਇਹ ਦੁਖੀਆ ਤੇ ਹੋਰ ਸਭ ਇਸ ਗੁਣ ਦੀ ਪ੍ਰਾਪਤੀ ਦੇ ਸਮਰੱਥ ਹੋ ਜਾਣਗੇ ਤੇ ਇਸ ਨੂੰ ਹੱਥੋਂ ਨਹੀਂ ਛੱਡਣਗੇ ਤੇ ਇਸ ਦੀ ਪਾਲਨਾ ਕਰਨਗੇ। ਤੇ ਇਸ ਨੂੰ ਆਪਣਾ ਨਿਸ਼ਾਨਾ ਬਣਾਈ ਰੱਖਣਗੇ। ਇਹ ਜਰੂਰੀ ਹੁਕਮ ਹੈ ਜੋ ਉਸ ਮਕਹਾਨ ਨਾਮ ਦੀ ਕਲਮ ਵਿਚੋਂ ਨਿਕਲਿਆ ਹੈ।

65. ਹੇ ਰੱਬ ਦੇ ਬੰਦਿਓ, ਸਤਵਾਦੀ ਵਿਦਵਾਨ ਪੁਰਸ਼ ਜੋ ਆਪਣੇ ਆਪ ਨੂੰ ਦੂਸਰਿਆਂ ਦੀ ਅਗਵਾਈ ਵਾਸਤੇ ਅਰਪਣ ਕਰ ਦਿੰਦੇ ਹਨ ਤੇ ਕਮੀਨੀ ਤੇ ਲੋਭੀ ਤਬੀਅਤ ਦੀ ਉਕਸਾਹਟ ਤੋਂ ਆਜ਼ਾਦ ਤੇ ਸੁਰਖਿਅਤ ਹਨ ਉਹ ਰੱਬ ਦੀ ਨਜ਼ਰ ਵਿਚ (ਜਿਸ ਨੂੰ ਸਭ ਚਾਹੁੰਦੇ ਹਨ) ਅਸਲੀ ਗਿਆਨ ਦੇ ਆਕਾਸ਼ ਦੇ ਤਾਰੇ ਹਨ। ਉਨ੍ਹਾਂ ਦਾ ਆਦਰ ਕਰਨਾ ਜ਼ਰੂਰੀ ਹੈ। ਉਹ ਵਾਸਤਵ ਵਿਚ ਰੁਮਕੇ ਰੁਮਕੇ ਵਹਿੰਦੇ ਨਿਰਮਲ ਜਲ ਦੇ ਸੋਮੇ ਹਨ ਤੇ ਜਗਮਗਾਉਂਦੇ ਤਾਰੇ, ਤੇ ਸਵਰਗੀ ਬਿਰਛ ਦੇ ਫਲ, ਆਕਾਸ਼ੀ ਸ਼ਕਤੀ ਦੇ ਸੂਚਕ ਤੇ ਦੈਵੀ ਗਿਆਨ ਦੇ ਸਾਗਰ ਹਨ।

66. **ਇਸ਼ਰਾਕਾਤ ਨਾਮਕ ਪੁਸਤਕ ਵਿਚੋਂ** : ਹੇ ਮੇਰੇ ਰੱਬਾ! ਤੂੰ ਵੇਖਦਾ ਹੈ ਕਿ ਮੈਂ ਖਾਕ ਤੇ ਪਿਆ ਦੁੱਖ ਨਾਲ ਤੜਫ ਰਿਹਾ ਹਾਂ ਜਿਵੇਂ ਮੱਛੀ। ਮੈਨੂੰ ਤਰਸ ਖਾ ਕੇ ਬਚਾ ਲੈ, ਤੇਰੀ ਸਹਾਇਤਾ ਦਾ ਸਭ ਵਾਸਤਾ ਪਾਉਂਦੇ ਹਨ, ਤੇਰੇ ਹੱਥਾਂ ਵਿਚ ਸੱਤ ਮਰਦ ਇਸਤਰੀ ਦੀ ਬਾਂਗਡੋਰ ਹੈ। ਜਦੋਂ ਮੈਂ ਆਪਣੀ ਦੁਖਦਾਇਕ ਉਣਤਾਈਆਂ ਤੇ



ਅਪਰਾਧਾਂ ਵਲ ਧਿਆਨ ਕਰਦਾ ਹਾਂ. ਤਾਂ ਸਾਰੇ ਪਾਸਿਓਂ ਨਿਰਾਸਤਾ ਮੈਨੂੰ ਘੇਰ ਲੈਂਦੀ ਹੈ ਤੇ ਜਦੋਂ ਮੈਂ ਰੁਕ ਕੇ ਤੇਰੀ ਮੇਹਰ ਦੇ ਸਾਗਰ, ਤੇਰੀ ਦਿਆ ਦੇ ਆਕਾਸ਼, ਤੇ ਤੇਰੇ ਪਿਆਰ ਭਰੇ ਤਰਸ ਤੇ ਧਿਆਨ ਲਾਉਂਦਾ ਹਾਂ ਤਾਂ ਮੈਨੂੰ ਸਜਿਓਂ, ਖਬਿਓ, ਉਤਰੋਂ, ਦੱਖਣੋਂ. ਆਸ ਦੀ ਸੁਗੰਧੀ ਆਉਂਦੀ ਹੈ। ਜਿਵੇਂ ਹਰ ਸੈ ਮੈਨੂੰ ਇਹ ਖੁਸ਼ਖਬਰੀ ਦੇਂਦੀ ਹੋਵੇ ਕਿ ਤੇਰੀ ਆਕਾਸ਼ੀ ਮਿਹਰ ਦੀ ਘਟਾ ਮੇਰੇ ਤੇ ਬਰਸੇਗੀ। ਤੇਰੀ ਸ਼ਕਤੀ ਦੇ ਸਦਕੇ! ਤੂੰ ਸੋਰਿਆ ਦਾ ਸਹਾਰਾ ਹੈ ਤੇ ਜੋ ਤੇਰੇ ਨੇੜੇ ਹੋਣ ਦਾ ਮਾਣ ਪਾ ਰਹੇ ਹਨ ਉਨ੍ਹਾਂ ਦੀ ਮਨੋਕਾਮਨਾ ਹੈ। ਤੇਰੀ ਬੇਅੰਤ ਬਖਸ਼ਿਸ਼ਾਂ ਤੇ ਮਿਹਰਾਂ ਤੇ ਤੇਰੀ ਦਿਆ ਦੇ ਉਘਾੜੇ ਤੇ ਤੇਰੀ ਪਿਆਰ ਭਰੀ ਕਿਰਪਾਲਤਾ ਨੇ ਮੈਨੂੰ ਸੱਚਮੁੱਚ ਦਲੇਰ ਬਣਾ ਦਿੱਤਾ ਹੈ। ਨਹੀਂ ਤਾਂ ਇਹ ਕਿਵੇਂ ਹੋ ਸਕਦਾ ਸੀ, ਕਿ ਇਕ ਨਾਂ ਚੀਜ਼ ਉਸ ਰੱਬ ਦੇ ਨਾਂ ਦੀ ਵਡਿਆਈ ਕਰੇ ਜਿਸ ਨੇ ਇਕ ਸ਼ਬਦ ਉਚਾਰ ਕੇ ਸਾਰੀ ਸ੍ਰਿਸ਼ਟੀ ਰਚ ਦਿੱਤੀ ਤੇ ਇਕ ਛਿਣ ਵਿਚ ਨਾਸ਼ ਹੋ ਜਾਣ ਵਾਲਾ ਜੀਵ ਉਸ ਦੀ ਮਹਿਮਾਂ ਕਰੇ ਜਿਸ ਨੇ ਇਹ ਵਿਖਾ ਦਿੱਤਾ ਹੈ ਕੋਈ ਵਰਨਣ ਉਸ ਨੂੰ ਸਪਸ਼ਟ ਨਹੀਂ ਕਰ ਸਕਦਾ ਤੇ ਨਾਂ ਹੀ ਕੋਈ ਵਡਿਆਈ ਉਸ ਦੀ ਸ਼ਾਨ ਨੂੰ ਪਹੰਚ ਸਕਦੀ ਹੈ। ਉਹ ਸਦੀਵੀ ਕਾਲ ਤੋਂ ਆਪਣੇ ਪੈਦਾ ਕੀਤੇ ਜੀਵਾਂ ਦੀ ਸਮਝ ਤੋਂ ਉੱਚਾ ਹੈ ਤੇ ਆਪਣੇ ਦਾਸਾਂ ਤੇ ਮਨੋਭਾਵਾਂ ਤੋਂ ਪਰ੍ਹਾਂ ਤੇ ਪਾਕ ਹੈ।

ਹੇ ਮਾਲਿਕ ਤੂੰ ਇਸ ਬੇਜਾਨ ਨੂੰ ਆਪਣ ਅੱਗੇ ਪਿਆ ਦੇਖਦਾ ਹੈ। ਅਪਣੀ ਖੁੱਲ ਦਿੱਲੀ ਤੇ ਬਖਸ਼ਿਸ਼ ਦੇ ਦੁਆਰਾ ਇਹ ਨਾਂ ਹੋਣ ਦੇ ਕਿ ਉਹ ਸਦੀਵੀ ਜੀਵਨ ਦੇ ਪਿਆਲੇ ਤੋਂ ਵਾਂਝਾ ਰਹਿ ਜਾਵੇ। ਅਤੇ ਤੂੰ ਦੇਖਦਾ ਹੈ ਕਿ ਇਹ ਦੁਖੀਆ ਤੇਰੇ ਸਿੰਘਾਸ਼ਨ ਦੇ ਅੱਗੇ ਖੜਾ ਹੈ ਇਸ ਨੂੰ ਆਪਣੀ ਅਰੋਗ ਕਰਨ ਦੀ ਸ਼ਕਤੀ ਦੇ ਸਾਗਰ ਤੋਂ ਨਾ ਮੋੜ। ਮੈਂ ਨਿਮਰ ਬੇਨਤੀ ਕਰਦਾ ਹਾਂ ਕਿ ਮੈਂ ਸਮਰਥ ਹੋਵਾਂ ਕਿ ਮੈਂ ਹਰ ਵਕਤ ਤੇ ਹਰ ਹਾਲਤ ਵਿਚ ਤੇਰਾ ਨਾਮ ਨਾਂ ਵਿਸਾਰਾਂ ਤੇ ਤੇਰੇ ਨਾਮ ਦੀ ਮਹਿਮਾਂ ਕਰਦਾ ਰਹਾਂ ਤੇ ਤੇਰੇ ਪੱਖ ਦੀ ਸੇਵਾ ਕਰਦਾ ਰਹਾਂ, ਭਾਵੇਂ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ, ਕਿ ਜੋ ਕੁਝ

ਇਕ ਚਾਕਰ ਕਰਦਾ ਹੈ ਉਹ ਉਸ ਦੀ ਆਤਮਕ ਹੱਦ ਤੋਂ ਉਤਾਂਹ ਨਹੀਂ ਹੋ ਸਕਦਾ ਤੇ ਨਾਂ ਹੀ ਤੇਰੀ ਖੁਦਾਈ ਦੇ ਢੁਕਵਾਂ ਹੁੰਦਾ ਹੈ। ਤੇ ਨਾਂ ਹੀ ਤੇਰੇ ਦਰਬਾਰ ਦੀ ਸ਼ਾਨ ਦੇ ਲਾਇਕ।

ਤੇਰੀ ਤਾਕਤ ਮੇਰੀ ਗਵਾਹ ਹੈ। ਜੇ ਤੇਰੀ ਵਡਿਆਈ ਨਾ ਮਨਾਵੇ ਤਾਂ, ਮੇਰੀ ਜੀਭ ਮੇਰੇ ਕਿਸ ਕੰਮ ? ਜੇ ਤੇਰੀ ਸੇਵਾ ਦੇ ਕੰਮ ਨਾਂ ਆਵੇ ਤਾਂ ਮੇਰੇ ਜੀਵਨ ਦਾ ਕੀ ਲਾਭ ? ਤੇਰੇ ਰਾਜ ਦੀ ਵਡਿਆਈ ਦੀ ਸ਼ਾਨ ਨੂੰ ਦੇਖਕੇ ਆਨੰਦ ਲੈਣ ਤੋਂ ਬਾਝ ਮੈਂ ਨਿਗਾਹ ਨਹੀਂ ਚਾਹੁੰਦਾ। ਤੇਰੀ ਅਤਿ ਪਿਆਰੀ ਆਵਾਜ਼ ਸੁਨਣ ਦੀ ਖੁਸ਼ੀ ਤੋਂ ਛੁੱਟ ਸੁਨਣਾ ਮੇਰੇ ਕਿਸ ਕੰਮ ?

## 67. ਪਹਿਲੀ ਇਸ਼ਰਾਕ

ਜਦੋਂ ਅਕਲ ਦਾ ਸੂਰਜ ਪਵਿੱਤਰ ਰੱਬੀ ਪ੍ਰਬੰਧ ਦੇ ਦਿਗ ਮੰਡਲ ਚੋਂ ਉਦੇ ਹੋਇਆ ਤਾਂ ਇਸ ਨੇ ਇਹ ਸ਼ਾਨਦਾਰ ਵਾਕ ਉਚਾਰਿਆ : ਜੋ ਧਨੀ ਹਨ ਤੇ ਅਧਿਕਾਰ ਤੇ ਰਾਜ ਸ਼ਕਤੀ ਰੱਖਦੇ ਹਨ ਉਨ੍ਹਾਂ ਨੂੰ ਧਰਮ ਦਾ ਆਦਰ ਕਰਨਾ ਚਾਹੀਦਾ ਹੈ। ਵਾਸਤਵ ਵਿਚ ਧਰਮ ਇਕ ਚਾਨਣ ਹੈ। ਤੇ ਇਕ ਅਜਿੱਤ ਕਿਲਾ ਹੈ। ਦੁਨੀਆਂ ਦੀ ਜਨਤਾ ਦੀ ਰਖਿਆ ਤੇ ਭਲਾਈ ਵਾਸਤੇ ਕਿਉਂ ਜੋ ਰੱਬ ਦਾ ਡਰ ਮਨੁੱਖ ਤੇ ਜ਼ੋਰ ਪਾ ਕੇ ਉਸ ਨੂੰ ਭਲੇ ਵੱਲ ਲੈ ਜਾਂਦਾ ਹੈ ਤੇ ਬੁਰਾਈ ਤੋਂ ਬਚਾਉਂਦਾ ਹੈ। ਜੇ ਧਰਮ ਦਾ ਦੀਵਾ ਨਿੰਮਾਂ ਕਰ ਦਿੱਤਾ ਜਾਵੇ ਤਾਂ ਧੁੰਧਕਾਰ ਤੇ ਗੜਬੜ ਮਚ ਜਾਊ ਤੇ ਅਮਨ ਅਮਾਨ ਨਹੀਂ ਰਹੇਗਾ ਤੇ ਹਕ ਇਨਸਾਫ ਦੇ ਦੀਵੇ ਬੁੱਝ ਜਾਣਗੇ। ਇਸ ਗੱਲ ਦਾ ਅੱਛੀ ਸਮਝ ਵਾਲਾ ਮਨੁੱਖ ਗਵਾਹ ਹੈ।

## ਦੂਸਰੀ ਇਸ਼ਰਾਕ

ਅਸੀਂ ਸਾਰੀ ਮਨੁੱਖ ਜਾਤੀ ਨੂੰ ਆਗਿਆ ਕੀਤੀ ਹੈ ਕਿ ਉਹ ਇਕ ਛੋਟੀ ਸਾਂਤੀ ਕਾਇਮ ਕਰਨ ਜੋ ਮਨੁੱਖ ਜਾਤੀ ਦੇ ਬਚਾਉ ਵਾਸਤੇ ਸਭ ਤੋਂ ਪੱਕਾ ਸਾਧਨ ਹੈ। ਦੁਨੀਆਂ ਦੇ ਸਿਰਤਾਜ ਬਾਦਸ਼ਾਹ ਇਕ



ਮੁੱਠ ਹੋ ਕੇ ਉਸ ਤੇ ਡਟੇ ਰਹਿਣ ਕਿਉਂ ਜੋ ਇਹ ਸਾਰੇ ਲੋਕਾਂ ਤੇ ਕੌਮਾਂ ਦੀ ਸੁਰੱਖਿਆ ਤੇ ਭਲਾਈ ਯਕੀਨੀ ਬਨਾਉਣ ਵਾਸਤੇ ਮਹੱਤਵ-ਪੂਰਨ ਸਾਧਨ ਹੈ। ਅਜਿਹੇ ਬਾਦਸ਼ਾਹ ਰੱਬ ਦੀ ਸ਼ਕਤੀ ਪ੍ਰਕਟ ਕਰਦੇ ਹਨ। ਤੇ ਉਸਦੇ ਹੁਕਮ ਦਾ ਸਵੇਰਾ ਹਨ। ਅਸੀਂ ਰੱਬ ਅੱਗੇ ਬੇਨਤੀ ਕਰਦੇ ਹਾਂ ਕਿ ਉਹ ਉਨ੍ਹਾਂ ਦੀ ਉਸ ਕੰਮ ਵਿਚ ਸਹਾਇਤਾ ਕਰੇ ਜੋ ਜਨਤਾ ਤੇ ਭਲੇ ਵਾਸਤੇ ਸਹਾਈ ਹੋਵੇ। ਇਸ ਮਾਮਲੇ ਦੀ ਪੂਰੀ ਵਿਆਖਿਆ ਸ਼ਾਨਦਾਰ ਕਲਮ ਨੇ ਪਹਿਲਾਂ ਕੀਤੀ ਹੋਈ ਹੈ। ਜੋ ਉਸਤੇ ਚਲਦੇ ਹਨ, ਚੰਗਾ ਕਰਦੇ ਹਨ।

## ਤੀਸਰੀ ਇਸ਼ਰਾਕ

ਹਰੇਕ ਵਾਸਤੇ ਉਚਿਤ ਹੈ ਕਿ ਪਵਿੱਤਰ ਰੱਬੀ ਹੁਕਮਾਂ ਦੀ ਪਾਲਨਾ ਕਰੇ। ਕਿਉਂ ਜੋ ਉਹ ਦੁਨੀਆਂ ਵਾਸਤੇ ਜ਼ਿੰਦਗੀ ਦਾ ਸੋਮਾ ਹਨ। ਰੱਬੀ ਗਿਆਨ ਦਾ ਆਕਾਸ਼ ਸਲਾਹ ਮਸ਼ਵਰੇ ਤੇ ਤਰਸ ਦੇ ਦੋ ਤਾਰਿਆਂ ਨੇ ਰੌਸ਼ਨ ਕਰ ਰੱਖਿਆ ਹੈ। ਤੇ ਸਾਰੇ ਸੰਸਾਰ ਦਾ ਅਮਨ ਅਮਾਨ ਦਾ ਛਤਰ ਫਲ ਤੇ ਡੰਡ ਦੇ ਦੋ ਥੰਮਾਂ ਤੇ ਖੜਾ ਹੈ।

## ਚੌਥੀ ਇਸ਼ਰਾਕ

ਇਸ ਇਲਹਾਮ ਨੂੰ ਜੋ ਦਲ ਵਿਜਈ ਬਣਾ ਸਕਦੇ ਹਨ ਉਹ ਹਨ, ਸ਼ਲਾਂਘਾ-ਯੋਗ ਅਮਲ ਈਮਾਨਦਾਰ ਆਚਾਰ ਦੇ ਦਲ। ਏਨ੍ਹਾਂ ਦਲਾਂ ਦਾ ਆਗੂ ਤੇ ਸੈਨਾਪਤੀ ਹਮੇਸ਼ਾ ਰੱਬ ਦਾ ਡਰ ਰਿਹਾ ਹੈ। ਅਜਿਹਾ ਡਰ ਜਿਸ ਦੇ ਘੇਰੇ ਵਿਚ ਸਭ ਚੀਜ਼ਾਂ ਹੋਣ ਤੇ ਸਭ ਚੀਜ਼ਾਂ ਤੇ ਉਸਦੀ ਅਮਲਦਾਰੀ ਹੋਵੇ।

## ਪੰਜਵੀ ਇਸ਼ਰਾਕ

ਵੱਖ ਵੱਖ ਹਕੂਮਤਾਂ ਨੂੰ ਚਾਹੀਦਾ ਹੈ ਕਿ ਜਿਨ੍ਹਾਂ ਤੇ ਉਹ ਹਕੂਮਤ ਕਰਦੀਆਂ ਹਨ ਉਨ੍ਹਾਂ ਦੇ ਹਾਲਾਤ ਤੋਂ ਭਲੀਭਾਂਤ ਜਾਣੂ ਹੋਣ ਤੇ ਉਨ੍ਹਾਂ ਨੂੰ ਮਰਾਤਬੇ ਯੋਗਤਾ ਤੇ ਗੁਣ ਦੇ ਆਧਾਰ ਤੇ ਦੇਣ।

ਹਰੇਕ ਹਾਕਮ ਤੇ ਬਾਦਸ਼ਾਹ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਏਸ ਮਾਮਲੇ ਵੱਲ ਬੜੇ ਗਹੁ ਨਾਲ ਵਿਚਾਰ ਕਰਨ ਤਾਂ ਜੋ ਧਰੋਹੀ ਵਫਾਦਾਰਾਂ ਦਾ ਹਕ ਨਾ ਮਾਰ ਲੈਣ। ਬੀਤੇ ਸਮੇਂ ਵਿਚ ਇਸ ਭਾਰੀ ਜੇਲਖਾਨੇ ਦੇ ਕੁਝ ਸਹਕਾਰੀ ਕਰਮਚਾਰੀ ਨਿਆਏ ਪੂਰਵਕ ਸਨ। ਰੱਬ ਦੀ ਵਡਿਆਈ ਹੋਵੇ ਪਰ ਬਾਕੀ ਦੇ ਅਜੇਹੇ ਸਨ ਕਿ ਅਸੀਂ ਰੱਬ ਦੀ ਪਨਾਹ ਮੰਗਦੇ ਹਾਂ। ਅਸੀ ਰੱਬ ਅੱਗੇ ਬੇਨਤੀ ਕਰਦੇ ਹਾਂ ਕਿ ਉਨ੍ਹਾਂ ਸਭਨਾਂ ਨੂੰ ਰਾਹ ਪਾਵੇ, ਸਾਇਦ ਉਹ ਸ਼ਰਧਾ ਤੇ ਭਰੋਸੇ ਦੇ ਫਲ ਤੋਂ ਵਾਂਝੇ ਨਾ ਰਹਿਣ ਤੇ ਨਾਂ ਹੀ ਹੱਕ-ਨਿਆਂ ਤੇ ਇਨਸਾਫ ਦੇ ਪ੍ਰਕਾਸ਼ ਤੋਂ ਰਹਿ ਕੇ ਜਾਣ।

## ਛੇਵੀਂ ਇਸ਼ਰਾਕ

ਹੈ ਮਨੁੱਖ ਜਾਤੀ ਵਿਚ ਏਕਾ ਤੇ ਮੇਲ ਮਲਾਪ। ਆਦਿ ਤੋਂ ਲੈਕੇ ਏਕਤਾ ਦਾ ਆਕਾਸ਼ੀ ਨੂਰ ਦੁਨੀਆਂ ਨੂੰ ਪ੍ਰਕਾਸ਼ਵਾਨ ਕਰ ਰਿਹਾ ਹੈ ਤੇ ਏਕਤਾ ਨੂੰ ਵਾਧਾ ਦੇਣ ਦਾ ਸਭ ਤੋਂ ਚੰਗਾ ਸਾਧਨ ਇਹ ਹੈ ਕਿ ਦੁਨੀਆਂ ਦੇ ਲੋਕ ਇਸ ਦੂਜੇ ਦੀ ਲਿਪੀ ਤੋਂ ਬੋਲੀ ਤੋਂ ਜਾਣੂ ਹੋਣ। ਅਸੀਂ ਪਹਿਲੀ ਚਿੱਠੀਆਂ ਵਿਚ ਨਿਆਏ ਘਰ ਦੇ ਨਿਆਮੀਆਂ ਨੂੰ ਹਦਾਇਤ ਕੀਤੀ ਹੈ ਕਿ ਜਾਂ ਤਾਂ ਪ੍ਰਚਲਤ ਜ਼ਬਾਨਾਂ ਵਿਚੋਂ ਕੋਈ ਇਕ ਛਾਂਟ ਲੈਣ ਜਾਂ ਕੋਈ ਨਵੀਂ ਜ਼ਬਾਨ ਅਪਣਾਂ ਲੈਣ। ਤੇ ਇਸੇ ਤਰ੍ਹਾਂ ਇਕ ਸਾਂਝੀ ਲਿਪੀ ਚੁਣ ਲੈਣ, ਤੇ ਦੁਨੀਆਂ ਭਰ ਦੇ ਸਕੂਲਾਂ ਵਿਚ ਪੜ੍ਹਾਈਆਂ ਜਾਣ। ਇਸ ਤਰ੍ਹਾਂ ਇਹ ਧਰਤੀ ਇਕ ਦੇਸ਼ ਤੇ ਇਕ ਘਰ ਸਮਝੀ ਜਾ ਸਕਦੀ ਹੈ। ਗਿਆਨ ਦੇ ਬਿਰਛ ਦਾ ਸਭ ਤੋਂ ਸ਼ਾਨਦਾਰ ਫਲ ਹੈ ਇਹ ਸ਼ਬਦ : ਅਸੀਂ ਸਭ ਇਕੋ ਬਿਰਛ ਦੇ ਫਲ ਹਾਂ ਤੇ ਇਕ ਟਾਹਣੀ ਦੇ ਪੱਤੇ। ਮਨੁੱਖ ਨੂੰ ਇਸ ਗੱਲ ਦਾ ਮਾਣ ਨਹੀਂ ਕਰਨਾ ਚਾਹੀਦਾ ਕਿ ਉਹ ਆਪਣੇ ਦੇਸ਼ ਨੂੰ ਪਿਆਰ ਕਰਦਾ ਹੈ ਸਗੋਂ ਉਸ ਨੂੰ ਇਸ ਗੱਲ ਦਾ ਮਾਣ ਕਰਨਾ ਚਾਹੀਦਾ ਹੈ ਕਿ ਉਹ ਮਨੁੱਖ ਜਾਤੀ ਨੂੰ ਪਿਆਰ ਕਰਦਾ ਹੈ। ਇਸ ਬਾਰੇ ਅਸੀਂ ਪਹਿਲਾਂ ਬਿਆਨ ਕਰ ਚੁੱਕੇ ਹਾਂ ਕਿ ਦੁਨੀਆਂ ਦੀ



ਮੁੜ-ਉਸਾਰੀ ਵਾਸਤੇ ਤੇ ਕੌਮਾਂ ਦੀ ਏਕਤਾ ਵਾਸਤੇ ਕਿਹੜੇ ਚੀਜ਼ ਸਹਾਈ ਹੈ। ਉਹ ਧੰਨ ਹਨ ਜੋ ਇਸ ਮਾਰਗ ਨੂੰ ਪਾ ਲੈਂਦੇ ਹਨ। ਉਹ ਧੰਨ ਹਨ ਜੋ ਉਸੇ ਮੁਜਬ ਅਮਲ ਕਰਦੇ ਹਨ।

## ਸਤਵੀਂ ਇਸ਼ਰਾਕ

ਸ਼ਾਨਦਾਰ ਕਲਮ ਹਰੇਕ ਨੂੰ ਬੱਚਿਆਂ ਦੀ ਸਿਖਿਆ ਤੇ ਵਿਦਿਆ ਦੇਣ ਦੀ ਬਾਬਤ ਸਲਾਹ ਦੇਂਦੀ ਹੈ। ਦੇਖੋ ਜੋ ਰੱਬ ਦੀ ਰਜ਼ਾ ਨੇ ਸਾਡੇ ਇਸ ਜੇਲ੍ਹ ਘਰ ਦੇ ਸ਼ਹਿਰ ਵਿਚ ਆਉਣ ਤੇ ਜ਼ਾਹਿਰ ਕੀਤਾ ਤੇ ਜਿਸਦਾ ਜ਼ਿਕਰ ਕਿਤਾਬੇ ਅਕਦਸ ਵਿਚ ਦਰਜ਼ ਹੈ। ਜੋ ਮਨੁੱਖ ਭੀ ਉਸ ਗੱਲ ਨੂੰ ਛੱਡ ਦਿੰਦਾ ਹੈ ਜੋ ਕਿਤਾਬ ਉਸ ਨੂੰ ਕਰਨ ਦਾ ਹੁਕਮ ਦੇਂਦੀ ਹੈ। ਤਾਂ ਨਿਆਸੀਆਂ Trusters, ਨੂੰ ਚਾਹੀਦਾ ਹੈ ਕਿ ਉਸ ਤੋਂ ਐਨਾ ਕੁ ਧਨ ਲੈ ਲੈਣ ਜਿਨ੍ਹਾਂ ਕਿ ਉਨ੍ਹਾਂ ਦੀ ਸਿਖਿਆ ਵਾਸਤੇ ਲੋੜੀਂਦਾ ਹੋਵੇ—ਜੇ ਉਹ ਧਨੀ ਹੋਵੇ ਤਾਂ, ਨਹੀਂ ਤਾਂ ਮਾਮਲਾ ਨਿਆਏ ਘਰ ਦੇ ਜ਼ਿੰਮੇ ਹੋ ਜਾਂਦਾ ਹੈ। ਅਸੀਂ ਇਸ ਨੂੰ (ਨਿਆਏ ਘਰ) ਨੂੰ ਸੱਚੀ ਮੁੱਚੀ ਗਰੀਬਾਂ ਤੇ ਲੋੜਵੰਦਾਂ ਦੀ ਪਨਾਹ ਬਣਾਇਆ ਹੈ। ਜੋ ਅਪਣੇ ਲੜਕੇ ਨੂੰ ਜਾਂ ਦੂਸਰੇ ਆਦਮੀ ਦੇ ਲੜਕੇ ਨੂੰ ਪਾਲਦਾ ਹੈ ਉਹ ਜਾਣੋ ਮੇਰੇ ਲੜਕੇ ਨੂੰ ਪਾਲਦਾ ਹੈ; ਉਸ ਤੇ ਮੇਰੀ ਮਹਿਮਾਂ, ਮੇਰੀ ਪਿਆਰ ਭਰੀ ਦਿਆ, ਤੇ ਮੇਰਾ ਤਰਸ ਜਿਸ ਨੇ ਸਾਰੀ ਦੁਨੀਆਂ ਵਲੀ ਹੋਈ ਹੈ, ਪੈਂਦੇ ਹਨ।

## ਅੱਠਵੀਂ ਇਸ਼ਰਾਕ

ਇਹ ਹਿੱਸਾ, ਜੋ ਹੁਣ ਸ਼ਾਨਦਾਰ ਕਲਮ ਨੇ ਲਿਖਿਆ ਹੈ ਸਭ ਤੋਂ ਪਾਕ ਕਿਤਾਬ (ਕਿਤਾਬੇ ਅਕਦਸ਼) ਦਾ ਹਿੱਸਾ ਸਮਝਿਆ ਜਾਂਦਾ ਹੈ ਰੱਬੀ ਨਿਆਏ ਘਰ ਦੇ ਮੈਂਬਰ ਲੋਕਾਂ ਦੇ ਮਾਮਲੇ ਨਜਿੱਠਣ ਦੇ ਜੁੰਮੇਦਾਰ ਹਨ। ਉਹ ਵਾਸਤਵ ਵਿਚ ਰੱਬ ਦੇ ਸੇਵਾਦਾਰਾਂ ਚੋਂ ਉਸਦੇ ਨਿਆਸੀ ਹਨ। ਤੇ ਵੱਖ ਵੱਖ ਮੁਲਕਾਂ ਵਿਚ ਉਸ ਦੇ ਅਧਿਕਾਰ ਦਾ ਸਵੇਰਾ ਹਨ।

ਹੇ ਰੱਬ ਦੇ ਬੰਦਿਓ ! ਜੋ ਚੀਜ਼ ਦੁਨੀਆਂ ਵਿਚ ਲੋੜੀਂਦਾ ਸਮਰੱਥ ਪੈਦਾ ਕਰਦੀ ਹੈ ਉਹ ਹੈ ਨਿਆਏ ਕਿਉਂ ਜੋ ਇਹ ਦੋ ਪੈਰਾਂ ਤੇ ਖੜਾ ਹੈ ਸਜ਼ਾ ਤੇ ਇਨਾਮ ਇਹ ਦੋ ਪੈਰ ਦੁਨੀਆਂ ਦੇ ਜੀਵਨ ਦਾ ਮੁੱਢ ਹਨ। ਕਿਉਂ ਜੋ ਰੋਜ਼ ਨਵੀਂ ਸਮੱਸਿਆ ਪੈਦਾ ਹੁੰਦੀ ਹੈ ਤੇ ਹਰੇਕ ਸਮੱਸਿਆ ਦਾ ਕੋਈ ਢੁਕਵਾਂ ਬਣਦਾ ਉਪਾ ਹੁੰਦਾ ਹੈ ਇਸ ਕਰਕੇ ਅਜਿਹੇ ਮਾਮਲੇ ਨਿਆਏ ਘਰ ਨੂੰ ਸੌਂਪਣੇ ਚਾਹੀਦੇ ਹਨ। ਤਾਂ ਜੋ ਇਸਦੇ ਮੈਂਬਰ ਵੇਲੇ ਦੀ ਲੋੜ ਅਨੁਸਾਰ ਕੰਮ ਕਰਨ। ਉਹ ਜੋ ਰੱਬ ਦੇ ਵਾਸਤੇ ਉਸਦੇ ਪੱਖ ਦਾ ਕੰਮ ਕਰਦੇ ਹਨ ਉਹ ਰੱਬੀ ਪ੍ਰੇਰਨਾਂ ਦੇ ਪਾਤਰ ਹੋਣਗੇ। ਸਭ ਵਾਸਤੇ ਉਨ੍ਹਾਂ ਦਾ ਹੁਕਮ ਮੰਨਣਾ ਜ਼ਰੂਰੀ ਹੈ। ਸਾਰੇ ਰਾਜਸੀ ਮਾਮਲੇ ਨਿਆਏਘਰ ਨੂੰ ਸੌਂਪਣੇ ਚਾਹੀਦੇ ਹਨ। ਪਰੰਤੂ ਪੂਜਾ ਦੇ ਨੇਮਾਂ ਦੀ ਪਾਲਣਾਂ ਉਵੇਂ ਹੋਣੀ ਚਾਹੀਦੀ ਹੈ ਜਿਵੇਂ ਰੱਬ ਨੇ ਅਪਣੀ ਕਿਤਾਬਾਂ ਵਿਚ ਜ਼ਾਹਰ ਕੀਤਾ ਹੈ।

"ਹੇ ਬਹਾ ਦੇ ਲੋਕੋ ! ਤੁਸੀਂ ਰੱਬ ਦੇ ਪਿਆਰ ਦਾ ਅਮ੍ਰਿਤ ਵੇਲਾ ਹੋ ਤੇ ਉਸਦੇ ਪਿਆਰ ਭਰੀ ਮਿਹਰ ਦਾ ਸਵੇਰਾ। ਆਪਣੀ ਜ਼ਬਾਨਾਂ ਨੂੰ ਕਿਸੇ ਤੇ ਫਿਟਕਾਰ ਪਾਕੇ ਜਾਂ ਗਾਲ੍ਹ ਕੱਢਕੇ ਗੰਦੀਆਂ ਨਾ ਕਰੋ ਤੇ ਆਪਣੀ ਅੱਖਾਂ ਨੂੰ ਮਾੜੀ ਨਜ਼ਰ ਨਾਲ ਤੱਕਣ ਤੋਂ ਬਚਾਓ। ਜੋ ਤੁਹਾਡੇ ਮਨ ਵਿਚ ਹੈ ਬਿਆਨ ਕਰੋ। ਜੇ ਇਹ ਸਵੀਕਾਰ ਹੋਵੇ ਤਾ ਤੁਹਾਡਾ ਮਨੋਰਥ ਪੂਰਾ ਹੋ ਗਿਆ। ਜੇ ਨਹੀਂ ਤਾਂ ਰੋਸ਼ ਪ੍ਰਗਟ ਕਰਨਾ ਵਿਅਰਥ ਹੈ। ਉਸ ਬੰਦੇ ਨੂੰ ਅਪਣੀ ਮਰਜ਼ੀ ਤੇ ਛੱਡੋ ਤੇ ਮਾਲਕ ਵਲ ਪਰਤੋ ਜੋ ਰੱਖਿਆ ਕਰਦਾ ਹੈ ਤੇ ਸਵੈ-ਭੂ ਹੈ। ਸ਼ੱਕ ਮਈ ਨਾ ਹੋਵੇ ਤੇ ਨਾਂ ਹੀ ਫੁੱਟ ਤੇ ਵਿਰੋਧ ਦਾ ਕਾਰਨ ਬਣੋ। ਆਸ ਕੀਤੀ ਜਾਂਦੀ ਹੈ ਕਿ ਤੁਸੀਂ ਸਾਰੀ ਵਿਦਿਆ ਉਸ ਮਾਲਕ ਦੀ ਪਿਆਰ ਭਰੀ ਦਿਆ ਦੇ ਬਿਰਛ ਦੀ ਪਨਾਹ ਹੇਠ ਪ੍ਰਾਪਤ ਕਰੋਗੇ ਤੇ ਰੱਬ ਦੀ ਰਜ਼ਾ ਅਨੁਸਾਰ ਅਮਲ ਕਰੋਗੇ। ਤੁਸੀਂ ਸਾਰੇ ਇਕ ਬਿਰਛ ਦੇ ਪੱਤੇ ਹੋ ਤੇ ਇਕੋ ਸਾਗਰ ਦੇ ਪਾਣੀ ਦੀਆਂ ਬੂੰਦਾਂ ਹੋ।



## ਨੌਵੀਂ ਇਸ਼ਰਾਕ

ਜਿਹਾ ਕਿ ਰੱਬ ਦੀ ਪਾਕ ਰਜ਼ਾ ਦੇ ਆਕਾਸ਼ ਤੋਂ ਪ੍ਰਗਟ ਹੋਇਆ ਹੈ। ਉਸ ਅਨੁਸਾਰ ਮਜ਼ਹਬ ਦਾ ਮਨੋਰਥ ਸਾਰੀ ਦੁਨੀਆਂ ਦੇ ਲੋਕਾਂ ਵਿਚ ਏਕਤਾ ਤੇ ਮੇਲ ਮਿਲਾਪ ਕਾਇਮ ਕਰਨਾ ਹੈ, ਮਜ਼ਹਬ ਨੂੰ ਵਖੇਵੇ ਤੇ ਵਿਰੋਧ ਦਾ ਸਬੱਬ ਨਾ ਬਣਾਓ। ਰੱਬੀ ਧਰਮ ਤੇ ਉਸਦੇ ਰੱਬੀ ਨੇਮ ਮਨੁੱਖ ਜਾਤੀ ਵਿਚ ਏਕਤਾ ਦਾ ਚਾਨਣ ਪੈਦਾ ਕਰਨ ਵਾਸਤੇ ਸਭ ਤੋਂ ਜ਼ਬਰਦਸਤ ਹਥਿਆਰ ਤੇ ਪੱਕੇ ਸਾਧਨ ਹਨ। ਦੁਨੀਆਂ ਦੀ ਉੱਨਤੀ, ਕੌਮਾਂ ਦੀ ਪ੍ਰਫੁਲਣ, ਜਨਤਾ ਵਿਚ ਅਮਨ-ਅਮਾਨ, ਤੇ ਸਭ ਧਰਤੀ ਦੇ ਵਸਨੀਕਾਂ ਦੀ ਸ਼ਾਨਤੀ—ਇਹ ਸਭ ਰੱਬ ਦੇ ਨੇਮਾਂ ਤੇ ਕਾਨੂੰਨ ਦੇ ਹੇਠ ਹਨ। ਧਰਮ ਮਨੁੱਖ ਨੂੰ ਸਭ ਤੋਂ ਵੱਡ-ਮੁੱਲੀ ਸੁਗਾਤ ਦੇਂਦਾ ਹੈ। ਇਹ ਉਸ ਨੂੰ ਖੁਸ਼ਹਾਲੀ ਦਾ ਪਿਆਲਾ ਪੇਸ਼ ਕਰਦਾ ਹੈ, ਉਸ ਨੂੰ ਸਦੀਵੀ ਜੀਵਨ ਬਖਸ਼ਦਾ ਹੈ ਤੇ ਮਨੁੱਖ ਜਾਤੀ ਤੇ ਅਵਿਨਾਸ਼ੀ ਲਾਭਾਂ ਦੀ ਵਰਖਾ ਕਰਦਾ ਹੈ। ਦੁਨੀਆਂ ਦੇ ਰਾਜੇ ਤੇ ਹੁਕਮਰਾਨਾ ਵਾਸਤੇ ਤੇ ਖਾਸ ਕਰਕੇ ਨਿਆਏ ਘਰ ਦੇ ਨਿਆਸੀਆਂ ਵਾਸਤੇ ਉਚਿਤ ਹੈ ਕਿ ਇਸ ਦੇ ਹਿਤਾਂ ਵਿਚ ਸਹਾਈ ਹੋਣ ਤੇ ਇਸ ਦੇ ਸਥਾਨ ਨੂੰ ਦੁਨੀਆਂ ਦੀਆਂ ਨਜ਼ਰਾਂ ਵਿਚ ਉੱਚਾ ਕਰਨ ਵਾਸਤੇ ਆਪਣੀ ਪੂਰੀ ਵਾਹ ਲਾਉਣ। ਇਸੇ ਤਰ੍ਹਾਂ ਉਨ੍ਹਾਂ ਵਾਸਤੇ ਜ਼ਰੂਰੀ ਹੈ ਕਿ ਆਪਣੀ ਜਨਤਾ ਦੀ ਹਾਲਤ ਬਾਰੇ ਪੁਛ ਪੜਤਾਲ ਕਰਨ ਤੇ ਭਿੰਨ ਭਿੰਨ ਫਿਰਕਿਆਂ ਦੇ ਮਾਮਲੇ ਤੇ ਕਾਰਵਾਈਆਂ ਤੋਂ ਆਪਣੇ ਆਪ ਨੂੰ ਜਾਣੂ ਰੱਖਣ। ਅਸੀਂ ਧਰਤੀ ਦੇ ਰਾਜਿਆਂ ਤੇ ਮਹਾਰਾਜਿਆਂ ਨੂੰ ਸੱਦਾ ਦੇਂਦੇ ਹਾਂ— ਜੋ ਰੱਬ ਦੀ ਸ਼ਕਤੀ ਦੇ ਜ਼ਹੂਰ ਹਨ, ਕਿ ਉਹ ਉੱਦਮ ਕਰਨ ਤੇ ਅਪਣਾ ਪੂਰਾ ਜ਼ੋਰ ਲਾਣ —ਖਵਰੇ ਉਹ ਦੁਨੀਆਂ ਤੋਂ ਫੁਟ ਦੂਰ ਕਰਨ ਵਿਚ ਸਫਲ ਹੋ ਜਾਣ, ਤੇ ਇਸ ਨੂੰ ਮੇਲ ਮਿਲਾਪ ਦੇ ਚਾਨਣ ਨਾਲ ਜਗਮਗਾ ਦੇਣ।

68) **ਹਿਕਮਤ ਦੇ ਪੱਤਰ ਵਿਚੋਂ :—**

ਹੇ ਦੁਨੀਆਂ ਦੇ ਲੋਕੋ ! ਬੁਰਾਈ ਛੱਡ ਦਿਓ ਤੇ ਅਛਾਈ ਨੂੰ

ਹੱਥੋਂ ਨਾਂ ਛੱਡੋ। ਜਤਨ ਕਰੋ ਕਿ ਤੁਸੀਂ ਸਾਰੀ ਲੋਕਾਈ ਵਾਸਤੇ ਇਕ ਉਘੀ ਮਿਸਾਲ ਬਣੋ ਤੇ ਬੰਦਿਆਂ ਵਿਚ ਰੱਬ ਦੇ ਗੁਣਾਂ ਦੀ ਖਰੀ ਚਿਤਾਉਣੀ। ਜੋ ਮੇਰੇ ਪੱਖ ਦੀ ਸੇਵਾ ਕਰਨ ਵਾਸਤੇ ਤਿਆਰ ਹੁੰਦਾ ਹੈ ਉਸਨੂੰ ਚਾਹੀਦਾ ਹੈ ਕਿ ਮੇਰੀ ਅਕਲ ਦਾ ਪ੍ਰਕਾਸ਼ ਕਰੇ ਤੇ ਹਰ ਜਤਨ ਕਰੇ ਅਗਿਆਨ ਨੂੰ ਧਰਤੀ ਤੋਂ ਦੂਰ ਕਰਨ ਦਾ। ਸਲਾਹ ਮਸ਼ਵਰੇ ਵਿਚ ਏਕਾ ਰੱਖੋ ਤੇ ਸੋਚ ਵਿਚਾਰ ਵਿਚ ਇਕ ਹੋ ਜਾਓ। ਹਰ ਸਵੇਰ ਉਸ ਦੀ ਪੂਰਬ ਸੰਧਿਆ ਤੋਂ ਚੰਗੇਰੀ ਹੋਵੇ ਤੇ ਹਰ ਭਲਕ ਬੀਤੀ ਕਲ੍ਹ ਤੋਂ ਵੱਧ ਸ਼ਾਨਦਾਰ ਹੋਵੇ। ਮਨੁੱਖ ਦੀ ਖੂਬੀ ਉਸਦੇ ਕੰਮ ਤੇ ਗੁਣਾਂ ਕਰਕੇ ਹੁੰਦੀ ਹੈ। ਧਨ ਦੌਲਤ ਦੇ ਨਿਰੇ ਦਿਖਾਵੇ ਨਾਲ ਨਹੀਂ ਹੁੰਦੀ। ਸਾਵਧਾਨ ਰਹੋ ਤੇ ਆਪਣੇ ਸ਼ਬਦਾਂ ਨੂੰ ਨਕੰਮੇ ਖਿਆਲਾਂ ਤੇ ਮਾਇਕ ਤ੍ਰਿਸ਼ਨਾਂ ਤੋਂ ਪਾਕ ਰੱਖੋ ਤੇ ਤੁਹਾਡੇ ਅਮਲ ਕਪਟ ਤੇ ਭਰਮ ਤੋਂ ਨਿਰਲੇਪ ਹੋਣ। ਆਪਣੀ ਕੀਮਤੀ ਜਾਨਾਂ ਦੀ ਦੌਲਤ ਮੰਦੇ ਤੇ ਖੋਟੇ ਪਿਆਰ ਪਿਛੇ ਪੈ ਕੇ ਨਾ ਗਵਾਓ ਤੇ ਨਾਂ ਹੀ ਆਪਣੀ ਘਾਲ ਅਪਣੇ ਜਾਤੀ ਹਿਤਾਂ ਦੀ ਪੂਰਤੀ ਵਿਚ ਗਵਾਓ। ਖੁਸ਼ਹਾਲੀ ਦੇ ਦਿਨਾਂ 'ਚ ਖੁੱਲਾਂ ਹੱਥ ਰੱਖੋ ਤੇ ਘਾਟੇ ਦੇ ਸਮੇ ਵਿਚ ਸਬਰ ਕਰੋ। ਬਿਪਤਾ ਮਗਰੋਂ ਸਫਲਤਾ ਹੁੰਦੀ ਹੈ ਤੇ ਦੁਖ ਮਗਰੋ ਖੁਸ਼ੀ। ਸੁਸਤੀ ਤੇ ਆਲਸ ਤੋਂ ਬਚੋ ਤੇ ਜੋ ਗਲ ਮਨੁੱਖ ਜਾਤੀ ਜਵਾਨ, ਬੁੱਢਾ, ਅਮੀਰ, ਗਰੀਬ ਨੂੰ ਲਾਭਦਾਇਕ ਹੋਵੇ ਉਸ ਨੂੰ ਨਾਂ ਛੱਡੋ। ਖਬਰਦਾਰ! ਕਿਤੇ ਤੁਸੀਂ ਮਨੁੱਖਾਂ ਵਿਚ ਫੁਟ ਦਾ ਬੀ ਬੀਜੋ ਜਾਂ ਸਾਫ ਤੇ ਉੱਜਲ ਦਿਲਾਂ ਵਿਚ ਭਰਮ ਦੇ ਕੰਡੇ ਚੁਭਾ ਦੇਵੋ।

ਹੇ ਮਾਲਕ ਦੇ ਪਿਆਰਿਓ! ਉਹ ਕੰਮ ਨਾਂ ਕਰੋ ਜੋ ਪਿਆਰ ਦੇ ਨਿਰਮਲ ਜਲ ਦੀ ਨਦੀ ਦਾ ਪਾਣੀ ਗੰਦਾ ਕਰ ਦੇਵੇ। ਜਾਂ ਮਿਤ੍ਰਤਾ ਦੀ ਮਿੱਠੀ ਸੁਗੰਧੀ ਨੂੰ ਨਾਸ਼ ਕਰ ਦੇਵੇ। ਰੱਬ ਦੀ ਸਚਾਈ ਦੀ ਸਹੁੰ! ਤੁਸੀਂ ਇਕ ਦੂਜੇ ਨਾਲ ਪਿਆਰ ਕਰਨ ਵਾਸਤੇ ਪੈਦਾ ਕੀਤੇ ਗਏ ਸੀ ਅਵੈਰ ਤੇ ਵੈਰ-ਭਾਂਵ ਵਾਸਤੇ ਨਹੀਂ। ਸਵੈ-ਪ੍ਰੇਮ ਦਾ ਮਾਨ ਨਾ ਕਰੋ ਸਗੋਂ ਆਪਣੇ ਸਾਥੀਆਂ ਨਾਲ ਪਿਆਰ ਕਰਨ ਵਿਚ ਮਾਣ ਸਮਝੋ। ਦੇਸ਼-ਪਿਆਰ ਦਾ ਮਾਨ ਨਾਂ ਕਰੋ: ਸਾਰੀ ਮਨੁੱਖ



ਜਾਤੀ ਨਾਲ ਪਿਆਰ ਕਰਨ ਦਾ ਮਾਣ ਮਾਣੋ। ਤੁਹਾਡੀ ਅੱਖ ਸਾਫ ਹੋਣੀ ਚਾਹੀਦੀ ਹੈ। ਤੁਹਾਡਾ ਹੱਥ ਭਰੋਸੇ ਯੋਗ, ਤੁਹਾਡੀ ਜ਼ਬਾਨ ਸੱਚੀ ਤੇ ਤੁਹਾਡਾ ਮਨ ਪ੍ਰਕਾਸ਼ਮਾਨ ਹੋਣਾ ਚਾਹੀਦਾ ਹੈ। ਬਹਾਈ ਮਤ ਦੇ ਵਿਦਵਾਨਾਂ ਦੀ ਪਦਵੀ ਦਾ ਅਪਮਾਨ ਨਾ ਕਰੋ ਤੇ ਅਜਿਹੇ ਹੁਕਮਰਾਨਾ ਦੇ ਦਰਜੇ ਦੀ ਨਿੰਦਿਆ ਨਾ ਕਰੋ ਜੋ ਤੁਹਾਡੇ ਵਾਸਤੇ ਨਿਆਏ ਦਾ ਪ੍ਰਬੰਧ ਕਰਦੇ ਹਨ। ਨਿਆਏ ਦੀ ਫੌਜ ਦਾ ਆਸਰਾ ਤੱਕੋ, ਸਿਆਣਪ ਦਾ ਜੱਗ—ਬਖਤਰ ਪਹਿਨੋ, ਮਾਫੀ ਤੇ ਦਿਆ ਤੁਹਾਡਾ ਸ਼ਿੰਗਾਰ ਹੋਵੇ ਜੋ ਰੱਬ ਦੇ ਨਿਵਾਜ਼ੇ ਹੋਇਆਂ ਦੇ ਦਿਲਾਂ ਨੂੰ ਖੁਸ਼ੀ ਦਿੰਦਾ ਹੈ।

## ਅਸਲੇ ਕੁਲ-ਲੁਲ-ਖੇਰ ਦੇ ਸ਼ਬਦਾ ਵਿਚੋਂ

69) ਰੱਬ ਦੇ ਨਾਂ ਤੇ ਜੋ ਉੱਚੇ ਤੋਂ ਉੱਚਾ ਹੈ। ਸਾਰੀ ਅਛਾਈ ਦਾ ਮੁੱਢ ਰੱਬ'ਚ ਵਿਸ਼ਵਾਸ਼ ਕਰਨਾ ਹੈ ਤੇ ਉਸ ਦੇ ਹੁਕਮ ਦੀ ਤਾਬੇਦਾਰੀ ਕਰਨਾ ਤੇ ਉਸਦੀ ਰਜਾ ਤੇ ਖੁਸ਼ੀ ਤੇ ਸੰਤੋਖ ਰਖਣਾ। ਸਮਝ ਦਾ ਮੁੱਲ ਹੈ ਰੱਬ ਦਾ ਡਰ, ਉਸਦੇ ਕਹਿਰ ਤੇ ਡੰਡ ਦਾ ਭੈ ਤੇ ਉਸਦੇ ਇਨਸਾਫ ਤੇ ਹੁਕਮ ਨੂੰ ਸਮਝਣਾ।

ਮਜੁਬ ਦਾ ਤੱਤ ਹੈ ਉਸ ਗੱਲ ਦਾ ਸਾਖੀ ਹੋਣਾ ਜੋ ਮਾਲਕ ਨੇ ਇਲਹਾਮ ਰਾਹੀਂ ਪ੍ਰਗਟ ਕੀਤੀ ਤੇ ਉਸਦੇ ਅਮਲ ਕਰਨਾ ਜੋ ਮਹਾਨ ਕਿਤਾਬ ਵਿਚ ਹੁਕਮ ਦਿੱਤਾ ਗਿਆ ਹੈ।

ਪਰਮ ਆਨੰਦ ਦਾ ਸੋਮਾ ਹੈ ਮਾਲਕ ਦੇ ਦਿੱਤੇ ਨੂੰ ਕਬੂਲ ਕਰਨਾ ਤੇ ਰੱਬੀ ਹੁਕਮ ਤੇ ਸੰਤੋਖ।

ਪਿਆਰ ਦੀ ਸਾਰ ਓਹ ਜਾਣੇ ਜਿਹੜਾ ਅਪਣਾ ਮਨ ਪਿਆਰੇ ਵਲ ਮੋੜ ਲਵੇ ਤੇ ਸਵਾਏ ਪਿਆਰੇ ਤੋਂ ਸਭ ਨਾਲੋਂ ਤੋੜ ਲਵੇ ਤੇ ਛੁੱਟ ਉਸ ਗੱਲ ਦੇ ਜੋ ਉਸ ਦੇ ਮਾਲਕ ਨੂੰ ਭਾਵੇਂ ਹੋਰ ਕੋਈ ਗੱਲ ਨਾ ਚਾਹੇ।

ਸੱਚੀ ਅਰਾਧਨਾ ਹੈ ਰੱਬ ਦਾ ਨਾਂ ਲੈਣਾ, ਜਿਸ ਦੀ ਸਭ ਵਡਿਆਈ ਹੈ ਤੇ ਹੋਰ ਸਭ ਕਾਸੇ ਨੂੰ ਭੁੱਲਾ ਦੇਣਾ। ਨੌਕਰ ਦਾ ਸਹੀ ਆਸਰਾ ਹੈ ਕਿ ਅਪਣੇ ਕੰਮ ਧੰਦੇ 'ਚ ਲੱਗਾ ਰਹੇ। ਰੱਬ ਦਾ

ਲੜ ਘੁੱਟ ਕੇ ਫੜੀ ਰੱਖੋ, ਸਵਾਏ ਉਸਦੀ ਰਹਿਮਤ ਦੇ ਹੋਰ ਕੁਝ ਨਾ ਮੰਗੋ। ਕਿਉਂ ਜੋ ਉਸਦੇ ਹੱਥਾਂ 'ਚ ਸਭ ਦੀ ਕਿਸਮਤ ਹੈ।.

ਮਨੁੱਖ ਵਾਸਤੇ, ਨਿਰਲੇਪਤਾ ਦਾ ਮੂਲ ਹੈ, ਕਿ ਮਾਲਕ ਦੇ ਦਰਬਾਰ ਵਲ ਮੂੰਹ ਕਰੇ ਤੇ ਉਸ ਦੇ ਹਜ਼ੂਰ ਹਾਜ਼ਰ ਹੋਵੇ, ਉਸ ਦੇ ਮੁਖੜੇ ਦਾ ਦੀਦਾਰ ਕਰੇ ਤੇ ਉਸਦੇ ਅੱਗੇ ਹਾਮੀ ਭਰੇ।

ਸਮਝ ਦਾਂ ਸਤ ਹੈ ਕਿ ਅਪਣੀ ਗਰੀਬੀ ਜ਼ਾਹਰ ਕਰੇ ਤੇ ਮਾਲਕ ਦੀ ਮਰਜ਼ੀ ਮੰਨੇ ਜੋ ਸਭ ਦਾ ਸਿਰਤਾਜ਼ ਸਰਵ ਸ਼ਕਤੀਮਾਨ ਤੇ ਦਿਆਲੂ ਹੈ।

ਹੌਂਸਲੇ ਤੇ ਤਾਕਤ ਦਾ ਸੋਮਾ ਹੈ। ਰੱਬ ਦੇ ਸ਼ਬਦ ਨੂੰ ਉਚਿਆਉਣਾ ਤੇ ਉਸਦੇ ਪਿਆਰ ਵਿਚ ਦ੍ਰਿੜ ਰਹਿਣਾ।

ਸੇਵਕ ਵਾਸਤੇ ਪਰਉਪਕਾਰ ਮੂਲ ਹੈ। ਮਾਲਕ ਦੀਆਂ ਬਖਸ਼ੀਸ਼ਾਂ ਵਰਨਣ ਕਰਨਾ ਤੇ ਹਰ ਸਮੇਂ ਤੇ ਹਰ ਹਾਲਤ ਵਿਚ ਉਸਦਾ ਸ਼ੁਕਰ ਕਰਨਾ।

ਸ਼ਰਧਾ ਦਾ ਮੂਲ ਹੈ ਕਿ ਗੱਲਾਂ ਥੋੜੀਆਂ ਤੇ ਅਮਲ ਬਹੁਤੇ ਹੋਣ : ਜੋ ਗੱਲਾਂ ਬਹੁਤੀਆਂ ਕਰਦਾ ਹੈ ਤੇ ਅਮਲ ਘੱਟ ਉਸ ਨੂੰ ਜਾਣ ਲੈਣਾ ਚਾਹੀਦਾ ਹੈ ਕਿ ਉਹ ਜਿਉਂਦੇ ਨਾਲੋਂ ਮਰਿਆ ਚੰਗਾ।

ਸਹੀ ਬਚਾਓ ਦਾ ਮੂਲ ਹੈ, ਚੁੱਪ ਰਹਿਣਾ। ਹਰ ਸ਼ੈ ਦੇ ਅੰਤ ਵਲ ਧਿਆਨ ਕਰਨਾ ਤੇ ਵੈਰਾਗ ਧਾਰਨ ਕਰਨਾ।

ਖੁੱਲ ਦਿਲੀ ਦੀ ਸ਼ੁਰੂਆਤ ਉਦੋਂ ਹੁੰਦੀ ਹੈ ਜਦੋਂ ਮਨੁੱਖ ਅਪਨਾ ਧਨ ਆਪਣੇ ਆਪ ਤੇ, ਆਪਣੇ ਟੱਬਰ ਤੇ ਤੇ ਆਪਣੇ ਧਰਮ ਭਾਈਆਂ ਤੇ ਖਰਚਦਾ ਹੈ।

ਮੇਰਾ ਪਿਆਰ ਧਨ ਦਾ ਮੂਲ ਹੈ, ਜੋ ਮਨੁੱਖ ਮੈਨੂੰ ਪਿਆਰ ਕਰਦਾ ਹੈ, ਉਹ ਸਭ ਚੀਜ਼ਾਂ ਦਾ ਮਾਲਕ ਹੈ ਤੇ ਜੋ ਮੈਨੂੰ ਪਿਆਰ ਨਹੀਂ ਕਰਦਾ, ਵਾਸਤਵ ਵਿਚ ਗਰੀਬ ਤੇ ਲੋੜਵੰਦ ਹੈ। ਇਹ ਗਲ ਉਸ ਉੱਚੇ ਤੇ ਤੇਜ਼ ਵਾਲੀ ਉਂਗਲ ਨੇ ਜ਼ਾਹਰ ਕੀਤੀ।



ਸਾਰੀ ਬੁਰਾਈ ਦੀ ਜੜ੍ਹ ਹੈ ਮਨੁੱਖ ਦਾ ਮਾਲਕ ਤੋਂ ਬੇਮੁੱਖ ਹੋਣਾ ਤੇ ਆਪਣਾ ਮਨ ਬਦਕਾਰੀ ਵਲ ਲਗਾਉਣਾ।

ਸਭ ਤੋਂ ਵੱਧ ਸਾੜਨ ਵਾਲੀ ਅੱਗ ਰੱਬ ਦੀਆਂ ਨਸ਼ਾਨੀਆਂ ਤੇ ਸ਼ੰਕਾ ਕਰਨਾ ਹੈ, ਤੇ ਜੋ ਉਸਨੇ ਇਲਹਾਮ ਦੁਆਰਾ ਪ੍ਰਗਟ ਕੀਤਾ ਹੈ। ਉਸ ਤੇ ਖਾਮਖਾਹ ਏਤਰਾਜ ਕਰਨਾ ਤੇ ਰੱਬ ਤੋਂ ਮੁਨਕਰ ਹੋਣਾ ਤੇ ਆਪਣੀ ਆਕੜ'ਚ ਰਹਿਣਾ।

ਸਾਰੀ ਵਿਦਿਆ ਦਾ ਮੂਲ ਹੈ : ਬ੍ਰਹਮ ਗਿਆਨ-ਉਸ ਦੀ ਸ਼ਾਨ ਉੱਚੇ ਹੋਵੇ—ਤੇ ਇਹ ਗਿਆਨ ਨਹੀਂ ਪ੍ਰਾਪਤ ਹੁੰਦਾ ਸਵਾਏ ਉਸਦੇ ਜ਼ਹੂਰ (ਪੈਗੰਬਰ) ਦੇ ਦਿੱਤੇ ਗਿਆਨ ਦੇ ਬਗੈਰ।

ਗਿਰਾਵਟ ਦਾ ਮੂਲ ਹੈ ਉਸ ਵਿਆਵਾਨ ਦੀ ਓਟ ਛੱਡ ਕਿ ਸ਼ੈਤਾਨ ਦੀ ਪਨਾਹ ਲੈਣੀ।

ਗਲਤੀ ਦਾ ਮੂਲ ਹੈ ਉਸ ਸੱਚੇ ਇਕ ਪ੍ਰਭੂ ਵਿਚ ਵਿਸ਼ਵਾਸ਼ ਨਾਂ ਕਰਨਾ ਤੇ ਕਿਸੇ ਹੋਰ ਤੇ ਵਿਸਾਹ ਕਰਨਾਂ ਤੇ ਉਸਦੇ ਹੁਕਮ ਨੂੰ ਛੱਡ ਨੱਸਣਾ।

ਉਹ ਸੱਚੀ ਘਾਟੇ ਵਿਚ ਹੈ ਜਿਸ ਦਾ ਜੀਵਨ ਸਵੈ-ਅਗਿਆਨ ਵਿੱਚ ਗੁਜਰਿਆ।

ਜੋ ਕੁਝ ਅਸੀਂ ਤੈਨੂੰ ਜ਼ਾਹਰ ਕੀਤਾ ਹੈ ਉਸ ਦਾ ਮੂਲ ਹੈ ਨਿਆਏ ਤੇ ਆਪਣੇ ਆਪ ਨੂੰ ਬੇਕਾਰ ਵਹਿਮ ਦੇ ਰੀਸ ਤੋਂ ਆਜ਼ਾਦ ਰੱਖਣਾ ਤੇ ਉਸ ਦੀ ਸ਼ਾਨਦਾਰ ਦਸਤਕਾਰੀ ਨੂੰ ਏਕਤਾ ਦੀ ਨਜ਼ਰ ਨਾਲ ਵੇਖਣਾ ਤੇ ਸਭ ਚੀਜ਼ਾਂ ਨੂੰ ਖੋਜ ਕਰਨ ਵਾਲੀ ਅੱਖ ਨਾਲ ਵੇਖਣਾ।

ਇਸ ਪ੍ਰਕਾਰ ਅਸੀਂ ਤੈਨੂੰ ਸਿਖਿਆ ਦਿੱਤੀ ਹੈ ਤੇ ਰੱਬੀ ਗਿਆਨ ਦੇ ਸ਼ਬਦ ਤੈਨੂੰ ਪ੍ਰਗਟ ਕੀਤੇ ਹਨ ਤਾਂ ਜੋ ਤੂੰ ਆਪਣੇ ਮਾਲਕ ਰੱਬ ਦਾ ਧਨਵਾਦੀ ਹੋਵੇ। ਤੇ ਮਨੁੱਖ ਜਾਤੀ ਵਿਚ ਵਡਿਆਈ ਪਾਵੇ।

## 70. ਮਕਸਦ ਨੂੰ ਲਿਖੇ ਪੱਤਰ ਵਿਚੋਂ

ਕੋਈ ਭੀ ਸਿਆਣਾ ਮਨੁੱਖ ਆਪਣਾ ਗਿਆਨ ਸ਼ਬਦਾਂ ਬਗੈਰ ਨਿਰੂਪਣ ਨਹੀਂ ਕਰ ਸਕਦਾ। ਇਹ ਗੱਲ ਸ਼ਬਦ ਦੀ ਮਹੱਤਤਾ ਜ਼ਾਹਰ ਕਰਦੀ ਹੈ। ਜਿਵੇਂ ਕਿ ਪਹਿਲੀ ਤੇ ਨਵੀਂ ਧਾਰਮਕ ਪੁਸਤਕਾਂ ਵਿਚ ਦਾਅਵੇ ਨਾਲ ਕਹੀ ਗਈ ਹੈ।

ਇਸ ਦੀ ਸ਼ਕਤੀ ਤੇ ਜਾਨ ਪਾਉਣ ਵਾਲੀ ਰੂਹ ਕਾਰਨ ਹੀ ਦੁਨੀਆ ਦੇ ਲੋਕਾਂ ਨੇ ਐਡਾ ਉੱਚਾ ਅਸਥਾਨ ਪਾਇਆ ਹੈ। ਨਾਲ ਸ਼ਬਦ ਤੇ ਉਚਾਰਨ ਦੋਨੋਂ ਪ੍ਰਭਾਵਸ਼ਾਲੀ ਤੇ ਖ਼ੁਭਵੇਂ ਹੋਣੇ ਚਾਹੀਦੇ ਹਨ। ਐਪਰ ਕੋਈ ਭੀ ਸ਼ਬਦ ਏਨ੍ਹਾਂ ਦੋਨਾਂ ਗੁਣਾ ਨਾਲ ਭਰਿਆ ਨਹੀਂ ਹੋਵੇਗਾ। ਜੇਕਰ ਇਹ ਸਮੁੱਚੇ ਤੌਰ ਤੇ ਰੱਬ ਲਈ ਨਾਂ ਬੋਲਿਆ ਜਾਵੇ ਤੇ ਮੌਕੇ ਦੀ ਲੋੜ ਤੇ ਲੋਕਾਂ ਦੇ ਬਾਰੇ ਨਾਂ ਹੋਵੇ।

ਪਰਮ ਪੁਰਖ ਨੇ ਕਿਹਾ ਹੈ : ਮਨੁੱਖ ਵਾਚ ਸ਼ਕਤੀ ਇਕ ਐਸੀ ਅਧਿਆਤਮਿਕ ਹੋਂਦ ਹੈ ਜੋ ਆਪਣਾ ਅਸਰ ਪਾਉਣ ਦੀ ਅਭਿਲਾਖੀ ਹੈ। ਪਰ ਇਸਨੂੰ ਸੰਜਮ ਦੀ ਲੋੜ ਹੈ। ਅਸਰ ਬਾਰੇ ਇਹ ਗੱਲ ਹੈ ਕਿ ਇਹ ਕੋਮਲਤਾ ਤੇ ਨਿਰਭਰ ਕਰਦਾ ਹੈ ਤੇ ਕੋਮਲਤਾ ਆਧਾਰਿਤ ਹੈ ਮਨਾਂ ਤੇ ਜੋ ਅਟਕ ਤੇ ਪਵਿੱਤਰ ਹੋਣ। ਸੰਜਮ ਬਾਰੇ ਇਹ ਹੈ ਕਿ ਸੰਜਮ ਸੁਚੱਜੇ ਤੇ ਸੂਝ ਨਾਲ ਜਿਹੇ ਕਿ ਧਰਮ ਪੁਸਤਕਾਂ ਤੇ ਪੱਟੀਆਂ ਵਿਚ ਆਗਿਆ ਕੀਤੀ ਗਈ ਹੈ, ਵਰਤਿਆ ਜਾਵੇ।

ਹਰ ਸ਼ਬਦ ਇਕ ਰੂਹ ਨਾਲ ਵਰਸਾਇਆ ਗਿਆ ਹੈ। ਇਸ ਕਰਕੇ ਹਰੇਕ ਵਕਤ ਤੇ ਵਿਆਖਿਆ ਕਰਨ ਵਾਲੇ ਨੂੰ ਭਾਸ਼ਨ ਦੇਣ ਵੇਲੇ ਅਪਣੇ ਸ਼ਬਦ-ਗਹੁ ਨਾਲ ਤੇ ਮੌਕੇ ਤੇ ਥਾਂ ਨੂੰ ਫੱਬਦੇ ਵਰਤਣੇ ਚਾਹੀਦੇ ਹਨ। ਕਿਉਂਕਿ ਜੋ ਪ੍ਰਭਾਵ ਹਰੇਕ ਸ਼ਬਦ ਪਾਉਂਦਾ ਹੈ, ਪ੍ਰਤੱਖ ਤੇ ਸਥੂਲ ਹੁੰਦਾ ਹੈ। ਪਰਮਪੁਰਖ ਨੇ ਕਿਹਾ ਹੈ : ਇਕ ਸ਼ਬਦ ਅੱਗ ਵਰਗਾ ਹੋ ਸਕਦਾ ਹੈ ਤੇ ਦੂਸਰਾ ਚਾਨਣ ਵਰਗਾ ਤੇ ਜੋ ਅਸਰ ਦੋਨੋਂ ਪਾਉਂਦੇ ਹਨ ਉਹ ਜ਼ਾਹਰ ਹੀ ਹੈ। ਇਸ ਕਰਕੇ



ਇਕ ਸਿਆਣੇ ਤੇ ਸੂਝਵਾਨ ਮਨੁੱਖ ਨੂੰ ਬੋਲਣ ਸਮੇਂ ਦੁੱਧ ਵਰਗੇ ਨਰਮ ਸ਼ਬਦ ਵਰਤਣੇ ਚਾਹੀਦੇ ਹਨ, ਤਾਂ ਜੋ ਮਨੁੱਖ ਜਾਤੀ ਦੀ ਪਾਲਨਾਂ ਤੇ ਉਧਾਰ ਹੋਵੇ। ਤੇ ਉਹ ਮਨੁੱਖੀ ਜੀਵਨ ਦਾ ਅੰਤਮ ਟੀਚਾ ਪ੍ਰਾਪਤ ਕਰ ਸਕਣ ਜੋ ਸਮਝ ਤੇ ਭਲਮਾਨਸੀ ਦਾ ਅਸਲੀ ਮੁਕਾਮ ਹੈ। ਤੇ ਇਸੇ ਤਰ੍ਹਾਂ ਪਰਮਪੁਰਖ ਨੇ ਕਿਹਾ ਹੈ : ਇਕ ਸ਼ਬਦ ਬਸੰਤ ਰੁੱਤ ਵਾਂਗ ਗਿਆਨ ਦੀ ਫੁਲਵਾੜੀ ਦੇ ਨਵੇਂ ਬੂਟਿਆਂ ਨੂੰ ਪ੍ਰਫੁੱਲਤ ਕਰਕੇ ਹਰਾ ਭਰ੍ਹਾ ਕਰ ਦੇਂਦਾ ਹੈ ਦੂਸਰਾ ਸ਼ਬਦ ਘਾਤਕ ਜ਼ਹਿਰ ਵਾਂਗ ਹੋ ਸਕਦਾ ਹੈ। ਸਿਆਣੇ ਮਨੁੱਖ ਵਾਸਤੇ ਇਹ ਉਚਿਤ ਹੈ ਕਿ ਨਰਮਾਈ ਤੇ ਧੀਰਜ਼ ਨਾਲ ਬੋਲੋ ਤਾਂ ਜੋ ਉਸਦੇ ਸ਼ਬਦਾਂ ਦੀ ਮਿਠਾਸ ਹਰੇਕ ਨੂੰ ਪ੍ਰੇਮ ਦੀ ਉਸ ਥਾਂ ਪੁਜਾ ਦੇਵੇ ਜੋ ਮਨੁੱਖ ਦੀ ਪਦਵੀ ਦੇ ਯੋਗ ਹੈ।

## 71. ਵਫਾ ਨੂੰ ਲਿਖੇ ਪੱਤਰ ਵਿਚੋਂ :

ਉਹ ਮਨੁੱਖ ਕਿੱਥੇ ਹੈ ਜੋ ਮੇਰੀ ਮਦਦ ਕਰੇ ਤੇ ਮੈਨੂੰ ਏਨਾਂ ਬੇਈਮਾਨਾਂ ਦੀ ਤਲਵਾਰਾਂ ਤੋਂ ਬਚਾਵੇ ? ਉਹ ਸੂਝ ਵਾਲਾ ਮਨੁੱਖ ਕਿੱਥੇ ਹੈ ਜੋ ਰੱਬੀ ਬਾਣੀ ਨੂੰ ਅਪਣੀ ਅੱਖਾਂ ਨਾਲ ਵੇਖੇ ਤੇ ਲੋਕਾਂ ਦੀ ਮਤ ਤੇ ਖਿਆਲਾਂ ਤੋਂ ਛੁਟਕਾਰਾ ਪਾਵੇ।

ਹੇ ਬੰਦੇ ! ਤੂੰ ਰੱਬ ਦੇ ਬੰਦਿਆਂ ਨੂੰ ਸੁਚੇਤ ਕਰ ਦੇ ਕਿ ਉਸ ਗੱਲ ਨੂੰ ਜੋ ਉਨ੍ਹਾਂ ਦੀ ਸਮਝ ਵਿਚ ਨਾ ਆਵੇ ਅਪਰਵਾਨ ਨਾਂ ਕਰਨ। ਰੱਬ ਦੀ ਮਿੰਨਤ ਕਰੋ ਕਿ ਉਹ ਤੁਹਾਡੇ ਮਨਾਂ ਅੰਦਰ ਸੱਚੀ ਸਮਝ ਦੇ ਦਰ ਖੋਲ੍ਹ ਦੇਵੇ ਤਾਂ ਜੋ ਤੁਸੀਂ ਉਸ ਗੱਲ ਦੇ ਜਾਣੂ ਹੋ ਜਾਵੇ, ਜਿਸ ਦਾ ਹੋਰ ਕੋਈ ਜਾਣੂ ਨਹੀਂ, ਉਹ ਸੱਚ ਮੁੱਚ ਦੇਣਹਾਰ ਹੈ, ਬਖਸ਼ਿੰਦ ਹੈ, ਤੇ ਦਿਆਲੂ ਹੈ।

## 72. ਸੱਯਦੇ ਮਹਿਦੀਏ ਦਹਾਜ਼ੀ ਨੂੰ ਲਿਖੇ ਪੱਤਰ ਵਿਚੋਂ :

ਪਵਿੱਤਰ ਰੂਹਾਂ ਨੂੰ ਚਾਹੀਦਾ ਹੈ ਕਿ ਆਪਣੇ ਮਨਾਂ ਵਿਚ ਸਿੱਖਿਆ ਦੇ ਢੰਗ ਬਾਰੇ ਵਿਚਾਰ ਕਰਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਅਨੋਖੀ ਤੇ ਆਕਾਸ਼ੀ ਧਰਮ ਪੁਸਤਕ ਦੀ ਬਾਣੀ ਵਿਚੋਂ ਕੁਝ ਹਿੱਸੇ

ਜੋ ਅਨੇਕ ਹਾਲਤਾਂ ਨਾਲ ਸਬੰਧਤ ਹੋਣ ਕੰਠ ਕਰ ਲੈਣ ਤਾਂ ਜੋ ਆਪਣੇ ਭਾਸ਼ਨ ਵਿਚ ਮੌਕੇ ਦੀ ਲੋੜ ਅਨੁਸਾਰ ਉਹ ਰੂਹਾਨੀ ਬਾਣੀ ਉਚਾਰਨ ਕਰ ਸਕਣ ।

ਕਿਉਂ ਜੋ ਇਹ ਰੱਬੀ ਬਾਣੀ ਦੀਆਂ ਤੁਕਾਂ ਸਭ ਤੋਂ ਬੜੀ ਅਕਸੀਰ ਤੇ ਜ਼ੋਰਦਾਰ ਤਲਿਸਮ ਹਨ । ਏਨ੍ਹਾਂ ਦਾ ਅਸਰ ਐਡਾ ਡਾਢਾ ਹੈ ਕਿ ਸਰੋਤੇ ਦੇ ਡੋਲ੍ਹਣ ਦਾ ਕਾਰਨ ਹੀ ਨਹੀਂ ਰਹਿੰਦਾ । ਮੈਂ ਆਪਣੀ ਜਾਨ ਦੀ ਸਹੁੰ ਖਾਕੇ ਕਹਿੰਦਾ ਹਾਂ ਕਿ ਇਹ ਇਲਹਾਮ ਇਤਨਾ ਸ਼ਕਤੀਸ਼ਾਲੀ ਹੈ ਕਿ ਇਹ ਧਰਤੀ ਦੀਆਂ ਸਾਰੀਆਂ ਕੌਮਾਂ ਤੇ ਬਰਾਦਰੀਆਂ ਵਾਸਤੇ ਮਕਨਾਤੀਸੀ ਖਿੱਚ ਦਾ ਕੰਮ ਕਰੇਗਾ । ਜੇ ਕੋਈ ਆਰਾਮ ਨਾਲ ਸੋਚੇ ਤਾਂ ਉਹ ਜਾਣ ਜਾਉਗਾ ਕਿ ਕੋਈ ਥਾਂ ਨਾਂ ਤਾਂ ਹੈ ਤੇ ਨਾਂ ਹੀ ਹੋ ਸਕਦੀ ਹੈ, ਜਿੱਥੇ ਉਹ ਭੱਜ ਕੇ ਚਲਾ ਜਾਵੇ ।

73. **ਹੋਰ ਪੱਟੀਆਂ ਵਿਚੋਂ :**

ਹੇ ਹੁਕਮਰਾਨ ਤੇ ਸਿਆਣਿਆਂ ਦੇ ਤੇ ਵਿਦਵਾਨਾਂ ਦੇ ਇਕੱਠ ਆਖੋ ਕਿ ਇਕਰਾਰ ਦਾ ਦਿਨ ਆ ਗਿਆ ਹੈ ਤੇ ਫੌਜਾਂ ਦਾ ਸੈਨਾਪਤੀ ਆ ਗਿਆ ਹੈ । ਬੜੇ ਆਨੰਦ ਨਾਲ ਖੁਸ਼ੀਆਂ ਮਨਾਓ । ਇਸ ਮਹਾਨ ਸੁਭਾਗ ਦੇ ਕਾਰਨ । ਸੂਝ ਤੇ ਉਚਾਰਣ ਰਾਹੀਂ ਉਸਦੇ ਸਹਾਈ ਹੋਵੇ । ਇੱਹ ਹੁਕਮ ਤੁਹਾਨੂੰ ਉਹ ਦੇਂਦਾ ਹੈ ਜਿਸਨੇ ਹਮੇਸ਼ਾ ਇਹ ਐਲਾਨ ਕੀਤਾ ਹੈ, "ਸੱਚੀ ਮੁਚੀ ਮੈਥੋਂ ਸਿਵਾ ਕੋਈ ਹੋਰ ਰੱਬ ਨਹੀਂ, ਮੈਂ ਹੀ ਜਾਣੀ ਜਾਣ ਤੇ ਸੁੱਘੜ ਸਿਆਣਾ ਹਾਂ ।"

ਉਸ ਦੀ ਮਿਹਰ ਤੇਰੇ ਤੇ ਹੋਵੇ ਤੇ ਉਨ੍ਹਾਂ ਤੇ ਹੋਵੇ ਜੋ ਤੇਰੇ ਸਾਥ ਹਨ ਤੇ ਉਨ੍ਹਾਂ ਤੇ ਭੀ ਹੋਵੇ ਜੋ ਮੇਰੇ ਹਿੱਤੀ ਹਨ ਤੇ ਤੇਰੀਆਂ ਗੱਲਾਂ ਜੋ ਤੂੰ ਇਸ ਮਹਾਨ ਤੇ ਅੰਧਰਪਾਰ ਇਲਹਾਮ ਦੀ ਵਡਿਆਈ ਬਾਬਤ ਕਰਦਾ ਹੈ । ਗਹੁ ਨਾਲ ਸੁਣਦੇ ਹਨ ।

74. ਮਨੁੱਖ ਬਿਰਛ ਵਾਂਗ ਹੈ । ਜੋ ਮਨੁੱਖ ਫਲ ਨਾਲ ਸਜਿਆ ਹੋਵੇ ਤਾਂ



ਉਹ ਪਰਸੰਸਾ ਤੇ ਸਫਾਰਸ਼ ਦੇ ਯੋਗ ਹੈ । ਨਹੀਂ ਤਾਂ ਨਿਸਫਲ ਬਿਰਛ ਬਾਲਨ ਦੇ ਕੰਮ ਦਾ ਹੈ । ਮਨੁੱਖੀ ਬਿਰਛ ਦੇ ਫਲ ਕਮਾਲ ਦੇ ਹੁੰਦੇ ਹਨ । ਤੇ ਉਨ੍ਹਾਂ ਦੀ ਬੜੀ ਮੰਗ ਹੁੰਦੀ ਹੈ । ਤੇ ਬਹੁਤ ਪਿਆਰ ਨਾਲ ਪਾਲੇ ਜਾਂਦੇ ਹਨ । ਉਨ੍ਹਾਂ ਫਲਾਂ ਵਿਚੋਂ ਹਨ, ਈਮਾਨਦਾਰ ਆਚਰਨ, ਭਲੇ ਕੰਮ ਤੇ ਮਿੱਠ ਬੋਲਨਾ । ਧਰਤੀ ਤੇ ਉਗੇ ਬ੍ਰਿਛਾਂ ਤੇ ਬਸੰਤ ਰੁਤ ਸਾਲ ਵਿਚ ਇਕ ਵਾਰ ਆਉਂਦੀ ਹੈ । ਪਰ ਮਨੁੱਖ ਰੂਪੀ ਬਿਰਛਾਂ ਤੇ ਸਾਰੀ ਉਮਰ ਬਹਾਰ ਰਹਿੰਦੀ ਹੈ, ਰੱਬ ਦੀ ਸ਼ਾਨ ਹੋਰ ਉੱਚੀ ਹੋਵੇ । ਜੇ ਮਨੁੱਖਾਂ ਦੀਆਂ ਜੀਵਨੀਆਂ ਏਸ ਆਕਾਸ਼ੀ ਬਸੰਤ ਰੱਤ ਵਿਚ ਉਪਰ ਲਿਖਤ ਫਲਾਂ ਨਾਲ ਸਜ ਜਾਣ, ਤਾਂ ਨਿਆਏ ਦੇ ਚਾਨਣ ਦੀ ਚਮਕ ਨਿਸ਼ਚੇ ਹੀ ਮਨੁੱਖ ਜਾਤੀ ਨੂੰ ਉੱਜਲ ਕਰ ਦੇਵੇਗੀ । ਤੇ ਹਰ ਮਨੁੱਖ ਉਸਦੀ ਛਤਰ ਛਾਇਆ ਹੇਠ, ਜੋ ਸਾਰੀ ਮਨੁੱਖ ਜਾਤੀ ਦਾ ਮੁੱਖ ਮੰਤਵ ਹੈ, ਅਮਨ ਅਮਾਨ ਤੇ ਸੰਤੋਖ ਨਾਲ ਰਹੇਗੀ । ਏਨ੍ਹਾਂ ਮਨੁੱਖ ਰੂਪੀ ਬਿਰਛਾਂ ਵਾਸਤੇ ਸਾਰੇ ਜਹਾਨ ਦੇ ਪਿਆਰੇ ਤੇ ਉਚਾਰੇ ਹੋਏ ਪਵਿੱਤਰ ਸ਼ਬਦਾਂ ਦਾ ਸਦਾ ਵਹਿੰਦਾ ਪਾਣੀ ਕੰਮ ਦੇਂਦਾ ਹੈ । ਇਕ ਛਿਣ ਵਿਚ ਇਹ ਬਿਰਛ ਲੰਡੇ ਹੋ ਜਾਂਦੇ ਹਨ ਤੇ ਦੂਜੇ ਛਿਣ ਵਿਚ ਰੱਬੀ ਮਿਹਰ ਦੀ ਵਰਖਾ ਦੇ ਜ਼ੋਰ ਕਾਰਨ ਇਨਾਂ ਦੀਆਂ ਟਾਹਣੀਆਂ ਅਸਮਾਨ ਨੂੰ ਜਾ ਲਗਦੀਆਂ ਹਨ । ਐਪਰ ਸੁੱਕਾ ਹੋਇਆ ਬਿਰਛ ਨਾਂ ਕਦੀ ਜ਼ਿਕਰ ਕਰਨ ਦੇ ਲਾਇਕ ਹੋਇਆ ਹੈ ਤੇ ਨਾ ਹੀ ਕਦੀ ਹੋਵੇਗਾ । ਉਹ ਸਿਦਕਵਾਨ ਮਨੁੱਖ ਸੁਭਾਗਾ ਹੈ । ਜਿਸ ਨੇ ਉੱਦਮ ਦਾ ਪੁਸ਼ਾਕ ਪਹਿਨਿਆ ਹੋਇਆ ਹੈ ਤੇ ਇਸ ਧਰਮ ਦਾ ਕੰਮ ਕਰਨ ਵਾਸਤੇ ਉੱਠ ਖੜਾ ਹੋਇਆ ਹੈ । ਅਜਿਹੇ ਬੰਦੇ ਨੇ ਅਪਣਾ ਮਨ 'ਚ ਲਿਆ ਨਿਸ਼ਾਨਾ ਪ੍ਰਾਪਤ ਕਰ ਲਿਆ ਹੈ । ਤੇ ਉਸ ਮਨੋਰਥ ਨੂੰ ਸਮਝ ਲਿਆ ਹੈ ਜਿਸ ਵਾਸਤੇ ਉਹ ਪੈਦਾ ਕੀਤਾ ਗਿਆ ਸੀ । ਪਰ ਲੱਖਾਂ ਕਰੋੜਾਂ ਵਾਰੀ ਅਫਸੋਸ ਹੈ ਕਿ ਉਨ੍ਹਾਂ ਅੜਬ ਬੰਦਿਆਂ ਤੇ ਜੋ ਜ਼ਮੀਨ ਤੇ ਡਿੱਗੇ ਪਏ ਸੁੱਕੇ ਪੱਤਿਆਂ ਵਾਂਗ ਹਨ । ਸ਼ੀਘਰ ਹੀ ਹਵਾ ਦੇ ਸਖਤ ਬੁੱਲੇ ਉਨ੍ਹਾਂ ਨੂੰ ਉਡਾ ਕਿ ਉਸ ਥਾਂ ਲੈ ਜਾਣਗੇ ਜੋ ਉਨ੍ਹਾਂ ਦੀ ਕਿਸਮਤ ਵਿਚ

ਲਿਖੀ ਹੈ। ਉਹ ਜਦੋਂ ਦੁਨੀਆ ਵਿਚ ਆਏ ਅਗਿਆਨੀ ਸਨ, ਤੇ ਅਗਿਆਨੀ ਹੀ ਰਹੇ ਤੇ ਅਪਣੇ ਟਿਕਾਣਿਆਂ ਤੇ ਅਗਿਆਨ ਵਿਚ ਹੀ ਚਲੇ ਗਏ।

ਦੁਨੀਆਂ ਲਗਾਤਾਰ ਏਨ੍ਹਾਂ ਸਬਦਾਂ ਦਾ ਐਲਾਨ ਕਰ ਰਹੀ ਹੈ, ਖਬਰਦਾਰ ਹੋ ! ਮੈਂ ਖਿਣ ਜੀਵੀ ਹਾ, ਤੇ ਮੇਰਾ ਬਾਹਰਲਾ ਰੰਗ ਰੂਪ ਵੀ ਅਸਥਾਈ ਹੈ। ਮੇਰੀ ਵਿਉਂਤ ਵਿਚ ਜੋ ਤਬਦੀਲੀਆਂ ਤੇ ਸ਼ਭਾਵਨਾਵਾਂ ਗੁੱਝੀਆਂ ਹਨ ਉਨ੍ਹਾਂ ਦਾ ਧਿਆਨ ਰੱਖੋ। ਤੇ ਆਪਣੀ ਨੀਂਦ ਤੋਂ ਜਾਗ ਉੱਠੋ। ਫਿਰ ਭੀ ਕੋਈ ਭਾਂਪਣ ਵਾਲੀ ਅੱਖ ਨਹੀਂ ਦੇਖ ਰਹੀ ਤੇ ਸੁਨਣ ਵਾਲਾ ਕੰਨ ਗਹੁ ਨਾਲ ਨਹੀਂ ਸੁਣ ਰਿਹਾ।

———